Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 164 | Friday, August 20, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਪੜ੍ਹੋ

ਓਨਟਾਰੀਓ ਨਾਲ ਚਾਈਲਡ ਕੇਅਰ ਡੀਲ ਸਿਰੇ ਚੜ੍ਹਨ ਦੀ ਟਰੂਡੋ ਨੂੰ ਪੂਰੀ ਆਸ



ਪੰਨਾ 04

ਸੁਮੇਧ ਸਿੰਘ ਸੈਣੀ 12 ਘੰਟੇ ਮੋਹਾਲੀ ਕੋਰਟ ਕੰਪਲੈਕਸ ਵਿੱਚ ਨਜ਼ਰ ਬੰਦ ਰਿਹਾ



ਪੰਨਾ 05

# ਮੁੜ ਚੁਣੇ ਜਾਣ ’ਤੇ ਕਨਵਰਜ਼ਨ ਥੈਰੇਪੀ ਬਿੱਲ ਨੂੰ ਮੁੱਖ ਤਰਜੀਹ ਬਣਾਵਾਂਗੇ : ਟਰੂਡੋ

ਵਿਕਟੋਰੀਆ, 19 ਅਗਸਤ (ਪੋਸਟ ਬਿਊਰੋ) : ਲਿਬਰਲ ਆਗੂ ਜਸਟਿਨ ਟਰੂਡੋ ਨੇ ਇਹ ਤਹੱਈਆ ਪ੍ਰਗਟਾਇਆ ਹੈ ਕਿ ਜੇ ਉਨ੍ਹਾਂ ਦੀ ਪਾਰਟੀ ਹੱਥ ਮੁੜ ਸੱਤਾ ਲੱਗਦੀ ਹੈ ਤਾਂ ਉਹ ਐਲਜੀਬੀਟੀਕਿਉ2ਐਸ ਤੇ ਕਨਵਰਜ਼ਨ ਥੈਰੇਪੀ ਸਬੰਧੀ ਬਿੱਲ ਨੂੰ ਆਪਣੀ ਮੁੱਖ ਤਰਜੀਹ ਬਣਾਉਣਗੇ। ਪਰ ਉਹ ਇਹ ਨਹੀਂ ਦੱਸ ਪਾਏ ਕਿ ਨਵੀਂ ਪਾਰਲੀਆਮੈਂਟ ਵਿੱਚ ਕਿੰਨੀ ਜਲਦੀ ਲਿਬਰਲ ਸਰਕਾਰ ਇਸ ਬਿੱਲ ਨੂੰ ਪੇਸ਼ ਕਰ ਸਕੇਗੀ। ਚੁਣੇ ਜਾਣ ਦੀ ਸੂਰਤ ਵਿੱਚ ਕੰਜ਼ਰਵੇਟਿਵਾਂ ਤੇ ਐਨਡੀਪੀ ਨੇ ਵੀ ਇਸ ਪ੍ਰੈਕਟਿਸ ਉੱਤੇ ਪਾਬੰਦੀ ਲਾਉਣ ਦਾ ਵਾਅਦਾ ਕੀਤਾ ਹੈ। ਵੀਰਵਾਰ ਨੂੰ ਵਿਕਟੋਰੀਆ, ਬੀਸੀ ਵਿੱਚ ਇਸ ਮੁੱਦੇ ਨਾਲ ਸਬੰਧਤ



ਸਵਾਲਾਂ ਦੇ ਜਵਾਬ ਦੇਣ ਤੋਂ ਟਾਲਾ ਵੱਟਣ ਤੋਂ ਬਾਅਦ ਟਰੂਡੋ ਨੇ ਆਖਿਆ ਕਿ ਉਹ ਚਾਹੁੰਦੇ ਸਨ ਕਿ ਇਸ ਮੁੱਦੇ ਨੂੰ ਸਿਆਸੀ ਰੰਗਤ ਨਾ ਦਿੱਤੀ ਜਾਂਦੀ। ਕਿਸੇ ਨੂੰ ਇਹ ਦੱਸਣਾ ਕਿ ਉਹ ਸਹੀ ਨਹੀਂ ਹੈ, ਜਾਂ ਉਹ ਪਰਫੈਕਟ ਨਹੀਂ ਹੈ ਜਾਂ ਉਨ੍ਹਾਂ ਨਾਲ ਕੁੱਝ ਗਲਤ ਹੈ, ਇਹ ਸੱਭ ਕਿੰਨਾ ਮਾੜਾ ਹੈ। ਪਰ ਕਨਵਰਜ਼ਨ ਥੈਰੇਪੀ ਵਿੱਚ ਇਹੋ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜੋ ਕਿ ਬਹੁਤ ਨੁਕਸਾਨਦੇਹ ਹੈ।

ਐਨਡੀਪੀ ਵੱਲੋਂ ਵੀ ਆਪਣੇ ਪਲੇਟਫਾਰਮ ਵਿੱਚ ਇਹ ਲਿਖਿਆ ਗਿਆ ਹੈ ਕਿ ਜਦੋਂ ਜਿਨਸੀ ਰੁਝਾਨ ਤੇ ਲਿੰਗਕ ਪਛਾਣ ਦੀ ਗੱਲ ਆਉਂਦੀ ਹੈ ਤਾਂ ਕਨਵਰਜ਼ਨ ਥੈਰੇਪੀ ਵਰਗੀਆਂ ਤਥਾ ਕਥਿਤ ਪ੍ਰੈਕਟਿਸਿਜ਼ ਲਈ ਕੈਨੇਡਾ ਵਿੱਚ ਕੋਈ ਥਾਂ ਨਹੀਂ ਹੈ। ਉਨ੍ਹਾਂ ਆਖਿਆ ਕਿ ਅਸੀਂ ਜੇ ਸੱਤਾ ਵਿੱਚ ਆਉਂਦੇ ਹਾਂ ਤਾਂ ਅਸੀਂ ਇਸ ਤਰ੍ਹਾਂ ਦੀ ਪ੍ਰੈਕਟਿਸ ਨੂੰ ਬੰਦ ਕਰਵਾਉਣ ਲਈ ਫਰੀ ਕਾਰਵਾਈ ਕਰਾਂਗੇ ਤੇ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨਾਲ ਰਲ ਕੇ ਇਸ ਰੁਝਾਨ ਨੂੰ ਦੇਸ਼ ਭਰ ਵਿੱਚੋਂ ਖ਼ਤਮ ਕਰਵਾਉਣ ਲਈ ਕੰਮ ਕਰਾਂਗੇ। ਓਟੂਲ ਵੱਲੋਂ ਵੀ ਆਪਣੇ ਪਲੇਟਫਾਰਮ ਵਿੱਚ ਇਸ ਪ੍ਰੈਕਟਿਸ ਉੱਤੇ ਪਾਬੰਦੀ ਲਾਉਣ ਦੀ ਵਚਨਬੱਧਤਾ ਪ੍ਰਗਟਾਈ ਗਈ ਹੈ।

# ਓਟੂਲ ਨੇ ਹਾਊਸਿੰਗ ਸੰਕਟ ਉੱਤੇ ਸਾਧਿਆ ਨਿਸ਼ਾਨਾ

ਓਟਵਾ, 19 ਅਗਸਤ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਹਾਊਸਿੰਗ ਸੰਕਟ ਖਤਮ ਕਰਨ, ਤਿੰਨ ਸਾਲਾਂ ਵਿੱਚ ਇੱਕ ਮਿਲੀਅਨ ਘਰ ਬਣਾਉਣ ਤੇ ਵਿਦੇਸ਼ੀ ਨਿਵੇਸ਼ਕਾਂ ਲਈ ਹੋਰ ਅੜਿੱਕੇ ਡਾਹੁਣ ਦਾ ਤਹੱਈਆ ਪ੍ਰਗਟਾਇਆ।

ਓਟਵਾ ਵਿੱਚ ਆਪਣੀ ਚੋਣ ਮੁਹਿੰਮ ਨੂੰ ਅੱਗੇ ਵਧਾਉਂਦਿਆਂ ਓਟੂਲ ਨੇ ਆਖਿਆ ਕਿ ਘਰਾਂ ਦੀ ਸਪਲਾਈ, ਜਿਨ੍ਹਾਂ ਵਿੱਚ ਕਰਾਏ ਦੇ ਘਰ ਵੀ ਸ਼ਾਮਲ ਹਨ, ਦੇਸ਼ ਦੀ ਤੇਜ਼ੀ ਨਾਲ ਵੱਧ ਰਹੀ ਆਬਾਦੀ ਨਾਲ ਮੇਲ ਨਹੀਂ ਖਾ ਰਹੀ ਤੇ ਵਿਦੇਸ਼ੀ ਨਿਵੇਸ਼ਕ ਆਪਣਾ ਸਾਰਾ ਪੈਸਾ ਕੈਨੇਡਾ ਦੀਆਂ ਰਿਹਾਇਸ਼ੀ ਪ੍ਰਾਪਰਟੀਜ਼ ਵਿੱਚ ਲਾ ਰਹੇ ਹਨ, ਜਿਸ



ਨਾਲ ਹਾਊਸਿੰਗ ਸੰਕਟ ਖੜ੍ਹਾ ਹੋ ਗਿਆ ਹੈ।

ਆਪਣੇ ਪਲੇਟਫਾਰਮ ਵਿੱਚ ਟੋਰੀਜ਼ ਨੇ ਅਗਲੇ ਤਿੰਨ ਸਾਲਾਂ ਵਿੱਚ ਇੱਕ ਮਿਲੀਅਨ ਘਰ ਬਣਾਉਣ ਦੀ ਯੋਜਨਾ ਦਾ ਜ਼ਿਕਰ ਕੀਤਾ ਹੈ। ਇਹ ਘਰ ਕੁੱਝ ਫੈਡਰਲ ਇਮਾਰਤਾਂ ਦੀ ਨੁਹਾਰ ਬਦਲ ਕੇ ਵੀ ਕਾਇਮ ਕੀਤੇ ਜਾਣਗੇ। ਇਸ ਤੋਂ ਇਲਾਵਾ ਵਿਦੇਸ਼ੀ ਨਿਵੇਸ਼ਕਾਂ ਨੂੰ ਰੋਕ ਕੇ ਵੀ ਅਜਿਹਾ ਕੀਤਾ ਜਾਵੇਗਾ। ਕੁੱਝ ਵਿਦੇਸ਼ੀ ਨਿਵੇਸ਼ਕ, ਜਿਹੜੇ ਰਹਿੰਦੇ ਕੈਨੇਡਾ ਤੋਂ ਬਾਹਰ ਹਨ ਉਨ੍ਹਾਂ ਦੇ ਦੋ ਸਾਲ ਤੱਕ ਕੈਨੇਡਾ ਵਿੱਚ ਪ੍ਰਾਪਰਟੀ ਖਰੀਦਣ ਉੱਤੇ ਪਾਬੰਦੀ ਲਾਈ ਜਾਵੇਗੀ।

ਇਸ ਦੌਰਾਨ ਐਨ ਡੀ ਪੀ ਦੇ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਦੀ ਪਾਰਟੀ 500,000 ਘਰ ਤਿਆਰ ਕਰੇਗੀ ਤੇ ਕੈਨੇਡੀਅਨਜ਼ ਲਈ ਹਾਊਸਿੰਗ ਨੂੰ ਕਿਫਾਇਤੀ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਕਿਰਾਇਆ ਵੀ ਘਟਾਇਆ ਜਾਵੇਗਾ।

# ਅਫਗਾਨਿਸਤਾਨ ਪਹੁੰਚੇ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇ ਮੈਂਬਰ



ਅਫਗਾਨਿਸਤਾਨ, 19 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਤੇ ਕਰਮਚਾਰੀ ਅਮਰੀਕਾ ਤੇ ਹੋਰਨਾਂ ਭਾਈਵਾਲ ਮੁਲਕਾਂ ਨਾਲ ਰਣਨੀਤਕ ਪੱਧਰ ਉੱਤੇ ਤਾਲਮੇਲ ਕਰਕੇ ਅਗਲੀ ਕਾਰਵਾਈ ਕਰਨ ਲਈ ਅਫਗਾਨਿਸਤਾਨ ਪਹੁੰਚ ਚੁੱਕੇ ਹਨ।

...ਬਾਕੀ ਪੰਨਾ 6 ’ਤੇ

## ਕਾਬੁਲ ਤੋਂ ਕੈਨੇਡੀਅਨਜ਼ ਨੂੰ ਲਿਆਉਣ ਲਈ ਫਲਾਈਟਸ ਹੋਣਗੀਆਂ ਸ਼ੁਰੂ



ਕਾਬੁਲ, 19 ਅਗਸਤ (ਪੋਸਟ ਬਿਊਰੋ) : ਰੱਖਿਆ ਮੰਤਰਾਲੇ ਨੇ ਐਲਾਨ ਕੀਤਾ ਹੈ ਕਿ ਜਿੰਨਾ ਚਿਰ ਕਾਬੁਲ ਵਿੱਚ ਸਕਿਊਰਿਟੀ ਸਬੰਧੀ ਹਾਲਾਤ ਇਜਾਜ਼ਤ ਦਿੰਦੇ ਹਨ ਓਨਾ ਚਿਰ ਉਹ ਟੂ ਸੀ-17 ਟਰਾਂਸਪੋਰਟ ਜਹਾਜ਼ਾਂ ਦੀ ਵਰਤੋਂ ਕਰਕੇ ਉੱਥੋਂ ਅੰਦਰ ਬਾਹਰ ਆਉਣ ਜਾਣ ਲਈ ਨਿਯਮਿਤ ਉਡਾਨਾਂ ਜਾਰੀ ਰੱਖੇਗਾ। ਤਰਜ਼ਮਾਨ ਜੈਸਿਕਾ ਲੈਮਿਰਾਂਦ ਦਾ ਕਹਿਣਾ ਹੈ ਕਿ ਇਹ ਫਲਾਈਟਸ ਕੈਨੇਡੀਅਨ ਨਾਗਰਿਕਾਂ, ਪਰਮਾਨੈਂਟ ਨਾਗਰਿਕਾਂ ਤੇ ਅਫਗਾਨਿਸਤਾਨ ਵਿੱਚ ਕੈਨੇਡਾ ਦੇ ਮਿਸ਼ਨ ਅਫਗਾਨਿਸਤਾਨ ਦੌਰਾਨ

...ਬਾਕੀ ਪੰਨਾ 6 ’ਤੇ

## ਵਿਸ਼ਵ ਪੰਜਾਬੀ ਹੈਰੀਟੇਜ਼ ਫੇਡਰੇਸ਼ਨ ਵੱਲੋਂ ਡਾ. ਦਵਿੰਦਰ ਸਿੰਘ ਲੱਧੜ ਕੈਨੇਡਾ ਲਈ ਪੈਟਰਨ ਥਾਪੇ

ਟਰਾਂਟੋ (ਕੰਵਲਜੀਤ ਸਿੰਘ ਕੰਵਲ) ਪੰਜਾਬੀ ਫੋਕ ਦੀ ਨਾਮਵਰ ਗਾਇਕਾ ਅਤੇ ਵਿਸ਼ਵ ਪੰਜਾਬੀ ਹੈਰੀਟੇਜ ਫੇਡਰੇਸ਼ਨ ਦੀ ਪਰਧਾਨ ਸੁਖਵਿੰਦਰ ਕੌਰ ਬਰਾੜ (ਸੁੱਖੀ ਬਰਾੜ) ਨੇ ਇਕ ਲਿਖਤੀ ਨਿਯੁੱਕਤੀ ਪੱਤਰ ਰਾਹੀਂ ਪੰਜਾਬੀ ਸਾਹਿਤ ਅਤੇ ਸਭਿਆਚਾਰ ਨਾਲ ਬੀਤੇ ਲੰਬੇ ਸਮੇਂ ਤੋਂ ਜੁੜੀ ਸਖਸ਼ੀਅਤ ਡਾ: ਦਵਿੰਦਰ ਸਿੰਘ ਲੱਧੜ ਹੁਰਾਂ ਨੂੰ ਕੈਨੇਡਾ ਦਾ ਪੈਟਰਨ ਥਾਪਿਆ ਹੈ। ਚੇਤੇ ਰਹੇ ਡਾ: ਦਵਿੰਦਰ ਸਿੰਘ ਲੱਧੜ ਲੰਬਾ ਸਮਾਂ ਪੰਜਾਬ ਐਗਰੀਕਲਚਰਲ ਯੂਨੀਵਰਿਸਟੀ ਲੁਧਿਆਣਾ ਦੇ



ਪ੍ਰੋਫੈਸਰ ਰਹੇ ਅਤੇ ਆਪਣਾ ਕਾਰ-ਜਕਾਲ ਉੱਥੋਂ ਸਮਾਪਤ ਕਰਨ ਬਾਅਦ ਕੈਨੇਡਾ ਦੇ ਸ਼ਹਿਰ ਟਰਾਂਟੋ ਆ ਵੱਸੇ ਹਨ।

...ਬਾਕੀ ਪੰਨਾ 6 ’ਤੇ

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

Dubai Jewellers
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX Insurance Brokers
7050A Bramalea Rd, Unit # 13, Mississauga, ON L5S 1T1

SUPER VISA INSURANCE EXPERTS
Punjab Insurance Inc
Super Visa Monthly Plans Available
- Disability Insurance
- Visitor Insurance
- Travel Insurance
- Life Insurance
- RESP (Education Plan)
- Critical Illness Insurance
- Mortgage Insurance
gill@punjabinsurance.ca
topinsuranceservices.ca
7003 Steeles Ave. W, Unit 10 Etobicoke ON, M9W 0A2
RANJIT GILL 416-724-5000
CALL FOR BEST SERVICE & EXPERT ADVICE

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axael InsuranceBrokers Ltd.
1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life / Mortgage/Funeral Insurance
- Disability Insurance
- Critical Illness Insurance
- RESP / RRSP
JATINDERBIR S BAJWA Insurance Broker
www.ufsinsurance.com
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25 Years
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A to Z Pest Control Inc. Residential - Commercial - Industrial
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
1083
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
2GB
$35/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਟਰੂਡੋ ਵੱਲੋਂ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਣ ਦਾ ਐਲਾਨ

## 20 ਸਤੰਬਰ ਨੂੰ ਪੈਣਗੀਆਂ ਵੋਟਾਂ

ਓਟਵਾ, 16 ਅਗਸਤ (ਪੋਸਟ ਬਿਊਰੋ) : ਜਸਟਿਨ ਟਰੂਡੋ ਵੱਲੋਂ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਨਾਲ ਕੈਨੇਡੀਅਨਜ਼ 20 ਸਤੰਬਰ ਨੂੰ ਵੋਟਾਂ ਪਾਉਣਗੇ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਮਹਾਂਮਾਰੀ ਦੇ ਦੌਰ ਵਿੱਚ ਕੈਨੇਡੀਅਨਜ਼ ਕਿਸ ਨੂੰ ਵੋਟਾਂ ਪਾ ਕੇ ਦੇਸ਼ ਦੀ ਵਾਗਡੋਰ ਸਾਂਭਣ ਦਾ ਮੌਕਾ ਦਿੰਦੇ ਹਨ।

ਐਤਵਾਰ ਸਵੇਰ ਨੂੰ ਲਿਬਰਲ ਆਗੂ ਜਸਟਿਨ ਟਰੂਡੋ ਰੀਡੋ ਹਾਲ ਵਿੱਚ ਗਵਰਨਰ ਜਨਰਲ ਮੈਰੀ ਸਾਇਮਨ ਨਾਲ ਮੁਲਾਕਾਤ ਕਰਨ ਲਈ ਗਏ ਤੇ ਉਨ੍ਹਾਂ ਨੂੰ ਸੰਸਦ ਭੰਗ ਕਰਨ ਦੀ ਦਰਖੁਆਸਤ ਕੀਤੀ। ਗਵਰਨਰ ਜਨਰਲ ਵੱਲੋਂ 43ਵੀਂ ਸੰਸਦ ਭੰਗ ਕਰਨ ਦੀ ਟਰੂਡੋ ਦੀ ਅਪੀਲ ਨੂੰ ਮੰਨ ਲਿਆ ਗਿਆ। ਹੁਣ ਗਰਮੀਆਂ ਵਿੱਚ ਚੋਣਾਂ ਕਰਵਾਈਆਂ ਜਾਣਗੀਆਂ। ਵੋਟਾਂ ਪੈਣ ਲਈ 20 ਸਤੰਬਰ ਤਰੀਕ ਤੈਅ ਹੋਈ ਹੈ ਇਸ ਲਈ ਚੋਣ ਕੈਂਪੇਨ 36 ਦਿਨਾਂ ਦੀ ਹੋਵੇਗੀ।

ਪੰਜ ਹਫਤਿਆਂ ਦੀ ਇਸ ਚੋਣ ਕੈਂਪੇਨ ਤੋਂ ਕੈਨੇਡੀਅਨ ਇਹ ਅੰਦਾਜ਼ਾ ਲਾਉਣਗੇ ਕਿ ਉਨ੍ਹਾਂ ਨੇ ਮਹਾਂਮਾਰੀ ਦੌਰਾਨ ਕਿਸ ਆਗੂ ਨੂੰ ਦੇਸ਼ ਚਲਾਉਣ ਦੀ ਜ਼ਿੰਮੇਵਾਰੀ ਦੇਣੀ ਹੈ ਤੇ ਕਿਹੜਾ ਆਗੂ ਉਨ੍ਹਾਂ ਨੂੰ ਇਸ ਮਹਾਮਾਰੀ ਤੋਂ ਪਾਰ ਲਾਵੇਗਾ। ਸਾਇਮਨ ਨਾਲ ਮੁਲਾਕਾਤ ਕਰਨ ਤੋਂ ਬਾਅਦ ਟਰੂਡੋ ਨੇ ਰੀਡੋ ਹਾਲ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕੀਤੀ। ਟਰੂਡੋ ਨੇ ਕੈਨੇਡੀਨਜ਼ ਲਈ ਆਖਿਆ ਕਿ ਤੁਸੀਂ ਜਿਹੜੀ ਸਰਕਾਰ ਚੁਣੋਂਗੇ ਉਹ ਤੈਅ ਕਰੇਗੀ ਕਿ ਤੁਹਾਡੇ ਬੱਚਿਆਂ ਦਾ ਭਵਿੱਖ ਕਿਹੋ ਜਿਹਾ ਹੋਵੇਗਾ। ਉਹ ਹੀ ਇਹ ਤੈਅ ਕਰੇਗੀ ਕਿ ਸਾਡਾ ਦੇਸ਼ ਕਿਸ ਦਿਸ਼ਾ ਵਿੱਚ ਜਾਵੇਗਾ। ਇਹ ਹੁਣ ਕੈਨੇਡੀਅਨਜ਼ ਨੇ ਤੈਅ ਕਰਨਾ ਹੈ ਕਿ ਕੋਵਿਡ-19 ਖਿਲਾਫ ਸੰਘਰਸ਼ ਲਈ ਕਿਹੜੀ ਪਾਰਟੀ ਨੂੰ ਚੁਣਨਾ ਹੈ ਜਿਹੜੀ ਉਨ੍ਹਾਂ ਦਾ ਪਾਰ ਉਤਾਰਾ ਕਰ ਸਕੇਗੀ।



ਇਸ ਮੌਕੇ ਪੱਤਰਕਾਰਾਂ ਨੇ ਟਰੂਡੋ ਨੂੰ ਇਹ ਵੀ ਪੁੱਛਿਆ ਕਿ ਉਨ੍ਹਾਂ ਵੱਲੋਂ ਤੇ ਉਨ੍ਹਾਂ ਦੇ ਕਾਕਸ ਵੱਲੋਂ ਵਾਰੀ ਵਾਰੀ ਇਹ ਆਖਿਆ ਗਿਆ ਸੀ ਕਿ ਮਹਾਂਮਾਰੀ ਦੌਰਾਨ ਚੋਣਾਂ ਕਰਵਾਉਣਾ ਉਨ੍ਹਾਂ ਦੇ ਪਲੈਨ ਵਿੱਚ ਸ਼ਾਮਲ ਨਹੀਂ ਹੈ? ਇਸ ਉੱਤੇ ਟਰੂਡੋ ਨੇ ਆਖਿਆ ਕਿ ਕੈਨੇਡੀਅਨਜ਼ ਨੂੰ ਆਪਣੀ ਗੱਲ ਰੱਖਣ ਦਾ ਮੌਕਾ ਮਿਲਣਾ ਚਾਹੀਦਾ ਹੈ ਤੇ ਅਸੀਂ ਉਹੀ ਕਰ ਰਹੇ ਹਾਂ। ਇਸ ਤੋਂ ਬਾਅਦ ਟਰੂਡੋ ਨੇ ਡਾਊਨਟਾਊਨ ਓਟਵਾ ਦੇ ਹੋਟਲ ਵਿੱਚ ਤਿਆਰ ਕੀਤੇ ਗਏ ਸਟੂਡੀਓ ਤੋਂ ਆਪਣੇ ਉਮੀਦਵਾਰਾਂ ਨਾਲ ਵਰਚੂਅਲ ਮੀਟਿੰਗ ਕੀਤੀ। ਫਿਰ ਉਹ ਬੱਸ ਰਾਹੀਂ ਬਲੇਨਵਿੱਲ, ਕਿਊਬਿਕ ਗਏ, ਜਿੱਥੇ ਉਨ੍ਹਾਂ ਇੱਕ ਕੈਫੇ ਪੈਟੀਓ ਵਿੱਚ ਲੋਕਲ ਉਮੀਦਵਾਰਾਂ ਤੇ ਆਪਣੇ ਸਮਰਥਕਾਂ ਨਾਲ ਮੁਲਾਕਾਤ ਕੀਤੀ। ਟਰੂਡੋ ਨੇ ਅਖੀਰ ਵਿੱਚ ਆਪਣੇ ਕਿਊਬਿਕ ਸਥਿਤ ਪੈਪੀਨਿਊ ਹਲਕੇ ਦਾ ਦੌਰਾ ਵੀ ਕੀਤਾ।

ਸਾਰੀਆਂ ਹੋਰਨਾਂ ਪਾਰਟੀਆਂ ਨੇ ਮਹਾਂਮਾਰੀ ਦਰਮਿਆਨ ਚੋਣਾਂ ਕਰਵਾਉਣ ਲਈ ਟਰੂਡੋ ਨੂੰ ਜ਼ਿੰਮੇਵਾਰ ਦੱਸਦਿਆਂ ਆਪੋ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ। ਵਿਰੋਧੀ ਪਾਰਟੀਆਂ ਨੇ ਇਹ ਵੀ ਆਖਿਆ ਕਿ ਟਰੂਡੋ ਆਪਣੇ ਸਿਆਸੀ ਹਿਤਾਂ ਨੂੰ ਸਾਹਮਣੇ ਰੱਖ ਕੇ ਚੱਲ ਰਹੇ ਹਨ। ਪਰ ਇੱਥੇ ਇਹ ਦੱਸਣਾ ਬਣਦਾ ਹੈ ਕਿ ਪੂਰੀਆਂ ਗਰਮੀਆਂ ਸਾਰੀਆਂ ਸਿਆਸੀ ਪਾਰਟੀਆਂ ਚੁੱਪ ਚਪੀਤੇ ਇਨ੍ਹਾਂ ਚੋਣਾਂ ਲਈ ਤਿਆਰੀਆਂ ਕਰਦੀਆਂ ਰਹੀਆਂ ਹਨ ਤੇ ਆਪਣੀ ਚੋਣ ਕੈਂਪੇਨ ਚਲਾਉਂਦੀਆਂ ਰਹੀਆਂ ਹਨ।

# ਕੋਵਿਡ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਐਮਪੀਪੀ ਨੂੰ ਫੋਰਡ ਨੇ ਕਾਕਸ ਵਿੱਚੋਂ ਕੀਤਾ ਬਾਹਰ




ਟੋਰਾਂਟੋ, 19 ਅਗਸਤ (ਪੋਸਟ ਬਿਊਰੋ) : ਓਨਟਾਰੀਓ ਦੇ ਐਮਪੀਪੀ ਵੱਲੋਂ ਕੋਵਿਡ-19 ਵੈਕਸੀਨ ਲਵਾਏ ਜਾਣ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਉਸ ਨੂੰ ਪ੍ਰੋਗਰੈਸਿਵ ਕੰਜ਼ਰਵੇਟਿਵ ਕਾਕਸ ਤੋਂ ਬਾਹਰ ਕੱਢ ਦਿੱਤਾ ਗਿਆ।

ਚੈਥਮ-ਕੈਂਟ-ਲੈਮਿੰਗਟਨ ਤੋਂ ਐਮਪੀਪੀ ਰਿੱਕ ਨਿਕੋਲਸ ਨੇ ਵੀਰਵਾਰ ਦੁਪਹਿਰ ਨੂੰ ਕੁਈਨਜ਼ ਪਾਰਕ ਤੋਂ ਆਪਣੇ ਵੈਕਸੀਨ ਸਟੇਟਸ ਬਾਰੇ ਐਲਾਨ ਕੀਤਾ। ਨਿਕੋਲਸ ਨੇ ਆਖਿਆ ਕਿ ਉਨ੍ਹਾਂ ਨੇ ਤੇ ਉਨ੍ਹਾਂ ਦੀ ਪਤਨੀ ਨੇ ਨਿਜੀ ਕਾਰਨਾਂ ਕਰਕੇ ਵੈਕਸੀਨੇਸ਼ਨ ਨਾ ਕਰਵਾਉਣ ਦੀ ਚੋਣ ਕੀਤੀ। ਇਸ ਐਲਾਨ ਤੋਂ ਇੱਕ ਘੰਟੇ ਬਾਅਦ ਨਿਕੋਲਸ ਨੂੰ ਕਾਕਸ ਤੋਂ ਕੱਢ ਦਿੱਤਾ ਗਿਆ। ਨਿਕੋਲਸ ਵੱਲੋਂ ਇਹ ਐਲਾਨ ਕੀਤੇ ਜਾਣ ਤੋਂ ਦੋ ਦਿਨ ਪਹਿਲਾਂ ਪ੍ਰੀਮੀਅਰ ਡੱਗ ਫੋਰਡ ਦੇ ਆਫਿਸ ਨੇ ਇਹ ਆਖਿਆ ਸੀ ਕਿ ਵੀਰਵਾਰ ਸ਼ਾਮੀਂ 5:00 ਵਜੇ ਤੱਕ ਓਨਟਾਰੀਓ ਦੀ ਪੀਸੀ ਪਾਰਟੀ ਦੇ ਸਾਰੇ ਮੈਂਬਰਾਂ ਨੂੰ ਕੋਵਿਡ-19 ਵੈਕਸੀਨੇਸ਼ਨ ਕਰਵਾਉਣੀ ਜ਼ਰੂਰੀ ਹੈ ਨਹੀਂ ਤਾਂ ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਜਾਵੇਗਾ।

ਨਿਕੋਲਸ ਉਨ੍ਹਾਂ ਦੋ ਐਮਪੀਪੀਜ਼ ਵਿੱਚੋਂ ਇੱਕ ਸਨ ਜਿਨ੍ਹਾਂ ਨੇ ਵੈਕਸੀਨੇਸ਼ਨ ਨਹੀਂ ਸੀ ਕਰਵਾਈ। ਸਕਾਰਬੋਰੋ ਸੈਂਟਰ ਤੋਂ ਐਮਪੀਪੀ ਕ੍ਰਿਸਟੀਨਾ ਮਾਈਟਸ ਨੇ ਵੈਕਸੀਨੇਸ਼ਨ ਨਾ ਕਰਵਾਉਣ ਲਈ ਪਾਰਟੀ ਨੂੰ ਮੈਡੀਕਲ ਕਾਰਨ ਸਬੰਧੀ ਸਬੂਤ ਲਿਆ ਕੇ ਦੇ ਦਿੱਤਾ। ਇਸ ਲਈ ਪਾਰਟੀ ਵੱਲੋਂ ਉਸ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

# ਕੰਜ਼ਰਵੇਟਿਵਾਂ ਨੇ ਜਾਰੀ ਕੀਤਾ ਕੈਨੇਡਾਜ਼ ਰਿਕਵਰੀ ਪਲੈਨ

ਓਟਵਾ, 16 ਅਗਸਤ (ਪੋਸਟ ਬਿਊਰੋ) : ਕੰਜ਼ਰਵੇਟਿਵਾਂ ਨੇ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਵਿੱਚ ਕੈਨੇਡੀਅਨਜ਼ ਨਾਲ ਵਾਅਦਾ ਕੀਤਾ ਕਿ ਜੇ ਉਹ ਜਿੱਤਦੇ ਹਨ ਤਾਂ ਉਹ ਮਹਾਂਮਾਰੀ ਦਰਮਿਆਨ ਖੁੱਸੀਆਂ ਲੋਕਾਂ ਦੀਆਂ ਨੌਕਰੀਆਂ ਬਹਾਲ ਕਰਵਾਉਣਗੇ,ਅਰਥਚਾਰੇ ਨੂੰ ਸਥਿਰ ਕਰਨ ਦੀ ਕੋਸ਼ਿਸ਼ ਕਰਨਗੇ ਤੇ ਇਹ ਯਕੀਨੀ ਬਣਾਉਣਗੇ ਕਿ ਕੈਨੇਡਾ ਭਵਿੱਖ ਦੇ ਸਿਹਤ ਸੰਕਟ ਲਈ ਤਿਆਰ ਹੋ ਸਕੇ।



ਫੈਡਰਲ ਚੋਣ ਮੁਹਿੰਮ ਦੇ ਦੂਜੇ ਦਿਨ ਪਾਰਟੀ ਨੇ 162 ਪੰਨਿਆਂ ਦਾ ਆਪਣਾ ਕੈਨੇਡਾਜ਼ ਰਿਕਵਰੀ ਪਲੈਨ ਜਾਰੀ ਕੀਤਾ। ਇਹ ਬਸੰਤ ਵਿੱਚ ਕੀਤੇ ਗਏ ਚੋਣਾਂ ਤੋਂ ਪਹਿਲਾਂ ਵਾਲੇ ਵਾਅਦਿਆਂ ਦਾ ਹੀ ਵਿਸਤ੍ਰਿਤ ਰੂਪ ਹੈ। ਇਸ ਸੱਭ ਕਾਸੇ ਉੱਤੇ ਕਿੰਨੀ ਲਾਗਤ ਆਵੇਗੀ ਇਸ ਬਾਰੇ ਪਾਰਲੀਆਮੈਂਟਰੀ ਬਜਟ ਆਫਿਸ ਵੱਲੋਂ ਅਜੇ ਕੋਈ ਵੇਰਵਾ ਨਹੀਂ ਦਿੱਤਾ ਗਿਆ ਹੈ।ਪਰ ਪਾਰਟੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਪਾਸੇ ਕੰਮ ਚੱਲ ਰਿਹਾ ਹੈ।

ਪਾਰਟੀ ਵੱਲੋਂ ਖਰਚਿਆਂ ਸਬੰਧੀ ਜਿਹੜੇ ਵਾਅਦੇ ਕੀਤੇ ਜਾ ਰਹੇ ਹਨ ਉਨ੍ਹਾਂ ਵਿੱਚ ਬਹੁਤੇ ਸ਼ੌਰਟ ਟਰਮ ਨਿਵੇਸ਼ ਹਨ। ਬਾਕੀ ਲੰਮੇਂ ਸਮੇਂ ਵਿੱਚ ਕੀਤੇ ਜਾਣ ਵਾਲੇ ਹੋਰ ਪ੍ਰਸਤਾਵ ਵੀ ਹਨ ਜਿਵੇਂ ਕਿ ਪ੍ਰੋਵਿੰਸਾਂ ਨੂੰ ਕੀਤੀ ਜਾਣ ਵਾਲੀ ਕੈਨੇਡਾ ਦੀ ਹੈਲਥ ਟਰਾਂਸਫਰ ਦੀ ਸਾਲਾਨਾ ਵਿਕਾਸ ਦਰ ਘੱਟੋ ਘੱਟ ਛੇ ਫੀ ਸਦੀ ਤੱਕ ਵਧਾਉਣਾ ਤੇ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਸੇਵਾਵਾਂ ਨੂੰ ਹੋਰ ਕਿਫਾਇਤੀ ਬਣਾਉਣ ਲਈ ਨਵਾਂ ਚਾਈਲਡ ਕੇਅਰ ਪਲੈਨ ਲਿਆਉਣਾ।

ਸੋਮਵਾਰ ਨੂੰ ਪੱਤਰਕਾਰਾਂ ਨਾਲ ਗੱਲ ਕਰਦਿਆਂ ਓਟੂਲ ਨੇ ਆਖਿਆ ਕਿ ਇਸ ਮਾੜੇ ਸਮੇਂ ਵਿੱਚ ਚੋਣਾਂ ਕਰਵਾਇਆ ਜਾਣਾ ਭਾਵੇਂ ਠੀਕ ਨਹੀਂ ਹੈ ਪਰ ਇਸ ਨਾਲ ਕੈਨੇਡੀਅਨਜ਼ ਨੂੰ ਭਵਿੱਖ ਲਈ ਚੋਣ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਆਖਿਆ ਕਿ ਇੱਕ ਪਾਸੇ ਲਿਬਰਲ, ਐਨਡੀਪੀ, ਬਲਾਕ ਤੇ ਗ੍ਰੀਨਜ਼ ਮਹਾਂਮਾਰੀ ਤੋਂ ਬਾਅਦ ਕੈਨੇਡਾ ਲਈ ਕੋਈ ਪਲੈਨ ਲਿਆਉਣ ਉੱਤੇ ਧਿਆਨ ਕੇਂਦਰਿਤ ਕਰਨ ਵਿੱਚ ਅਸਫਲ ਰਹੇ ਹਨ ਤੇ ਦੂਜੇ ਪਾਸੇ ਕੰਜ਼ਰਵੇਟਿਵ ਰੋਜ਼ਗਾਰ ਦੇ ਮੌਕੇ ਪੈਦਾ ਕਰਨ, ਭੱਤੇ ਵਧਾਉਣ ਤੇ ਕੈਨੇਡਾ ਦੇ ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣ ਉੱਤੇ ਲੱਗੇ ਹੋਏ ਹਨ।

# ਜਿਨਸੀ ਸ਼ੋਸ਼ਣ ਦੇ ਇੱਕ ਮਾਮਲੇ ਵਿੱਚ ਫੋਰਟਿਨ ਨੂੰ ਕੀਤਾ ਜਾਵੇਗਾ ਚਾਰਜ

ਟੋਰਾਂਟੋ, 17 ਅਗਸਤ (ਪੋਸਟ ਬਿਊਰੋ) : ਮੇਜਰ ਜਨਰਲ ਡੈਨੀ ਫੋਰਟਿਨ ਨੂੰ ਬੁੱਧਵਾਰ ਨੂੰ ਜਿਨਸੀ ਸ਼ੋਸ਼ਣ ਦੇ ਇੱਕ ਮਾਮਲੇ ਵਿੱਚ ਗੈਟਿਨਿਊ ਪੁਲਿਸ ਵੱਲੋਂ ਰਸਮੀ ਤੌਰ ਉੱਤੇ ਚਾਰਜ ਕੀਤਾ ਜਾਵੇਗਾ। ਇਹ ਜਾਣਕਾਰੀ ਫੋਰਟਿਨ ਦੇ ਵਕੀਲ ਨੇ ਦਿੱਤੀ।

ਪੁਲਿਸ ਦੇ ਕਹਿਣ ਉੱਤੇ ਫੋਰਟਿਨ ਸਵੇਰੇ 9:00 ਵਜੇ ਖੁਦ ਅਦਾਲਤ ਵਿੱਚ ਪੇਸ਼ ਹੋਣਗੇ ਤੇ ਉਸ ਤੋਂ 15 ਮਿੰਟ ਬਾਅਦ ਮੀਡੀਆ ਨਾਲ ਗੱਲ ਕਰਨਗੇ।



ਫੋਰਟਿਨ ਦੇ ਵਕੀਲ ਨੇ ਆਖਿਆ ਕਿ ਇਨ੍ਹਾਂ ਚਾਰਜਿਜ਼ ਦੇ ਸਬੰਧ ਵਿੱਚ ਉਨ੍ਹਾਂ ਅਜੇ ਕੋਈ ਦਸਤਾਵੇਜ਼ ਨਹੀਂ ਵੇਖੇ ਹਨ। ਫੋਰਟਿਨ ਵੱਲੋਂ ਕਿਸੇ ਵੀ ਤਰ੍ਹਾਂ ਦੀ ਗੜਬੜ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਹ ਚਾਰਜਿਜ਼ 1989 ਦੇ ਇੱਕ ਮਾਮਲੇ ਨਾਲ ਸਬੰਧਤ ਲਾਏ ਗਏ ਦੋਸ਼ਾਂ ਦੇ ਸਬੰਧ ਵਿੱਚ ਹਨ, ਜਦੋਂ ਫੋਰਟਿਨ ਕਿਊਬਿਕ ਦੇ ਸੇਂਟ ਜੀਨ ਵਿੱਚ ਰੌਇਲ ਮਿਲਟਰੀ ਕਾਲਜ ਵਿੱਚ ਵਿਦਿਆਰਥੀ ਸੀ।ਮਈ ਦੇ ਮੱਧ ਤੱਕ ਫੋਰਟਿਨ ਕੈਨੇਡਾ ਵਿੱਚ ਕੋਵਿਡ-19 ਵੈਕਸੀਨੇਸ਼ਨ ਕੈਂਪੇਨ ਦਾ ਇਨਚਾਰਜ ਸੀ ਜਦੋਂ ਜਿਨਸੀ ਸ਼ੋਸ਼ਣ ਸਬੰਧੀ ਜਾਂਚ ਦੇ ਚੱਲਦਿਆਂ ਉਸ ਨੂੰ ਇਸ ਕੈਂਪੇਨ ਤੋਂ ਹਟਾ ਦਿੱਤਾ ਗਿਆ।

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਅਫਗਾਨਿਸਤਾਨ ਸਰਕਾਰ ਵਜੋਂ ਤਾਲਿਬਾਨ ਨੂੰ ਮਾਨਤਾ ਦੇਣ ਦੀ ਕੋਈ ਯੋਜਨਾ ਨਹੀਂ : ਟਰੂਡੋ

ਓਟਵਾ, 17 ਅਗਸਤ (ਪੋਸਟ ਬਿਊਰੋ) : ਲਿਬਰਲ ਆਗੂ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਸਰਕਾਰ ਦਾ ਤਾਲਿਬਾਨ ਨੂੰ ਅਫਗਾਨਿਸਤਾਨ ਦੀ ਜਾਇਜ਼ ਸਰਕਾਰ ਵਜੋਂ ਮਾਨਤਾ ਦੇਣ ਦਾ ਕੋਈ ਇਰਾਦਾ ਨਹੀਂ ਹੈ। ਇਸ ਤੋਂ ਕਈ ਘੰਟੇ ਬਾਅਦ ਕੰਜ਼ਰਵੇਟਿਵਾਂ ਨੇ ਵੀ ਇੱਕ ਬਿਆਨ ਜਾਰੀ ਕਰਕੇ ਇਹੋ ਜਿਹਾ ਹੀ ਐਲਾਨ ਕੀਤਾ।

ਫੈਡਰਲ ਇਲੈਕਸ਼ਨ ਕੈਂਪੇਨ ਦੇ ਤੀਜੇ ਦਿਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਕੈਨੇਡੀਅਨਜ਼ ਨੂੰ ਚੇਤੇ ਕਰਵਾਇਆ ਕਿ 20 ਸਾਲ ਪਹਿਲਾਂ ਵੀ ਜਦੋਂ ਤਾਲਿਬਾਨ ਨੇ ਪਹਿਲੀ ਵਾਰੀ ਅਫਗਾਨਿਸਤਾਨ ਉੱਤੇ ਕਬਜਾ ਕੀਤਾ ਸੀ ਉਸ ਸਮੇਂ ਵੀ ਕੈਨੇਡਾ ਨੇ ਤਾਲਿਬਾਨ ਨੂੰ ਸਰਕਾਰ ਦਾ ਦਰਜਾ ਨਹੀਂ ਸੀ ਦਿੱਤਾ। ਉਨ੍ਹਾਂ ਆਖਿਆ ਕਿ ਤਾਲਿਬਾਨ ਨੇ ਜਮਹੂਰੀ ਤੌਰ ਉੱਤੇ ਚੁਣੀ ਹੋਈ ਸਰਕਾਰ ਨੂੰ ਧੱਕੇ ਨਾਲ ਪਾਸੇ ਕਰਕੇ ਦੇਸ਼ ਉੱਤੇ ਕਬਜਾ ਕੀਤਾ ਹੈ ਤੇ ਕੈਨੇਡੀਅਨ ਕਾਨੂੰਨ ਤਹਿਤ ਤਾਲਿਬਾਨ ਅੱਤਵਾਦੀ ਜਥੇਬੰਦੀ ਹੈ।ਟਰੂਡੋ ਨੇ ਆਖਿਆ ਕਿ ਇਸ ਸਮੇਂ ਸਾਡਾ ਸਾਰਾ ਧਿਆਨ ਅਫਗਾਨਿਸਤਾਨ ਵਿੱਚੋਂ ਲੋਕਾਂ ਨੂੰ ਬਾਹਰ ਕੱਢਣਾ ਹੈ। ਤਾਲਿਬਾਨ ਨੂੰ ਏਅਰਪੋਰਟ ਤੱਕ ਲੋਕਾਂ ਦੀ ਪਹੁੰਚ ਯਕੀਨੀ ਬਣਾਉਣੀ ਚਾਹੀਦੀ ਹੈ।

ਅਫਗਾਨਿਸਤਾਨ ਵਿੱਚ ਕੰਮ ਕਰਨ ਵਾਲੇ ਕਈ ਕੈਨੇਡੀਅਨ ਕੱਲ੍ਹ ਏਅਰ ਸੈਨੇਗਲ ਦੀ ਫਲਾਈਟ ਉੱਤੇ ਕੈਨੇਡਾ ਪਰਤ ਆਏ ਸਨ। ਕਲੋਨ, ਜਰਮਨੀ ਤੋਂ ਕੈਨੇਡਾ ਪਹੁੰਚੀ ਫਲਾਈਟ ਪੰਜਵੀਂ ਅਜਿਹੀ ਫਲਾਈਟ ਸੀ ਜਿਸ ਵਿੱਚ ਕੈਨੇਡੀਅਨ ਨਾਗਰਿਕਾਂ ਦੇ ਨਾਲ ਨਾਲ ਉਹ ਅਫਗਾਨੀ ਵੀ ਕੈਨੇਡਾ ਪਹੁੰਚੇ ਜਿਨ੍ਹਾਂ ਨੇ ਕੈਨੇਡੀਅਨ ਆਰਮਡ ਫੋਰਸਿਜ਼ ਤੇ ਕੈਨੇਡੀਅਨ ਅੰਬੈਸੀ ਦੀ ਮਦਦ ਕੀਤੀ ਸੀ। ਕੈਨੇਡੀਅਨ ਸਰਕਾਰ ਵੱਲੋਂ 4 ਅਗਸਤ ਤੋਂ ਐਮਰਜੰਸੀ ਫਲਾਈਟਸ ਸ਼ੁਰੂ ਕੀਤੀਆਂ ਗਈਆਂ ਸਨ। ਗਲੋਬਲ ਅਫੇਅਰਜ਼ ਕੈਨੇਡਾ ਅਨੁਸਾਰ ਬੀਤੀ ਰਾਤ ਟੋਰਾਂਟੋ ਪਹੁੰਚੀ ਇੱਕ ਹੋਰ ਫਲਾਈਟ ਵਿੱਚ ਉਹ ਅਫਗਾਨੀ ਵੀ ਆਏ ਜਿਹੜੇ ਸਪੈਸ਼ਲ ਇਮੀਗ੍ਰੇਸ਼ਨ ਮਾਪਦੰਡਾਂ ਤਹਿਤ ਕੈਨੇਡਾ ਪਹੁੰਚੇ ਸਨ। ਇਸ ਦੌਰਾਨ ਐਨਡੀਪੀ ਆਗੂ ਜਗਮੀਤ ਸਿੰਘ ਨੇ ਮੰਗਲਵਾਰ ਨੂੰ ਟਰੂਡੋ ਦੀ ਟਿੱਪਣੀ ਨਾਲ ਮੇਲ ਖਾਂਦਾ ਬਿਆਨ ਦਿੰਦਿਆਂ ਆਖਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤਾਲਿਬਾਨ ਇੱਕ ਅੱਤਾਵਦੀ ਜਥੇਬੰਦੀ ਹੈ ਤੇ ਉਸ ਨੂੰ ਸਰਕਾਰ ਵਜੋਂ ਮਾਨਤਾ ਨਹੀਂ ਦਿੱਤੀ ਜਾਣੀ ਚਾਹੀਦੀ।

# ਫੋਰਡ ਸਰਕਾਰ ਨੇ ਹੈਲਥਕੇਅਰ ਤੇ ਐਜੂਕੇਸ਼ਨ ਵਰਕਰਜ਼ ਲਈ ਵੈਕਸੀਨੇਸ਼ਨ ਲਾਜ਼ਮੀ ਕੀਤੀ

ਟੋਰਾਂਟੋ, 17 ਅਗਸਤ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਹੈਲਥਕੇਅਰ ਤੇ ਐਜੂਕੇਸ਼ਨ ਵਰਕਰਜ਼ ਲਈ ਕੋਵਿਡ-19 ਵੈਕਸੀਨੇਸ਼ਨ ਨੂੰ ਲਾਜ਼ਮੀ ਬਣਾਉਣ ਦੇ ਫੈਸਲੇ ਉੱਤੇ ਮੁਹਰ ਲਾ ਦਿੱਤੀ ਗਈ ਹੈ। ਹੁਣ ਐਜੂਕੇਸ਼ਨ ਤੇ ਹੈਲਥ ਕੇਅਰ ਸੈਟਿੰਗਜ਼ ਵਿੱਚ ਇੰਪਲੌਇਰਜ਼ ਨੂੰ ਆਪਣੇ ਸਟਾਫ ਲਈ ਕੋਵਿਡ-19 ਵੈਕਸੀਨੇਸ਼ਨ ਸਬੰਧੀ ਸਖ਼ਤ ਨੀਤੀਆਂ ਤਿਆਰ ਕਰਨੀਆਂ ਹੋਣਗੀਆਂ।



ਇਸ ਫੈਸਲੇ ਸਬੰਧੀ ਜਾਣਕਾਰੀ ਰੱਖਣ ਵਾਲੇ ਸੀਨੀਅਰ ਸਰਕਾਰੀ ਸੂਤਰਾਂ ਨੇ ਇਹ ਸਵੀਕਾਰ ਕੀਤਾ ਕਿ ਸੋਮਵਾਰ ਰਾਤ ਨੂੰ ਕੈਬਨਿਟ ਵੱਲੋਂ ਇਸ ਫੈਸਲੇ ਨੂੰ ਮਨਜ਼ੂਰੀ ਦੇ ਦਿੱਤੀ ਗਈ। ਇਹ ਪਾਲਿਸੀ ਬਿਲਕੁਲ ਉਸ ਪਾਲਿਸੀ ਨਾਲ ਮੇਲ ਖਾਂਦੀ ਹੈ ਜਿਹੜੀ ਪ੍ਰੋਵਿੰਸ ਦੇ ਲਾਂਗ ਟਰਮ ਕੇਅਰ ਹੋਮਜ਼ ਵਿੱਚ ਪਹਿਲਾਂ ਤੋਂ ਹੀ ਲਾਗੂ ਹੈ। ਇਸ ਸਮੇਂ ਹੈਲਥ ਕੇਅਰ ਫੈਸਿਲਿਟੀਜ਼ ਵਿਚਲੇ ਸਟਾਫ ਨੂੰ ਕੋਵਿਡ-19 ਖਿਲਾਫ ਪੂਰੀ ਤਰ੍ਹਾਂ ਇਮਿਊਨਾਈਜ਼ੇਸ਼ਨ ਦਾ ਸਬੂਤ ਮੁਹੱਈਆ ਕਰਵਾਉਣਾ ਪੈਂਦਾ ਹੈ ਤੇ ਵੈਕਸੀਨੇਸ਼ਨ ਨਾ ਕਰਵਾਉਣ ਲਈ ਮੈਡੀਕਲ ਕਾਰਨ ਦੱਸਣਾ ਪੈਂਦਾ ਹੈ।ਹੈਲਥ ਕੇਅਰ ਸੈਕਟਰ ਉੱਤੇ ਇਹ ਨਿਰਦੇਸ਼ 7 ਸਤੰਬਰ ਤੋਂ ਲਾਗੂ ਹੋ ਜਾਣਗੇ।

ਇਸ ਤੋਂ ਪਹਿਲਾਂ ਪ੍ਰਾਪਤ ਜਾਣਕਾਰੀ ਅਨੁਸਾਰ ਫੋਰਡ ਸਰਕਾਰ ਕੁੱਝ ਫਰੰਟਲਾਈਨ ਵਰਕਰਾਂ ਲਈ ਵੈਕਸੀਨੇਸ਼ਨ ਲਾਜ਼ਮੀ ਕਰਨ ਬਾਰੇ ਸਵਾਲਾਂ ਨੂੰ ਟਾਲਦੀ ਰਹੀ ਹੈ। ਪਰ ਮਹਾਂਮਾਰੀ ਦੀ ਚੌਥੀ ਵੇਵ ਆ ਜਾਣ ਤੋਂ ਬਾਅਦ ਹਰ ਨੌਂਵੇਂ ਦਿਨ ਮਗਰੋਂ ਕੋਵਿਡ-19 ਮਾਮਲੇ ਦੁੱਗਣੇ ਹੋਣ ਕਾਰਨ ਹੁਣ ਸਰਕਾਰ ਉੱਤੇ ਪਿਛਲੇ ਕੁੱਝ ਹਫਤਿਆਂ ਵਿੱਚ ਅਜਿਹਾ ਕਰਨ ਲਈ ਦਬਾਅ ਕਾਫੀ ਵੱਧ ਗਿਆ ਸੀ। ਪਿਛਲੇ ਹਫਤੇ ਓਨਟਾਰੀਓ ਮੈਡੀਕਲ ਐਸੋਸਿਏਸ਼ਨ ਅਤੇ ਓਨਟਾਰੀਓ ਪਬਲਿਕ ਸਕੂਲ ਬੋਰਡਜ਼ ਐਸੋਸਿਏਸ਼ਨ ਵੱਲੋਂ ਬਿਆਨ ਜਾਰੀ ਕਰਕੇ ਫੋਰਡ ਸਰਕਾਰ ਨੂੰ ਕੁੱਝ ਵਰਕਰਜ਼ ਲਈ ਵੈਕਸੀਨੇਸ਼ਨ ਲਾਜ਼ਮੀ ਕਰਨ ਦੀ ਮੰਗ ਕੀਤੀ ਗਈ।

ਸੂਤਰਾਂ ਨੇ ਇਹ ਵੀ ਦੱਸਿਆ ਕਿ ਟੋਰਾਂਟੋ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਵੱਲੋਂ ਵੀ ਹੈਲਥਕੇਅਰ ਤੇ ਐਜੂਕੇਸ਼ਨ ਵਰਕਰਜ਼ ਲਈ ਵੈਕਸੀਨੇਸ਼ਨ ਪਾਲਿਸੀ ਲਾਜ਼ਮੀ ਕਰਨ ਲਈ ਦਬਾਅ ਪਾਇਆ ਜਾ ਰਿਹਾ ਸੀ।ਜੇ ਰਿਪੋਰਟਾਂ ਨੂੰ ਸੱਚ ਮੰਨਿਆ ਜਾਵੇ ਤਾਂ ਓਨਟਾਰੀਓ ਦੇ ਡਾਕਟਰਾਂ ਵੱਲੋਂ ਹੈਲਥ ਕੇਅਰ ਵਰਕਰਜ਼ ਲਈ ਵੈਕਸੀਨ ਲਾਜ਼ਮੀ ਕਰਨ ਵਾਸਤੇ ਫੋਰਡ ਸਰਕਾਰ ਦੀ ਇਸ ਕੋਸ਼ਿਸ਼ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਓਨਟਾਰੀਓ ਮੈਡੀਕਲ ਐਸੋਸਿਏਸ਼ਨ ਦੇ ਪ੍ਰੈਜ਼ੀਡੈਂਟ ਡਾ. ਐਡਮ ਕਸਾਮ ਨੇ ਆਖਿਆ ਕਿ ਅਸੀਂ ਜਾਣਦੇ ਹਾਂ ਕਿ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਸੱਭ ਤੋਂ ਬਿਹਤਰੀਨ ਤਰੀਕਾ ਵੈਕਸੀਨੇਸ਼ਨ ਹੈ। ਅਜਿਹਾ ਕਰਕੇ ਅਸੀਂ ਆਪਣੇ ਮਰੀਜ਼ਾਂ, ਦੋਸਤਾਂ ਤੇ ਪਰਿਵਾਰਾਂ ਦੀ ਹਿਫਾਜ਼ਤ ਕਰ ਸਕਦੇ ਹਾਂ।

ਕੁੱਝ ਹਸਪਤਾਲਾਂ ਵੱਲੋਂ ਪਹਿਲਾਂ ਹੀ ਵੈਕਸੀਨ ਪਾਲਿਸੀਜ਼ ਐਲਾਨੀਆਂ ਜਾ ਚੁੱਕੀਆਂ ਹਨ ਜਿਵੇਂ ਕਿ ਯੂਨੀਵਰਸਿਟੀਜ਼ ਹੈਲਥ ਨੈੱਟਵਰਕ ਵੱਲੋਂ ਇਹ ਸ਼ਰਤ ਰੱਖੀ ਗਈ ਹੈ ਕਿ ਕੰਮ ਉੱਤੇ ਆਉਣ ਤੋਂ ਪਹਿਲਾਂ ਉਨ੍ਹਾਂ ਮੁਲਾਜ਼ਮਾਂ ਨੂੰ ਨੈਗੇਟਿਵ ਰੈਪਿਡ ਟੈਸਟ ਰਿਪੋਰਟ ਪੇਸ਼ ਕਰਨੀ ਹੋਵੇਗੀ ਜਿਨ੍ਹਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ। ਸੋਮਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕੁੱਝ ਵਰਕਰਜ਼ ਲਈ ਵੈਕਸੀਨੇਸ਼ਨ ਲਾਜ਼ਮੀ ਕਰਨ ਦੇ ਫੋਰਡ ਸਰਕਾਰ ਦੇ ਫੈਸਲੇ ਦਾ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਵੱਲੋਂ ਸਵਾਗਤ ਕੀਤਾ ਗਿਆ ਹੈ।

# 30 ਅਕਤੂਬਰ ਤੱਕ ਟੋਰਾਂਟੋ ਮਿਊਂਸਪੈਲਿਟੀ ਦੇ ਸਾਰੇ ਮੁਲਾਜ਼ਮਾਂ ਨੂੰ ਕਰਵਾਉਣੀ ਹੋਵੇਗੀ ਕੋਵਿਡ-19 ਵੈਕਸੀਨੇਸ਼ਨ

ਟੋਰਾਂਟੋ, 19 ਅਗਸਤ (ਪੋਸਟ ਬਿਊਰੋ) : ਟੀ ਟੀ ਸੀ ਵਿੱਚ ਕੰਮ ਕਰਨ ਵਾਲੇ ਸਾਰੇ ਵਰਕਰਜ਼ ਸਮੇਤ ਟੋਰਾਂਟੋ ਦੇ ਸਾਰੇ ਮਿਊਂਸਪਲ ਇੰਪਲੌਈਜ਼ ਨੂੰ 30 ਅਕਤੂਬਰ ਤੱਕ ਮੁਕੰਮਲ ਟੀਕਾਕਰਣ ਕਰਵਾਉਣ ਲਈ ਆਖ ਦਿੱਤਾ ਗਿਆ ਹੈ। ਇਹ ਜਾਣਕਾਰੀ ਵੀਰਵਾਰ ਨੂੰ ਸਿਟੀ ਵੱਲੋਂ ਦਿੱਤੀ ਗਈ।



ਹੁਣ ਸਾਰੇ ਮੁਲਾਜ਼ਮਾਂ ਨੂੰ 13 ਸਤੰਬਰ ਤੱਕ ਸਿਟੀ ਨੂੰ ਇਹ ਦੱਸਣਾ ਹੋਵੇਗਾ ਕਿ ਉਹ ਕੋਵਿਡ-19 ਖਿਲਾਫ ਆਪਣਾ ਟੀਕਾਕਰਣ ਕਰਵਾ ਚੁੱਕੇ ਹਨ ਜਾਂ ਨਹੀਂ। ਇਸ ਤੋਂ ਬਾਅਦ ਜਿਨ੍ਹਾਂ ਦਾ ਟੀਕਾਕਰਣ ਨਹੀਂ ਹੋਇਆ ਹੋਵੇਗਾ ਜਾਂ ਜਿਨ੍ਹਾਂ ਨੇ ਟੀਕਾਕਰਣ ਨਾ ਕਰਵਾਉਣ ਦਾ ਫੈਸਲਾ ਲਿਆ ਹੋਵੇਗਾ ਉਨ੍ਹਾਂ ਨੂੰ ਵੈਕਸੀਨੇਸ਼ਨ ਦੇ ਫਾਇਦਿਆਂ ਦੀ ਜਾਣਕਾਰੀ ਦੇ ਸਬੰਧ ਵਿੱਚ ਸਿੱਖਿਅਤ ਕੀਤਾ ਜਾਵੇਗਾ। ਇਸ ਸਬੰਧ ਵਿੱਚ ਜਾਣਕਾਰੀ ਹਾਸਲ ਕਰਨਾ ਮੁਲਾਜ਼ਮਾਂ ਲਈ ਲਾਜ਼ਮੀ ਹੋਵੇਗਾ।

ਸਿਟੀ ਨੇ ਆਖਿਆ ਕਿ ਜਿਨ੍ਹਾਂ ਮੁਲਾਜ਼ਮਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਹੋਈ ਫਿਰ ਉਨ੍ਹਾਂ ਨੂੰ 30 ਸਤੰਬਰ ਤੱਕ ਪਹਿਲੀ ਡੋਜ਼ ਦਾ ਸਬੂਤ ਦੇਣਾ ਹੋਵੇਗਾ।ਹੈਲਥ ਕੈਨੇਡਾ ਵੱਲੋਂ ਮਨਜ਼ੂਰਸ਼ੁਦਾ ਕੋਵਿਡ-19 ਵੈਕਸੀਨ ਰਾਹੀਂ ਮੁਕੰਮਲ ਟੀਕਾਕਰਣ ਕਰਵਾਕੇ ਅਜਿਹੇ ਮੁਲਾਜ਼ਮਾਂ ਨੂੰ 30 ਅਕਤੂਬਰ ਤੱਕ ਸਿਟੀ ਨੂੰ ਰਿਪੋਰਟ ਕਰਨਾ ਹੋਵੇਗਾ। ਮੇਅਰ ਜੌਹਨ ਟੋਰੀ ਨੇ ਆਖਿਆ ਕਿ ਇਹ ਫੈਸਲਾ ਸਿਟੀ ਦੀਆਂ ਲੇਬਰ ਯੂਨੀਅਨਜ਼ ਤੇ ਟੋਰਾਂਟੋ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਲਿਆ ਗਿਆ ਹੈ।

# ਫੈਡਰਲ ਚੋਣਾਂ ਲਈ ਇਲੈਕਸ਼ਨਜ਼ ਕੈਨੇਡਾ ਨੇ ਜਾਰੀ ਕੀਤੇ ਹੈਲਥ ਤੇ ਸੇਫਟੀ ਮਾਪਦੰਡ

ਓਟਵਾ, 19 ਅਗਸਤ (ਪੋਸਟ ਬਿਊਰੋ) : ਸਿਆਸੀ ਜੰਗ ਭਾਵੇਂ ਹੋਰ ਵੀ ਗੰਧਲੀ ਹੋ ਜਾਵੇ ਪਰ ਪੋਲਿੰਗ ਸਟੇਸ਼ਨ ਸਾਫ ਰਹਿਣਗੇ। ਆਉਣ ਵਾਲੀਆਂ ਫੈਡਰਲ ਚੋਣਾਂ ਦੇ ਸਬੰਧ ਵਿੱਚ ਪੋਲਿੰਗ ਸਟੇਸ਼ਨ ਜ਼ਰੂਰ ਸਾਫ ਸੁਥਰੇ ਰਹਿਣਗੇ।

ਬੁੱਧਵਾਰ ਨੂੰ ਇਲੈਕਸ਼ਨਜ਼ ਕੈਨੇਡਾ ਵੱਲੋਂ ਫੈਡਰਲ ਚੋਣਾਂ ਦੇ ਸਬੰਧ ਵਿੱਚ ਹੈਲਥ ਐਂਡ ਸੇਫਟੀ ਮਾਪਦੰਡ ਜਾਰੀ ਕੀਤੇ ਗਏ। ਇਹ ਚੋਣਾਂ ਉਦੋਂ ਹੋਣ ਜਾ ਰਹੀਆਂ ਹਨ ਜਦੋਂ ਕੋਵਿਡ-19 ਦੇ ਤੇਜ਼ੀ ਨਾਲ ਟਰਾਂਸਮਿਟ ਹੋਣ ਵਾਲੇ ਡੈਲਟਾ ਵੇਰੀਐਂਟ ਦੇ ਮਮਲਿਆਂ ਵਿੱਚ ਵੀ ਤੇਜ਼ੀ ਵੇਖਣ ਨੂੰ ਮਿਲ ਰਹੀ ਹੈ। ਇਲੈਕਸ਼ਨਜ਼ ਕੈਨੇਡਾ ਦਾ ਕਹਿਣਾ ਹੈ ਕਿ ਹੇਠ ਲਿਖੇ ਮਾਪਦੰਡ ਪ੍ਰਭਾਵੀ ਹੋਣਗੇ :



- ਵੋਟਰਾਂ ਨੂੰ ਉਸ ਸੂਰਤ ਵਿੱਚ ਮਾਸਕ ਪਾਉਣੇ ਹੋਣਗੇ ਜੇ ਉਨ੍ਹਾਂ ਦੇ ਪ੍ਰੋਵਿੰਸ ਜਾਂ ਲੋਕਲ ਜਿਊਰਿਸਡਿਕਸ਼ਨ ਵਿੱਚ ਅਜਿਹਾ ਕਰਨ ਸਬੰਧੀ ਨਿਯਮ ਲਾਗੂ ਹੈ। ਜੇ ਮਾਸਕ ਸਬੰਧੀ ਕੋਈ ਸ਼ਰਤ ਨਹੀਂ ਹੈ ਤਾਂ ਵੀ ਵੋਟਰਾਂ ਨੂੰ ਇਹ ਆਖਿਆ ਜਾਂਦਾ ਹੈ ਕਿ ਉਹ ਮਾਸਕ ਜ਼ਰੂਰ ਪਾਉਣ।
- ਪੋਲਿੰਗ ਬੂਥਜ਼ ਦੀ ਐਂਟਰੈਂਸ/ਐਗਜ਼ਿਟ ਉੱਤੇ ਸੈਨਿਟਾਈਜ਼ਿੰਗ ਸਟੇਸ਼ਨਜ਼ ਹੋਣਗੇ, ਇਸ ਦੇ ਨਾਲ ਹੀ ਪੂਰੇ ਪੋਲਿੰਗ ਸਟੇਸ਼ਨ ਵਿੱਚ ਸਾਈਨਬੋਰਡ ਲਾ ਕੇ ਵੋਟਰਾਂ ਨੂੰ ਫਿਜ਼ੀਕਲ ਡਿਸਟੈਂਸਿੰਗ ਬਰਕਰਾਰ ਰੱਖਣ ਲਈ ਆਖਿਆ ਜਾਵੇਗਾ।
- ਵੋਟਰਾਂ ਨਾਲ ਇੰਟਰੈਕਸ਼ਨ ਘਟਾਉਣ ਲਈ ਹਰੇਕ ਡੈਸਕ ਉੱਤੇ ਪਲੈਕਸੀਗਲਾਸ ਬੈਰੀਅਰ ਦੇ ਪਿੱਛੇ ਇੱਕ ਵਰਕਰ ਬੈਠਾ ਹੋਵੇਗਾ। ਪੋਲ ਵਰਕਰਜ਼ ਨੂੰ ਮਾਸਕ ਤੇ ਫੇਸ ਸ਼ੀਲਡਜ਼ ਮੁਹੱਈਆ ਕਰਵਾਈਆਂ ਜਾਣਗੀਆਂ।
- ਇਕਹਿਰੀ ਵਰਤੋਂ ਲਈ ਪੈਂਸਿਲ ਮੁਹੱਈਆ ਕਰਵਾਈ ਜਾਵੇਗੀ। ਵੋਟਰ, ਜੇ ਚਾਹੁੰਣਗੇ ਤਾਂ ਆਪਣੀ ਪੈਂਸਿਲ ਵੀ ਲਿਆ ਸਕਦੇ ਹਨ।
- ਪੋਲ ਵਰਕਰਜ਼ ਵੱਲੋਂ ਆਪਣੇ ਵਰਕਸਟੇਸ਼ਨਜ਼, ਡੋਰ ਹੈਂਡਲਜ਼ ਤੇ ਕਾਮਨ ਸਰਫੇਸਿਜ਼ ਨੂੰ ਸਾਰਾ ਦਿਨ ਵਾਰੀ ਵਾਰੀ ਸਾਫ ਕੀਤਾ ਜਾਂਦਾ ਰਹੇਗਾ ਤੇ ਉਹ ਸਾਵਧਾਨੀ ਨਾਲ ਵਰਤੇ ਹੋਏ ਮਾਸਕ ਤੇ ਗਲਵਜ਼ ਵੀ ਸੁੱਟਣਗੇ।
- ਉਮੀਦਵਾਰ ਤੇ ਉਨ੍ਹਾਂ ਦੇ ਜਿਨ੍ਹਾਂ ਨੁਮਾਇੰਦਿਆਂ ਨੂੰ ਪੋਲਿੰਗ ਤੇ ਬੈਲਟ ਕਾਊਂਟਿੰਗ ਲੋਕੇਸ਼ਨਜ਼ ਉੱਤੇ ਹਾਜ਼ਰ ਰਹਿਣ ਦੀ ਇਜਾਜ਼ਤ ਹੋਵੇਗੀ, ਉਨ੍ਹਾਂ ਨੂੰ ਮਾਸਕ ਪਾਉਣੇ ਹੋਣਗੇ ਤੇ ਫਿਜ਼ੀਕਲ ਡਿਸਟੈਂਸਿੰਗ ਰੱਖਣੀ ਹੋਵੇਗੀ।

ਕੈਨੇਡਾ ਦੇ ਚੀਫ ਇਲੈਕਟੋਰਲ ਆਫੀਸਰ ਸਟੀਫਨ ਪੈਰਾਲ ਨੇ ਆਸ ਪ੍ਰਗਟਾਈ ਕਿ ਇਹ ਚੋਣਾਂ ਸੁਰੱਖਿਅਤ ਢੰਗ ਨਾਲ ਸਿਰੇ ਚੜ੍ਹਾਈ ਜਾਣਗੀਆਂ। ਕੈਨੇਡੀਅਨ 20 ਸਤੰਬਰ ਨੂੰ ਵੋਟਾਂ ਪਾਉਣਗੇ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਚੋਣ ਕੈਂਪੇਨ ਦੇ ਪਹਿਲੇ ਦਿਨ ਸਾਰੀਆਂ ਪਾਰਟੀਆਂ ਦੇ ਆਗੂਆਂ ਨੇ ਓਨਟਾਰੀਓ ਤੇ ਕਿਊਬਿਕ ਵਿੱਚ ਡੇਰੇ ਲਾਏ




ਓਟਵਾ, 19 ਅਗਸਤ (ਪੋਸਟ ਬਿਊਰੋ) : ਟਰੂਡੋ ਵੱਲੋਂ ਚੋਣਾਂ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਫੈਡਰਲ ਚੋਣ ਕੈਂਪੇਨ ਦੀ ਰਸਮੀ ਸ਼ੁਰੂਆਤ ਅੱਜ ਤੋਂ ਹੋ ਗਈ।

ਸਵੇਰੇ 10:00 ਵਜੇ ਨਿਊਜ਼ ਕਾਨਫਰੰਸ ਕਰਨ ਤੋਂ ਬਾਅਦ ਲਿਬਰਲ ਆਗੂ ਜਸਟਿਨ ਟਰੂਡੋ ਅੱਜ ਲੌਂਗੁਇਲ, ਕਿਊਬਿਕ ਛੱਡਣਗੇ ਤੇ ਰਸਤੇ ਵਿੱਚ ਕਈ ਥਾਂਵਾਂ ਉੱਤੇ ਰੁਕਦੇ ਹੋਏ ਕੋਬਰਗ, ਓਨਟਾਰੀਓ ਜਾਣਗੇ। ਸਵੇਰ ਵੇਲੇ ਟਰੂਡੋ ਵੱਲੋਂ ਕੀਤੇ ਜਾਣ ਵਾਲੇ ਐਲਾਨ ਤੋਂ ਬਾਅਦ ਐਨਡੀਪੀ ਆਗੂ ਜਗਮੀਤ ਸਿੰਘ ਟੋਰਾਂਟੋ ਵਿੱਚ ਚੋਣਾਂ ਸਬੰਧੀ ਐਲਾਨ ਕਰਨਗੇ। ਲਿਬਰਲਾਂ ਦੇ ਇਸ ਗੜ੍ਹ ਨੂੰ ਜਗਮੀਤ ਸਿੰਘ ਸੰਤਰੀ ਰੰਗ ਵਿੱਚ ਰੰਗਣਾਂ ਚਾਹੁੰਦੇ ਹਨ।

ਇਸ ਦੌਰਾਨ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਅੱਜ ਓਟਵਾ ਡੇਰਾ ਲਾਉਣਗੇ। ਪਰ ਨਿਊਫਾਊਂਡਲੈਂਡ ਐਂਡ ਲੈਬਰਾਡੌਰ ਤੇ ਓਨਟਾਰੀਓ ਦੀਆਂ ਕਮਿਊਨਿਟੀਜ਼ ਨੂੰ ਉਹ ਵਰਚੂਅਲ ਟੈਲੀਫੋਨ ਟਾਊਨ ਹਾਲਜ਼ ਰਾਹੀਂ ਸੰਬੋਧਨ ਕਰਨਗੇ। ਇਸ ਦੌਰਾਨ ਉਨ੍ਹਾਂ ਦੀ ਟੀਮ ਵੱਲੋਂ ਵੱਡੇ ਐਲਾਨ ਦੇ ਸੰਕੇਤ ਵੀ ਦਿੱਤੇ ਜਾ ਰਹੇ ਹਨ।

ਟਰੂਡੋ ਦੀ ਬੇਨਤੀ ਉੱਤੇ ਗਵਰਨਰ ਜਨਰਲ ਮੈਰੀ ਸਾਇਮਨ ਨੇ ਐਤਵਾਰ ਸਵੇਰੇ ਸੰਸਦ ਭੰਗ ਕਰ ਦਿੱਤੀ ਸੀ ਤੇ ਹੁਣ ਕੈਨੇਡਾ ਵਿੱਚ 20 ਸਤੰਬਰ ਨੂੰ ਵੋਟਾਂ ਪੈਣਗੀਆਂ।

# ਜੀਟੀਏ ਲਈ ਲਿਬਰਲਾਂ ਤੇ ਕੰਜ਼ਰਵੇਟਿਵਾਂ ਦਰਮਿਆਨ ਫਸਵਾਂ ਮੁਕਾਬਲਾ : ਰਿਪੋਰਟ



ਟੋਰਾਂਟੋ, 19 ਅਗਸਤ (ਪੋਸਟ ਬਿਊਰੋ) : ਫੈਡਰਲ ਚੋਣਾਂ ਲਈ ਬਿਗਲ ਵੱਜਣ ਦੇ ਨਾਲ ਹੀ ਸਾਰੀਆਂ ਪਾਰਟੀਆਂ ਮੈਦਾਨ ਵਿੱਚ ਨਿੱਤਰ ਚੁੱਕੀਆਂ ਹਨ ਤੇ ਗ੍ਰੇਟਰ ਟੋਰਾਂਟੋ ਏਰੀਆ ਲਈ ਇਸ ਸਮੇਂ ਲਿਬਰਲਾਂ ਤੇ ਕੰਜ਼ਰਵੇਟਿਵਾਂ ਦਰਮਿਆਨ ਫਸਵਾਂ ਮੁਕਾਬਲਾ ਚੱਲ ਰਿਹਾ ਹੈ। ਇਹ ਖੁਲਾਸਾ ਇੱਕ ਨਵੇਂ ਸਰਵੇਖਣ ਵਿੱਚ ਕੀਤਾ ਗਿਆ।

ਸੋਮਵਾਰ ਨੂੰ ਫਰਮ ਰਿਸਰਚ ਪੋਲ ਵੱਲੋਂ ਜਾਰੀ ਕੀਤੇ ਗਏ ਨਵੇਂ ਸਰਵੇਖਣ ਦੀ ਰਿਪੋਰਟ ਵਿੱਚ ਆਖਿਆ ਗਿਆ ਕਿ ਜੇ ਅੱਜ ਚੋਣਾਂ ਕਰਵਾਈਆਂ ਜਾਂਦੀਆਂ ਹਨ ਤਾਂ ਪਹਿਲਾਂ ਤੋਂ ਹੀ ਤੈਅਸ਼ੁਦਾ ਵੋਟਰਜ਼ ਦੇ ਨਾਲ ਨਾਲ ਇਸ ਸਮੇਂ 36 ਫੀ ਸਦੀ ਵੋਟਰਾਂ ਦਾ ਝੁਕਾਅ ਲਿਬਰਲਾਂ ਵੱਲ ਹੈ ਤੇ 35 ਫੀ ਸਦੀ ਕੰਜ਼ਰਵੇਟਿਵਾਂ ਨੂੰ ਵੋਟ ਪਾਊਣ ਲਈ ਤਿਆਰ ਬੈਠੇ ਹਨ। ਸਰਵੇਖਣ ਵਿੱਚ ਇਹ ਵੀ ਆਖਿਆ ਗਿਆ ਕਿ 17 ਫੀ ਸਦੀ ਐਨਡੀਪੀ ਨੂੰ ਵੋਟ ਪਾਉਣੀ ਚਾਹੁੰਦੇ ਹਨ ਜਦਕਿ 6 ਫੀ ਸਦੀ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਹੱਕ ਵਿੱਚ ਹਨ ਤੇ ਤਿੰਨ ਫੀ ਸਦੀ ਗ੍ਰੀਨ ਪਾਰਟੀ ਦੇ ਹੱਕ ਵਿੱਚ ਨਜ਼ਰ ਆ ਰਹੇ ਹਨ।

ਲਿਬਰਲਾਂ ਦੇ ਹੱਕ ਵਿੱਚ 65 ਸਾਲ ਤੇ ਇਸ ਤੋਂ ਵੱਧ ਉਮਰ ਦੀਆਂ ਮਹਿਲਾਵਾਂ ਤੇ 416 ਏਰੀਆ ਵਿੱਚ ਰਹਿਣ ਵਾਲੇ ਲੋਕ ਹਨ। ਦੂਜੇ ਪਾਸੇ ਕੰਜ਼ਰਵੇਟਿਵਾਂ ਦੀ ਮਕਬੂਲੀਅਤ 55 ਤੋਂ 64 ਸਾਲ ਉਮਰ ਵਰਗ ਦੇ ਪੁਰਸ਼ਾਂ ਤੇ 905 ਇਲਾਕੇ ਵਿੱਚ ਰਹਿਣ ਵਾਲੇ ਵੋਟਰਾਂ ਦਰਮਿਆਨ ਕਾਫੀ ਹੈ। ਐਨਡੀਪੀ ਦੀ ਹਰਮਨਪਿਆਰਤਾ ਨੌਨ ਬਾਇਨਰੀ ਕਮਿਊਨਿਟੀ ਤੇ ਯੰਗਰ ਵੋਟਰਜ਼ ਦਰਮਿਆਨ ਹੈ।

# ਕਿਊਬਿਕ ਵਾਸੀਆਂ ਦਾ ਦਿਲ ਜਿੱਤਣ ਲਈ ਜਗਮੀਤ ਸਿੰਘ ਨੇ ਮਾਂਟਰੀਅਲ ਤੋਂ ਕੀਤੀ ਚੋਣ ਮੁਹਿੰਮ ਦੀ ਸ਼ੁਰੂਆਤ

ਮਾਂਟਰੀਅਲ, 19 ਅਗਸਤ (ਪੋਸਟ ਬਿਊਰੋ) : ਨਿਊ ਡੈਮੋਕ੍ਰੇਟ ਪਾਰਟੀ ਦੇ ਆਗੂ ਜਗਮੀਤ ਸਿੰਘ ਨੇ ਐਤਵਾਰ ਨੂੰ ਕਿਊਬਿਕ ਤੋਂ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ। 2011 ਵਿੱਚ ਐਨਡੀਪੀ ਨੂੰ ਇੱਥੇ ਕਾਫੀ ਚੜ੍ਹਤ ਮਿਲੀ ਸੀ ਜਦਕਿ 2019 ਵਿੱਚ ਪਾਰਟੀ ਇੱਥੇ ਹਾਰ ਗਈ ਸੀ। ਜਗਮੀਤ ਸਿੰਘ ਨੇ ਆਖਿਆ ਕਿ ਉਹ ਕਿਊਬਿਕ ਵਾਸੀਆਂ ਨੂੰ ਇਹ ਵਿਖਾਉਣਾ ਚਾਹੁੰਦੇ ਹਨ ਕਿ ਮਹਾਂਮਾਰੀ ਦੌਰਾਨ ਉਨ੍ਹਾਂ ਨੇ ਉਨ੍ਹਾਂ ਵਾਸਤੇ ਕਿੰਨੀ ਮਿਹਨਤ ਕੀਤੀ।

ਇੱਕ ਦਹਾਕੇ ਪਹਿਲਾਂ ਤਤਕਾਲੀ ਐਨਡੀਪੀ ਆਗੂ ਜੈਕ ਲੇਯਟਨ ਦੀ ਹਰਮ-ਨਪਿਆਰਤਾ ਕਾਰਨ ਪਾਰਟੀ ਨੂੰ ਕਾਫੀ ਮੁਕਬੂਲੀਅਤ ਮਿਲੀ ਸੀ। 2015 ਵਿੱਚ ਪਾਰਟੀ ਇੱਥੇ ਕਈ ਸੀਟਾਂ ਗੁਆ ਬੈਠੀ। ਰਹਿੰਦੀ ਕਸਰ ਉਦੋਂ ਪੂਰੀ ਹੋ ਗਈ ਜਦੋਂ ਬਿੱਲ 21 ਕਾਰਨ ਪਿਛਲੀਆਂ ਚੋਣਾਂ ਵਿੱਚ ਬਹਿਸ ਦੌਰਾਨ ਪਾਰਟੀ ਨੂੰ ਨੁਕਸਾਨ ਪਹੁੰਚਿਆ। ਇਸ ਕਾਨੂੰਨ ਤਹਿਤ ਪਬਲਿਕ ਸੈਕਟਰ ਨਾਲ ਕੰਮ ਕਰਨ ਵਾਲੇ ਵਰਕਰਜ਼ ਨੂੰ ਹਿਜਾਬ ਪਾਉਣ ਤੇ ਪੱਗ ਆਦਿ ਬੰਨ੍ਹਣ ਤੋਂ ਮਨਾਹੀ ਹੈ। 2019 ਦੀ ਕੈਂਪੇਨ ਦੌਰਾਨ ਮਾਂਟਰੀਅਲ ਦੇ ਇੱਕ ਵਿਅਕਤੀ ਵੱਲੋਂ ਜਗਮੀਤ ਸਿੰਘ ਨੂੰ ਆਪਣੇ ਕੇਸ ਕਟਾਕੇ ਆਪਣੀ ਪੱਗ ਹਟਾਉਣ ਲਈ ਵੀ ਆਖਿਆ ਗਿਆ।



ਐਤਵਾਰ ਨੂੰ ਮਾਂਟਰੀਅਲ ਦੇ ਪਾਰਕ ਵਿੱਚ ਜਗਮੀਤ ਸਿੰਘ ਆਪਣੀ ਪਤਨੀ ਤੇ ਕਿਊਬਿਕ ਤੋਂ ਐਨਡੀਪੀ ਐਮਪੀ ਅਲੈਗਜ਼ੈਂਡਰ ਬੋਲਰਿਸ ਨਾਲ ਨਜ਼ਰ ਆਏ। ਜਗਮੀਤ ਸਿੰਘ ਨੇ ਕੈਨੇਡੀਅਨਜ਼ ਲਈ ਮਹਾਂਮਾਰੀ ਦੌਰਾਨ ਰਾਹਤ ਵਿੱਚ ਸੁਧਾਰ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਟਰੂਡੋ ਉੱਤੇ ਵਰ੍ਹਦਿਆਂ ਆਖਿਆ ਕਿ ਟਰੂਡੋ ਨੂੰ ਅਜਿਹਾ ਨਹੀਂ ਸੀ ਕਰਨਾ ਚਾਹੀਦਾ। ਉਨ੍ਹਾਂ ਆਖਿਆ ਕਿ ਜਦੋਂ ਹਾਲਾਤ ਨਾਸਾਜ਼ ਹਨ, ਅਸੀਂ ਮਹਾਂਮਾਰੀ ਵਿੱਚੋਂ ਲੰਘ ਰਹੇ ਹਾਂ, ਲੋਕ ਮੁਸ਼ਕਲ ਵਿੱਚ ਫਸੇ ਹੋਏ ਹਨ, ਵਰਕਰਜ਼ ਨੂੰ ਕੰਮ ਨਹੀਂ ਮਿਲ ਰਿਹਾ ਤੇ ਜਿਨ੍ਹਾਂ ਕੋਲ ਕੰਮ ਹੈ ਉਨ੍ਹਾਂ ਨੂੰ ਇਹ ਪਤਾ ਨਹੀਂ ਲੱਗ ਰਿਹਾ ਕਿ ਆਉਣ ਵਾਲੇ ਸਮੇਂ ਵਿੱਚ ਕੀ ਹੋਵੇਗਾ, ਅਜਿਹੇ ਵਿੱਚ ਅਸੀਂ ਉਨ੍ਹਾਂ ਲਈ ਹਰਦਮ ਹਾਜ਼ਰ ਹਾਂ। ਅਸੀਂ ਉਨ੍ਹਾਂ ਲਈ ਤੇ ਉਨ੍ਹਾਂ ਦੇ ਪਰਿਵਾਰਾਂ ਲਈ ਲੜਾਂਗੇ।

ਜ਼ਿਕਰਯੋਗ ਹੈ ਕਿ ਵੇਜ ਸਬਸਿਡੀ ਵਧਾਉਣ ਤੇ ਫੈਡਰਲ ਵਰਕਰਜ਼ ਲਈ ਪੇਡ ਸਿੱਕ ਲੀਵ ਲਿਆਉਣ ਲਈ ਘੱਟ ਗਿਣਤੀ ਲਿਬਰਲ ਸਰਕਾਰ ਨਾਲ ਐਨਡੀਪੀ ਲੜੀ ਸੀ। ਉਨ੍ਹਾਂ ਆਖਿਆ ਕਿ ਐਨਡੀਪੀ ਦੇ ਓਟਵਾ ਵਿੱਚ ਹੋਣ ਨਾਲ ਹਰ ਕੈਨੇਡੀਅਨ ਨੂੰ ਫਾਇਦਾ ਹੋਇਆ ਹੈ। ਜਗਮੀਤ ਸਿੰਘ ਨੇ ਆਖਿਆ ਕਿ ਜੇ ਅਸੀਂ ਚੁਣੇ ਜਾਂਦੇ ਹਾਂ ਤਾਂ ਹੋਰ ਕੀ ਕੁੱਝ ਕਰ ਸਕਾਂਗੇ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸ਼ਨਿੱਚਰਵਾਰ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਕਿਊਬਿਕ ਵਾਸੀਆਂ ਨੇ ਵੈਕਸੀਨ ਪਾਸਪੋਰਟ ਜਾਰੀ ਕਰਨ ਬਾਰੇ ਕਿਊਬਿਕ ਦੇ ਪ੍ਰੀਮੀਅਰ ਫਰੈਂਕੋਇਸ ਲੀਗਾਲਟ ਤੇ ਜਸਟਿਨ ਟਰੂਡੋ ਖਿਲਾਫ ਬੇਭਰੋਸਗੀ ਵਿਖਾਉਂਦਿਆਂ ਮਾਂਟਰੀਅਲ ਦੀਆਂ ਸੜਕਾਂ ਉੱਤੇ ਮੁਜ਼ਾਹਰਾ ਕੀਤਾ।

ਜਗਮੀਤ ਸਿੰਘ ਨੇ ਆਖਿਆ ਕਿ ਉਹ ਚੋਣਾਂ ਜਿੱਤਦੇ ਹਨ ਤਾਂ ਪਾਰਦਰਸ਼ਤਾ ਲਿਆਉਣਗੇ, ਸਪਸ਼ਟ ਸਬੂਤ ਸਬੰਧੀ ਨਿਯਮ ਬਣਾਉਣਗੇ ਤੇ ਇਹ ਸਾਫ ਦੱਸਣਗੇ ਕਿ ਲੋਕਾਂ ਨੂੰ ਪਬਲਿਕ ਹੈਲਥ ਮਾਪਦੰਡ ਕਿਉਂ ਮੰਨਣੇ ਚਾਹੀਦੇ ਹਨ। ਕਿਊਬਿਕ ਤੋਂ ਐਨਡੀਪੀ ਉਮੀਦਵਾਰ ਨੀਮਾ ਮਸੂਫ ਨਾਲ ਵੀ ਜਗਮੀਤ ਸਿੰਘ ਨੇ ਜਾਣ-ਪਛਾਣ ਕਰਵਾਈ।

# ਨੋਵਾ ਸਕੋਸ਼ੀਆ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਨੇ ਚੋਣਾਂ ਜਿੱਤ ਕੇ ਕੀਤੀ ਜ਼ਬਰਦਸਤ ਵਾਪਸੀ

ਹੈਲੀਫੈਕਸ, 19 ਅਗਸਤ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਨੋਵਾ ਸਕੋਸ਼ੀਆ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਨੇ ਚੋਣਾਂ ਜਿੱਤ ਕੇ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਮਗਰੋਂ ਜ਼ਬਰਦਸਤ ਵਾਪਸੀ ਕੀਤੀ। ਬਹੁਗਿਣਤੀ ਸਰਕਾਰ ਬਣਾਉਣ ਲਈ ਪਾਰਟੀ ਨੂੰ ਵੱਡੀ ਸਫਲਤਾ ਹਾਸਲ ਹੋਈ ਹੈ। 2009 ਤੋਂ ਬਾਅਦ ਪਹਿਲੀ ਵਾਰੀ ਪਾਰਟੀ ਸੱਤਾ ਵਿੱਚ ਆਈ ਹੈ। ਉਸ ਸਮੇਂ ਰੌਡਨੀ ਮੈਕਡੌਨਲਡ



ਪ੍ਰੀਮੀਅਰ ਸਨ। ਇਸ ਵਾਰੀ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਨੇ ਖੱਬੇ ਪੱਖੀ ਝੁਕਾਅ ਵਾਲਾ, ਵੱਧ ਖਰਚਿਆਂ ਵਾਲਾ ਪਲੇਟਫਾਰਮ ਪੇਸ਼ ਕੀਤਾ ਜਿਸ ਵਿੱਚ ਜ਼ਿਆਦਾ ਜ਼ੋਰ ਹੈਲਥ ਕੇਅਰ ਸਿਸਟਮ ਵਿੱਚ ਸੁਧਾਰ ਉੱਤੇ ਦਿੱਤਾ ਗਿਆ ਸੀ। ਹੌਲੀ ਹੌਲੀ ਕੰਜ਼ਰਵੇਟਿਵਾਂ ਦੀ ਚੋਣ ਕੈਂਪੇਨ ਦਾ ਮੁੱਖ ਮੁੱਦਾ ਹੈਲਥ ਕੇਅਰ ਸਿਸਟਮ ਵਿੱਚ ਸੁਧਾਰ ਬਣ ਗਿਆ।

ਪੀ ਸੀ ਪਾਰਟੀ ਨੇ ਸੱਤਾਧਾਰੀ ਲਿਬਰਲਾਂ ਨੂੰ ਤਕੜੀ ਸ਼ਿਕਸਤ ਦੇ ਕੇ ਚੱਲਦਾ ਕਰ ਦਿੱਤਾ। ਕੋਵਿਡ-19 ਮਹਾਂਮਾਰੀ ਦਰਮਿਆਨ ਐਟਲਾਂਟਿਕ ਕੈਨੇਡਾ ਵਿੱਚ ਹੋਈਆਂ ਇਹ ਤੀਜੀਆਂ ਪ੍ਰੋਵਿੰਸ਼ੀਅਲ ਚੋਣਾਂ ਹਨ।

# ਕਮਜ਼ੋਰ ਲੋਕਾਂ ਨੂੰ ਕੋਵਿਡ-19 ਵੈਕਸੀਨ ਦੀ ਤੀਜੀ ਡੋਜ਼ ਲਾਵੇਗਾ ਓਨਟਾਰੀਓ

## 2009 ਵਿੱਚ ਪੈਦਾ ਹੋਏ ਬੱਚਿਆਂ ਨੂੰ ਵੀ ਲੱਗ ਸਕੇਗੀ ਕੋਵਿਡ-19 ਵੈਕਸੀਨ

ਓਨਟਾਰੀਓ, 19 ਅਗਸਤ (ਪੋਸਟ ਬਿਊਰੋ) : ਓਨਟਾਰੀਓ ਦਾ ਕਹਿਣਾ ਹੈ ਕਿ ਉਹ ਕਮਜ਼ੋਰ ਲੋਕਾਂ ਨੂੰ ਕੋਵਿਡ-19 ਵੈਕਸੀਨ ਦੀ ਤੀਜੀ ਡੋਜ਼ ਦੇਣ ਦੀ ਪੇਸ਼ਕਸ਼ ਕਰੇਗਾ। ਇਸ ਦੇ ਨਾਲ ਹੀ ਪ੍ਰੋਵਿੰਸ ਵੱਲੋਂ 2009 ਵਿੱਚ ਪੈਦਾ ਹੋਏ ਬੱਚਿਆਂ ਲਈ ਵੀ ਫਾਈਜ਼ਰ ਦੀ ਕੋਵਿਡ-19 ਵੈਕਸੀਨ ਨੂੰ ਕਾਰਗਰ ਦੱਸਿਆ ਗਿਆ।

ਬੁੱਧਵਾਰ ਤੋਂ ਸ਼ੁਰੂ ਕਰਕੇ ਸਾਲ ਮੁੱਕਣ ਤੋਂ ਪਹਿਲਾਂ 12 ਸਾਲ ਦੇ ਹੋਣ ਜਾ ਰਹੇ ਬੱਚੇ ਵੀ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਲੈਣ ਦੇ ਯੋਗ ਹੋਣਗੇ। ਇੱਕ ਰਲੀਜ਼ ਵਿੱਚ ਪ੍ਰੋਵਿੰਸ ਨੇ ਆਖਿਆ ਕਿ ਓਨਟਾਰੀਓ ਨੇ ਅਲਬਰਟਾ ਤੇ ਬ੍ਰਿਟਿਸ਼ ਕੋਲੰਬੀਆ ਤੋਂ ਹਾਸਲ ਕੀਤੇ ਡਾਟਾ ਨੂੰ ਚੰਗੀ ਤਰ੍ਹਾਂ ਘੋਖਿਆ ਹੈ, ਉੱਥੇ 2009 ਵਿੱਚ ਪੈਦਾ ਹੋਏ ਬੱਚਿਆਂ ਨੂੰ ਫਾਈਜ਼ਰ ਵੈਕਸੀਨ ਦੇ ਸ਼ੌਟ ਕਈ ਮਹੀਨਿਆਂ ਤੱਕ ਲਾਏ ਗਏ ਤੇ ਕਿਸੇ ਤਰ੍ਹਾਂ ਦਾ ਕੋਈ ਰਿਸਕ ਸਾਹਮਣੇ ਨਹੀਂ ਆਇਆ।

ਇਸ ਨਾਲ ਇਹ ਵੀ ਯਕੀਨੀ ਬਣਾਇਆ ਜਾ ਸਕੇਗਾ ਕਿ ਹੁਣ ਜਦੋਂ ਵਿਦਿਆਰਥੀ ਸਕੂਲ ਪਹੁੰਚਣਗੇ ਤਾਂ ਅਜਿਹੇ ਵਿੱਚ ਵੈਕਸੀਨ ਕਈ ਹੋਰ ਵਿਦਿਆਰਥੀਆਂ ਨੂੰ ਲੱਗ ਸਕੇ ਤੇ ਇਸ ਨਾਲ ਕੋਵਿਡ-19 ਤੋਂ ਹੋਰ ਹਿਫਾਜ਼ਤ ਹੋ ਸਕੇਗੀ ਤੇ ਡੈਲਟਾ ਵੇਰੀਐਂਟ ਤੋਂ ਵੀ ਬਚਾਅ ਹੋਵੇਗਾ। ਪ੍ਰੋਵਿੰਸ ਵੱਲੋਂ ਕੋਵਿਡ-19 ਵੈਕਸੀਨ ਦੀ ਤੀਜੀ ਡੋਜ਼



ਹੇਠ ਲਿਖੀ ਆਬਾਦੀ ਨੂੰ ਦਿੱਤੀ ਜਾਵੇਗੀ, ਇਨ੍ਹਾਂ ਵਿੱਚ ਲਾਂਗ ਟਰਮ ਕੇਅਰ ਵਿੱਚ ਰਹਿਣ ਵਾਲੇ ਲੋਕ ਵੀ ਸ਼ਾਮਲ ਹੋਣਗੇ :

- ਟਰਾਂਸਪਲਾਂਟ ਕਰਵਾਉਣ ਵਾਲੇ (ਜਿਨ੍ਹਾਂ ਦੇ ਸ਼ਰੀਰ ਦੇ ਕਿਸੇ ਅੰਗ ਦਾ ਟਰਾਂਸਪਲਾਂਟ ਹੋਇਆ ਹੋਵੇ ਤੇ ਜਿਨ੍ਹਾਂ ਦੇ ਹੇਮਾਟੋਪੋਇਟਿਕ ਸਟੈਮ ਸੈੱਲ ਟਰਾਂਸਪਲਾਂਟ ਹੋਇਆ ਹੋਵੇ)
- ਜਿਨ੍ਹਾਂ ਮਰੀਜ਼ਾਂ ਨੂੰ ਲਿੰਫੋਮਾ, ਮਾਇਲੋਮਾ, ਲਿਊਕੀਮੀਆ ਵਰਗੇ ਕੈਂਸਰ ਹੋਣ, ਤੇ ਜਿਨ੍ਹਾਂ ਦਾ ਐਕਟਿਵ ਟਰੀਟਮੈਂਟ ਜਿਵੇਂ ਕਿ ਕੀਮੋਥੈਰੇਪੀ, ਹੋਰ ਟਾਰਗੈਟਿਡ ਥੈਰੇਪੀਜ਼ ਤੇ ਇਮਿਊਨੋਥੈਰੇਪੀ ਆਦਿ ਹੋ ਰਹੀ ਹੋਵੇ, ਜਿਨ੍ਹਾਂ ਦਾ ਹੇਮਾਟੋਲਾਜਿਕ ਡਿਸਆਰਡਰਜ਼ ਦਾ ਇਲਾਜ ਚੱਲ ਰਿਹਾ ਹੋਵੇ
- ਐਂਟੀ ਸੀਡੀ20 ਏਜੰਟ ਦੇ ਰੈਸੀਪੀਐਂਟਸ (ਜਿਵੇਂ ਕਿ ritux-imab, ocrelizumab, ofatu-mumab)
- ਲਾਂਗ ਟਰਮ ਕੇਅਰ ਹੋਮਜ਼, ਹਾਈ ਰਿਸਕ ਰਿਟਾਇਰਮੈਂਟ ਹੋਮਜ਼ ਤੇ ਫਰਸਟ ਨੇਸ਼ਨਜ਼ ਦੇ ਐਲਡਰ ਲਾਜਿਜ਼ ਵਿੱਚ ਰਹਿਣ ਵਾਲਿਆਂ ਨੂੰ

# ਓਨਟਾਰੀਓ ਨਾਲ ਚਾਈਲਡ ਕੇਅਰ ਡੀਲ ਸਿਰੇ ਚੜ੍ਹਨ ਦੀ ਟਰੂਡੋ ਨੂੰ ਪੂਰੀ ਆਸ

ਮਾਰਖਮ,19 ਅਗਸਤ (ਪੋਸਟ ਬਿਊਰੋ) : ਲਿਬਰਲ ਆਗੂ ਜਸਟਿਨ ਟਰੂਡੋ ਨੇ ਆਖਿਆ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਉਹ ਓਨਟਾਰੀਓ ਸਰਕਾਰ ਨਾਲ ਚਾਈਲਡ ਕੇਅਰ ਡੀਲ ਜ਼ਰੂਰ ਸਿਰੇ ਚੜ੍ਹਾਉਣਗੇ ਤੇ ਇਸ ਪਲੈਨ ਨੂੰ ਦੇਸ਼ ਭਰ ਵਿੱਚ ਲਾਗੂ ਕੀਤਾ ਜਾਵੇਗਾ।

ਮੰਗਲਵਾਰ ਨੂੰ ਮਾਰਖਮ, ਓਨਟਾਰੀਓ ਵਿੱਚ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਮਹਾਂਮਾਰੀ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਕਿਫਾਇਤੀ ਚਾਈਲਡ ਕੇਅਰ ਤੋਂ ਬਿਨਾਂ ਮਾਪੇ, ਖਾਸਤੌਰ ਉੱਤੇ ਮਹਿਲਾਵਾਂ ਕੰਮ ਨਹੀਂ ਕਰ ਸਕਦੀਆਂ। ਉਨ੍ਹਾਂ ਆਖਿਆ ਕਿ ਘਰ ਵਿੱਚ ਰਹਿੰਦਿਆਂ ਤੇ ਰਸੋਈ ਦੇ ਕੰਮ ਕਰਨ ਦੇ ਨਾਲ ਨਾਲ ਬੱਚਿਆਂ ਦੀ ਕਲਾਸਾਂ ਵਿੱਚ ਮਦਦ ਕਰਵਾਉਣਾ ਕੋਈ ਆਸਾਨ ਕੰਮ ਨਹੀਂ ਹੈ ਤੇ ਇਸ ਤਰ੍ਹਾਂ ਕੋਈ ਆਪਣਾ ਕਰੀਅਰ ਨਹੀਂ ਬਣਾ ਸਕਦਾ।



ਲਿਬਰਲਾਂ ਨੇ ਅਗਲੇ ਸਾਲ ਤੋਂ ਚਾਈਲਡ ਕੇਅਰ ਫੀਸ 50 ਫੀ ਸਦੀ ਘੱਟ ਕਰਨ ਦਾ ਵਾਅਦਾ ਕੀਤਾ ਤੇ 30 ਬਿਲੀਅਨ ਡਾਲਰ ਦੀ ਲਾਗਤ ਨਾਲ ਅਗਲੇ ਪੰਜ ਸਾਲਾਂ ਵਿੱਚ ਔਸਤਨ ਦਿਨ ਦੇ 10 ਡਾਲਰ ਦੇ ਹਿਸਾਬ ਨਾਲ ਚਾਈਲਡ ਕੇਅਰ ਫੀਸ ਲਿਆਉਣ ਦਾ ਤਹੱਈਆ ਵੀ ਪ੍ਰਗਟਾਇਆ। ਟਰੂਡੋ ਨੇ ਇਹ ਵੀ ਆਖਿਆ ਕਿ ਉਨ੍ਹਾਂ ਵੱਲੋਂ ਚੋਣਾਂ ਦਾ ਐਲਾਨ ਕੀਤੇ ਜਾਣ ਤੋਂ ਪਹਿਲਾਂ ਓਨਟਾਰੀਓ ਤੇ ਅਲਬਰਟਾ ਨੂੰ ਛੱਡ ਅੱਠ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨਾਲ ਚਾਈਲਡ ਕੇਅਰ ਡੀਲਜ਼ ਸਾਈਨ ਕੀਤੀਆਂ ਸਨ। ਉਨ੍ਹਾਂ ਇਹ ਵੀ ਆਖਿਆ ਕਿ ਕੰਜ਼ਰਵੇਟਿਵਾਂ ਨਾਲੋਂ ਉਨ੍ਹਾਂ ਦਾ ਪਲੈਨ ਵੱਖਰਾ ਹੈ।

ਟਰੂਡੋ ਨੇ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਦੀ ਗੱਲ ਕਰਦਿਆਂ ਆਖਿਆ ਕਿ ਉਹ ਸਟੀਫਨ ਹਾਰਪਰ ਦੇ ਯੁੱਗ ਦੀਆਂ ਨੀਤੀਆਂ ਲਿਆ ਕੇ ਲਿਬਰਲਾਂ ਵੱਲੋਂ ਕੀਤੀ ਗਈ ਤਰੱਕੀ ਨੂੰ ਵੀ ਖ਼ਤਮ ਕਰਨਾ ਚਾਹੁੰਦੇ ਹਨ।

# ਸਤੰਬਰ ਵਿੱਚ ਕੋਵਿਡ-19 ਵੈਕਸੀਨ ਦੇ ਬੂਸਟਰ ਸ਼ੌਟਸ ਉਪਲਬਧ ਕਰਾਵੇਗਾ ਅਮਰੀਕਾ

ਵਾਸ਼ਿੰਗਟਨ, 19 ਅਗਸਤ (ਪੋਸਟ ਬਿਊਰੋ) : ਕੋਵਿਡ-19 ਵੈਕਸੀਨ ਦੇ ਬੂਸਟਰ ਸ਼ੌਟਸ 20 ਸਤੰਬਰ ਤੋਂ ਅਮੈਰੀਕਨਜ਼ ਲਈ ਉਪਲਬਧ ਕਰਵਾਏ ਜਾਣਗੇ। ਇਹ ਜਾਣਕਾਰੀ ਅਮਰੀਕੀ ਅਧਿਕਾਰੀਆਂ ਨੇ ਬੁੱਧਵਾਰ ਨੂੰ ਦਿੱਤੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਡੈਲਟਾ ਵੇਰੀਐਂਟ ਕਾਰਨ ਇਨਫੈਕਸ਼ਨ ਵਿੱਚ ਆਈ ਤੇਜ਼ੀ ਤੇ ਪਹਿਲਾਂ ਕੀਤੀ ਗਈ ਵੈਕਸੀਨੇਸ਼ਨ ਤੋਂ ਮਿਲਣ ਵਾਲੀ ਸੁਰੱਖਿਆ ਘਟ ਜਾਣ ਕਾਰਨ ਇਹ ਫੈਸਲਾ ਲਿਆ ਗਿਆ ਹੈ।

ਹੈਲਥ ਐਂਡ ਹਿਊਮਨ ਸਰਵਿਸਿਜ਼ ਡਿਪਾਰਟਮੈਂਟ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਘੱਟੋ ਘੱਟ ਅੱਠ ਮਹੀਨੇ ਪਹਿਲਾਂ ਮੌਡਰਨਾ ਅਤੇ ਫਾਈਜ਼ਰ-ਬਾਇਓਐਨਟੈਕ ਵੈਕਸੀਨ ਦੀਆਂ ਦੋ ਡੋਜ਼ਾਂ ਲਵਾ ਚੁੱਕੇ ਅਮੈਰੀਕਨਜ਼ ਨੂੰ ਅਮਰੀਕੀ ਅਧਿਕਾਰੀਆਂ ਵੱਲੋਂ



ਤੀਜਾ ਸ਼ੌਟ ਦੇਣ ਦੀ ਪੇਸ਼ਕਸ਼ ਕੀਤੀ ਜਾਵੇਗੀ। ਵ੍ਹਾਈਟ ਹਾਊਸ ਦੇ ਕਰੋਨਾਵਾਇਰਸ ਰਿਸਪਾਂਸ ਕੋਆਰਡੀਨੇਟਰ ਜੈੱਫ ਜ਼ਿਐਂਟਸ ਨੇ ਦੱਸਿਆ ਕਿ ਅਮਰੀਕੀ ਸਰਕਾਰ ਵੱਲੋਂ ਦੇਸ਼ ਭਰ ਵਿੱਚ 80,000 ਦੇ ਨੇੜੇ ਤੇੜੇ ਥਾਂਵਾਂ ਉੱਤੇ 100 ਮਿਲੀਅਨ ਬੂਸਟਰ ਸ਼ੌਟਸ ਮੁਫਤ ਵਿੱਚ ਦੇਣ ਦੀ ਸੰਭਾਵਨਾ ਹੈ।

ਸ਼ੁਰੂਆਤ ਵਿੱਚ ਬੂਸਟਰ ਡੋਜ਼ਾਂ ਉਨ੍ਹਾਂ ਅਮੈਰੀਕਨਜ਼ ਨੂੰ ਦਿੱਤੀਆਂ ਜਾਣਗੀਆਂ ਜਿਨ੍ਹਾਂ ਨੂੰ ਵੈਕਸੀਨ ਦੀਆਂ ਦੋ ਡੋਜ਼ਾਂ ਪਹਿਲਾਂ ਹੀ ਹਾਸਲ ਹੋ ਚੁੱਕੀਆਂ ਹਨ, ਪਰ ਅਧਿਕਾਰੀਆਂ ਨੇ ਆਖਿਆ ਕਿ ਉਨ੍ਹਾਂ ਦੇ ਅੰਦਾਜ਼ੇ ਮੁਤਾਬਕ ਜਿਨ੍ਹਾਂ ਵਿਅਕਤੀਆਂ ਨੂੰ ਜੌਹਨਸਨ ਐਂਡ ਜੌਹਨਸਨ ਦੀ ਸਿੰਗਲ ਡੋਜ਼ ਲੱਗੀ ਹੋਵੇਗੀ ਉਨ੍ਹਾਂ ਨੂੰ ਵੀ ਬੂਸਟਰ ਦੀ ਲੋੜ ਪਵੇਗੀ। ਜੌਹਨਸਨ ਐਂਡ ਜੌਹਨਸਨ ਨੂੰ ਅਮਰੀਕਾ ਵਿੱਚ ਫਰਵਰੀ ਵਿੱਚ ਵੈਕਸੀਨੇਸ਼ਨ ਲਈ ਇਜਾਜ਼ਤ ਦਿੱਤੀ ਗਈ ਸੀ। ਅਧਿਕਾਰੀਆਂ ਨੇ ਆਖਿਆ ਕਿ ਇਹ ਬੂਸਟਰ ਸ਼ੌਟਸ ਸੱਭ ਤੋਂ ਪਹਿਲਾਂ ਹੈਲਥ ਕੇਅਰ ਵਰਕਰਜ਼, ਨਰਸਿੰਗ ਹੋਮ ਰੈਜ਼ੀਡੈਂਟਸ ਤੇ ਬਜ਼ੁਰਗਾਂ ਨੂੰ ਲਾਏ ਜਾਣਗੇ। ਇਹ ਉਹ ਲੋਕ ਹਨ ਜਿਨ੍ਹਾਂ ਨੂੰ 2020 ਦੇ ਅਖੀਰ ਵਿੱਚ ਤੇ 2021 ਦੇ ਸ਼ੁਰੂ ਵਿੱਚ ਵੈਕਸੀਨੇਟ ਕੀਤਾ ਗਿਆ ਸੀ।

# ਬੰਦੂਕ ਦੀ ਨੋਕ ਉੱਤੇ ਕਾਰ ਚੋਰੀ ਕਰਨ ਵਾਲੇ 4 ਟੀਨੇਜਰ ਗ੍ਰਿਫਤਾਰ

ਬਰੈਂਪਟਨ, 19 ਅਗਸਤ (ਪੋਸਟ ਬਿਊਰੋ) : ਬੰਦੂਕ ਦੀ ਨੋਕ ਉੱਤੇ ਕਥਿਤ ਤੌਰ ਉੱਤੇ ਇੱਕ ਲਗਜ਼ਰੀ ਕਾਰ ਚੋਰੀ ਕਰਨ ਵਾਲੇ ਚਾਰ ਟੀਨੇਜਰਜ਼ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਹੈ।

ਪੀਲ ਪੁਲਿਸ ਨੇ ਦੱਸਿਆ ਕਿ ਐਲਫਾ ਰੋਮੀਓ ਨੂੰ ਬਰੈਂਪਟਨ ਵਿੱਚ ਚਿੰਗੁਆਕਸੇ ਰੋਡ ਤੇ ਅਰਲਸਬ੍ਰਿੱਜ ਬੋਲੀਵੀਆਰਡ ਤੋਂ ਚੋਰੀ ਕੀਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਚਾਰ ਟੀਨੇਜਰਜ਼ ਵੱਲੋਂ ਬੰਦੂਕ ਦਿਖਾ ਕੇ ਗੱਡੀ ਦੇ ਮਾਲਕ ਤੱਕ ਪਹੁੰਚ



ਕੀਤੀ ਗਈ ਤੇ ਫਿਰ ਉਹ ਸਾਰੇ ਬ੍ਰੈਂਡ ਨਿਊ ਗੱਡੀ ਵਿੱਚ ਬੈਠ ਕੇ ਹੀ ਫਰਾਰ ਹੋ ਗਏ। ਪਰ ਗੱਡੀ ਦੀ ਸਕਿਊਰਿਟੀ ਤਕਨਾਲੋਜੀ ਕਰਕੇ ਪੁਲਿਸ ਜਲਦ ਹੀ ਗੱਡੀ ਦੇ ਥਹੁ ਟਿਕਾਣੇ ਦਾ ਪਤਾ ਲਾਉਣ ਵਿੱਚ ਕਾਮਯਾਬ ਹੋ ਗਈ।

ਪੁਲਿਸ ਨੇ ਦੱਸਿਆ ਕਿ ਕਾਰ ਨੂੰ ਨੌਰਥ ਯੌਰਕ ਵਿੱਚ ਟਰੈਕ ਕਰ ਲਿਆ ਗਿਆ ਜਿੱਥੇ ਟੋਰਾਂਟੋ ਪੁਲਿਸ ਨੇ ਕਾਰ ਰੋਕੀ ਤੇ ਚਾਰ ਟੀਨੇਜਰਜ਼ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਅਧਿਕਾਰੀਆਂ ਨੇ ਭਰੀ ਹੋਈ ਹੈਂਡਗੰਨ ਤੇ ਡਰੱਗਜ਼ ਵੀ ਮੌਕੇ ਤੋਂ ਬਰਾਮਦ ਕੀਤੇ। ਪੁਲਿਸ ਇਹ ਵੀ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਟੀਨੇਜਰਜ਼ ਹੀ ਤਾਂ ਬੀਤੇ ਦਿਨਾਂ ਵਿੱਚ ਹੋਰਨਾਂ ਕਾਰਜੈਕਿੰਗਜ਼ ਲਈ ਜ਼ਿੰਮੇਵਾਰ ਤਾਂ ਨਹੀਂ?

# ਕੋਵਿਡ-19 ਆਊਟਬ੍ਰੇਕ ਦੇ ਡਰ ਤੋਂ ਮਿਸੀਸਾਗਾ ਦਾ ਰੈਸਟੋਰੈਂਟ ਕੀਤਾ ਗਿਆ ਬੰਦ



ਮਿਸੀਸਾਗਾ, 19 ਅਗਸਤ (ਪੋਸਟ ਬਿਊਰੋ) : ਪੀਲ ਪਬਲਿਕ ਹੈਲਥ ਵੱਲੋਂ ਰੈਸਟੋਰੈਂਟ ਐਂਡ ਕੰਪਨੀ ਰੈਸਟੋ ਬਾਰ ਦੇ ਸਰਪ੍ਰਸਤਾਂ ਨੂੰ ਪਿਛਲੇ ਦੋ ਵੀਕੈਂਡਸ ਉੱਤੇ ਕੋਵਿਡ-19 ਆਊਟਬ੍ਰੇਕ ਹੋਣ ਬਾਰੇ ਜਾਣਕਾਰੀ ਦਿੱਤੀ ਗਈ।

ਸਟਾਫ ਸਮੇਤ ਜੋ ਕੋਈ ਵੀ ਰੈਸਟੋਰੈਂਟ ਵਿੱਚ 6 ਤੋਂ 8 ਅਤੇ 13 ਤੋਂ 15 ਅਗਸਤ ਨੂੰ ਗਿਆ, ਉਸ ਨੂੰ ਫੌਰੀ ਤੌਰ ਉੱਤੇ ਪੀਲ ਪਬਲਿਕ ਹੈਲਥ ਵੱਲੋਂ ਆਪਣਾ ਕੋਵਿਡ-19 ਸਬੰਧੀ ਟੈਸਟ ਕਰਵਾਉਣ ਲਈ ਆਖਿਆ ਗਿਆ ਹੈ। ਜਿਨ੍ਹਾਂ ਨੇ ਆਪਣੀ ਪੂਰੀ ਵੈਕਸੀਨੇਸ਼ਨ ਕਰਵਾਈ ਹੋਈ ਹੈ ਉਨ੍ਹਾਂ ਨੂੰ ਵੀ ਇਹ ਟੈਸਟ ਕਰਵਾਉਣ ਲਈ ਆਖਿਆ ਗਿਆ ਹੈ। ਪਬਲਿਕ ਹੈਲਥ ਦੇ ਨਿਰਦੇਸ਼ਾਂ ਤੋਂ ਬਾਅਦ ਇਸ ਰੈਸਟੋਰੈਂਟ ਨੂੰ ਹਾਲ ਦੀ ਘੜੀ ਬੰਦ ਕਰ ਦਿੱਤਾ ਗਿਆ ਹੈ। ਪੀਲ ਰੀਜਨ ਤੋਂ ਬਾਹਰ ਰਹਿਣ ਵਾਲਿਆਂ ਨੂੰ ਟੈਸਟ ਕਰਵਾਉਣ ਸਬੰਧੀ ਬਦਲਾਂ ਲਈ ਆਪਣੀ ਪਬਲਿਕ ਹੈਲਥ ਯੂਨਿਟ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

# ਸੜੀ ਹੋਈ ਗੱਡੀ ਵਿੱਚੋਂ ਮਿਲਿਆ ਮਨੁੱਖੀ ਪਿੰਜਰ

ਟੋਰਾਂਟੋ, 19 ਅਗਸਤ (ਪੋਸਟ ਬਿਊਰੋ) : ਗੱਡੀ ਵਿੱਚ ਲੱਗੀ ਅੱਗ ਤੋਂ ਬਾਅਦ ਇੱਕ ਮਨੁੱਖੀ ਪਿੰਜਰ ਮਿਲਣ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਦੀ ਹੋਮੀਸਾਈਡ ਯੂਨਿਟ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਸ਼ਨਿੱਚਰਵਾਰ ਸਵੇਰੇ 6:00 ਵਜੇ ਦੇ ਨੇੜੇ ਤੇੜੇ ਸਟੀਲਜ਼ ਐਵਨਿਊ ਈਸਟ ਤੇ ਗੌਰਡਨ ਮਿਊਰਿਸਨ ਲੇਨ ਏਰੀਆ ਵਿੱਚ ਇੱਕ ਗੱਡੀ ਨੂੰ ਅੱਗ ਲੱਗਣ ਦੀ ਖਬਰ ਪੁਲਿਸ ਨੂੰ ਦਿੱਤੀ ਗਈ। ਗੱਡੀ ਵਿੱਚੋਂ ਇੱਕ ਵਿਅਕਤੀ ਦਾ ਪਿੰਜਰ ਮਿ-ਲਿਆ। ਪੋਸਟ ਮਾਰਟਮ ਕਰਵਾਏ ਜਾਣ ਤੋਂ ਬਾਅਦ ਇਸ ਵਿਅਕਤੀ ਦੀ ਮੌਤ ਨੂੰ ਕਤਲ ਕਰਾਰ ਦਿੱਤਾ ਗਿਆ। ਇਸ ਸਬੰਧ ਵਿੱਚ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ। ਮ੍ਰਿਤਕ ਦੀ ਪਛਾਣ ਵੀ ਨਹੀਂ ਹੋ ਸਕੀ। ਇਹ 2021 ਵਿੱਚ ਹੋਇਆ ਟੋਰਾਂਟੋ ਦਾ 49ਵਾਂ ਕਤਲ ਹੈ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## ਅੱਜ ਨਾਮਾ

ਵਗਦਾ ਕਾਹਲਾ ਹੈ ਬਹੁਤ ਨਵਜੋਤ ਸਿੱਧੂ,
ਸਾਥੀ ਕੈਪਟਨ ਦੇ ਢਿੱਲ ਨਾ ਕਰਨ ਬੇਲੀ।
ਓਧਰ ਪਿੰਡਾਂ ਦੇ ਵੰਨੀਂ ਸੁਖਬੀਰ ਤੁਰਿਆ,
ਜਲਸੇ ਸੁਣੇ ਹਨ ਭੀੜ ਨਾਲ ਭਰਨ ਬੇਲੀ।
ਕਰਦੇ ਚੁੱਪ ਸਰਗਰਮੀ ਨੇ ਭਾਜਪਾਈਏ,
ਘੇਰਾ ਪੈਣ ਤੋਂ ਲੀਡਰ ਕੁਝ ਡਰਨ ਬੇਲੀ।
ਪਾਰਟੀ ਆਪ ਵੀ ਸੁਣੀ ਸਰਗਰਮ ਚੋਖੀ,
ਚੱਲਦੇ ਫੋਨ ਉਸ ਦੇ ਟਰਨ-ਟਰਨ ਬੇਲੀ।
ਜਿਹੜੇ ਲੋਕਾਂ ਨੇ ਆਖਰ ਨੂੰ ਵੋਟ ਪਾਉਣੀ,
ਉਹ ਨਹੀਂ ਤੋੜਦੇ ਅਜੇ ਤੱਕ ਚੁੱਪ ਬੇਲੀ।
ਦਿੱਸਦਾ ਕਿਤੇ ਨਾ ਕੋਈ ਭਵਿੱਖ-ਨਕਸ਼ਾ,
ਹਰ ਥਾਂ ਪਿਆ ਹਨੇਰ ਜਿਹਾ ਘੁੱਪ ਬੇਲੀ।

**ਤੀਸ ਮਾਰ ਖਾਂ**

# ਰੋਸ ਪ੍ਰਦਰਸ਼ਨ ਕਰਦੇ ਕਿਸਾਨਾਂ ਦੇ ਨਾਲ ਸੁਖਬੀਰ ਬਾਦਲ ਸਿੱਧੀ ਬਹਿਸ ਵਿੱਚ ਪੈ ਗਿਆ

### * ਪਾਰਲੀਮੈਂਟ ਵਿੱਚ ਖੇਤੀ ਕਾਨੂੰਨਾਂ ਖਿਲਾਫ ਸਿਰਫ ਅਸੀਂ ਡਟੇ ਸੀ : ਸੁਖਬੀਰ * ਕਿਸਾਨਾਂ ਨੇ ਵੀ ਸਵਾਲਾਂ ਦੀ ਝੜੀ ਲਾਈ ਰੱਖੀ

ਗੁਰੂ ਹਰਸਹਾਏ, 19 ਅਗਸਤ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਏਥੇ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਪ੍ਰਤੀਨਿਧਾਂ ਨਾਲ ਮੁਲਾਕਾਤ ਦੌਰਾਨ ਜ਼ੋਰ ਦੇ ਕੇ ਕਿਹਾ ਕਿ ਸਿਰਫ ਅਕਾਲੀ ਦਲ ਹੀ ਪਾਰਲੀਮੈਂਟ ਵਿਚ ਖੇਤੀਬਾੜੀ ਬਾਰੇ ਤਿੰਨ ਕਾਲੇ ਕਾਨੂੰਨਾਂ ਦੇ ਖਿਲਾਫ ਵੋਟਾਂ ਪਾਉਣ ਲਈ ਡਟਿਆ ਸੀ ਅਤੇ ਕਾਂਗਰਸ ਤੇ ਆਮ ਆਦਮੀ ਪਾਰਟੀ ਵਾਲੇ ਇਨ੍ਹਾਂ ਕਾਨੂੰਨਾਂ ਦੇ ਖਿਲਾਫ ਵੋਟ ਪਾਉਣ ਤੋਂ ਗੈਰ ਹਾਜ਼ਰ ਰਹੇ ਸਨ। ਵਰਨਣ ਯੋਗ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਦੇ ਸੌ ਦਿਨਾਂ ਯਾਤਰਾ ਪ੍ਰੋਗਰਾਮ ਮੌਕੇ ਕਿਸਾਨ ਰੋਸ ਪ੍ਰਦਰਸ਼ਨ ਲਈ ਹਰ ਥਾਂ ਰਾਹ ਰੋਕ ਰਹੇ ਹਨ। ਅੱਜ ਏਥੇ ਜਦੋਂ ਉਨ੍ਹਾਂ ਨੇ ਨਾਅਰੇਬਾਜ਼ੀ ਕੀਤੀ ਤਾਂ ਸੁਖਬੀਰ ਸਿੰਘ ਬਾਦਲ ਨੇ ਆਪਣੀ ਗੱਡੀ ਰੋਕ ਕੇ ਭਾਰਤੀ ਕਿਸਾਨ ਯੂਨੀਅਨ(ਡਕੌਂਦਾ) ਦੇ ਵਰਕਰਾਂ ਕੋਲ ਜਾ ਕੇ ਉਨ੍ਹਾਂ ਨਾਲ ਗੱਲਬਾਤ ਕੀਤੀ ਤੇ ਦੱਸਿਆ ਕਿ ਕਿਵੇਂ ਅਕਾਲੀ ਦਲ ਨੇ ਪਾਰਲੀਮੈਂਟ ਵਿਚ ਤਿੰਨ ਖੇਤੀ ਬਿੱਲ ਪਾਸ ਹੋਣ ਦਾ ਵਿਰੋਧ ਕੀਤਾ ਅਤੇ ਇਸ ਨੇ ਪਾਰਲੀਮੈਂਟ ਦੇ ਬੀਤੇ ਦਿਨੀਂ ਖਤਮ ਹੋਏ ਸੈਸ਼ਨ ਵਿਚ ਵੀ ਕਿਸਾਨਾਂ ਦੀ ਆਵਾਜ਼ ਲਗਾਤਾਰ ਚੁੱਕੀ ਹੈ।ਉਨ੍ਹਾ ਨੇ ਕਿਸਾਨ ਆਗੂਆਂ ਦੇ ਸਾਰੇ ਸਵਾਲ ਠਰ੍ਹੰਮੇ ਨਾਲ ਸੁਣੇ ਤੇ ਹਰ ਸਵਾਲ ਦਾ ਜਵਾਬ ਦੇ ਕੇ ਉਨ੍ਹਾਂ ਦੇ ਤੌਖਲੇ ਦੂਰ ਕਰਨ ਦਾ ਯਤਨ ਕੀਤਾ।



ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀਆਂ ਦੀ ਉਸ ਸੱਤ ਮੈਂਬਰੀ ਕਮੇਟੀ ਦੇ ਮੈਂਬਰ ਸਨ, ਜਿਸ ਨੇ ਇਹ ਖੇਤੀ ਆਰਡੀਨੈਂਸ ਤਿਆਰ ਕੀਤੇ ਸਨ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਐੱਨਡੀਏ ਸਰਕਾਰਦੇ ਪਾਸ ਕੀਤੇ ਕਾਨੂੰਨਾਂ ਮੁਤਾਬਕ ਐਗਰੀਕਲਚਰ ਪ੍ਰੋਡਿਊਸ ਮਾਰਕੀਟ ਕਮੇਟੀ ਐਕਟ (ਏਪੀਐੱਮਸੀ) ਵਿਚ ਸੋਧ ਕੀਤੀ ਹੈ। ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਕਿਹਾ ਕਿ ਜਦੋਂ ਆਰਡੀਨੈਂਸ ਪਾਰਲੀਮੈਂਟ ਵਿਚ ਪੇਸ਼ ਕੀਤੇ ਗਏ ਤਾਂ ਓਦੋਂ ਕੈਬਨਿਟ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਇਨ੍ਹਾਂ ਦਾ ਜ਼ੋਰਦਾਰ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੇ ਸਾਨੂੰ ਭਰੋਸਾ ਦਿੱਤਾ ਸੀ ਕਿ ਕਿਸਾਨਾਂ ਦੇ ਇਤਰਾਜ਼ ਦੂਰ ਕੀਤੇ ਜਾਣਗੇ ਅਤੇ ਅਸੀਂ ਇਸੇ ਲਈ ਕਿਸਾਨ ਆਗੂਆਂ ਨਾਲ ਮੀਟਿੰਗ ਕਰ ਕੇ ਉਨ੍ਹਾਂ ਦੀ ਰਾਏ ਲਈ ਸੀ ਤੇ ਕਿਸਾਨ ਆਗੂਆਂ ਨੇ ਸਾਨੂੰ ਇਨ੍ਹਾਂ ਤਿੰਨ ਬਿੱਲਾਂ ਦੇ ਖਿਲਾਫ ਵੋਟਾਂ ਪਾਉਣ ਨੂੰ ਕਿਹਾ ਸੀ ਤੇ ਇਹ ਵੀ ਕਿਸਾਨ ਆਗੂਆਂ ਨੇ ਕਿਹਾ ਸੀ ਕਿ ਅਸੀਂ ਵਾਕ ਆਊਟ ਨਾ ਕਰੀਏ ਤੇ ਨਾ ਵੋਟਾਂ ਪਾਉਣ ਵੇਲੇ ਗੈਰ ਹਾਜ਼ਰ ਰਹੀਏ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਸੀਂ ਕਿਸਾਨਾਂ ਦੇ ਡਰ ਬਾਰੇ ਕੇਂਦਰ ਸਰਕਾਰ ਨੂੰ ਜਾਣੂੰ ਕਰਵਾਇਆ ਅਤੇ ਕਿਹਾ ਕਿ ਇਹ ਆਰਡੀਨੈਂਸ ਇਸੇ ਤਰ੍ਹਾਂ ਸਿਲੈਕਟ ਕਮੇਟੀ ਨੂੰ ਭੇਜ ਦਿੱਤੇ ਜਾਣ, ਪਰ ਸਰਕਾਰ ਨੇ ਸਾਡੀ ਗੱਲ ਨਹੀਂ ਸੁਣੀ। ਉਨ੍ਹਾਂ ਕਿਹਾ ਕਿ ਜਦੋਂ ਨਰਿੰਦਰ ਮੋਦੀ ਸਰਕਾਰ ਨੇ ਧੱਕੇ ਨਾਲ ਬਿੱਲ ਪਾਸ ਕਰਵਾਏ ਤਾਂ ਹਰਸਿਮਰਤ ਕੌਰ ਬਾਦਲ ਨੇ ਸਰਕਾਰ ਤੋਂ ਅਸਤੀਫਾ ਦਿੱਤਾ ਤੇ ਅਕਾਲੀ ਦਲ ਨੇ ਗਠਜੋੜ ਛੱਡ ਦਿੱਤਾ ਹੈ।

ਇਸ ਦੌਰਾਨ ਕਿਸਾਨ ਆਗੂਆਂ ਨੇ ਵੀ ਸੁਖਬੀਰ ਸਿੰਘ ਬਾਦਲ ਨੂੰ ਇਹੋ ਜਿਹੇ ਸਵਾਲਾਂ ਦੀ ਲੰਮੀ ਝੜੀ ਲਾ ਰੱਖੀ, ਜਿਨ੍ਹਾਂ ਦੇ ਜਵਾਬ ਦੇਣ ਵਿੱਚ ਅਕਾਲੀ ਦਲ ਦੇ ਪ੍ਰਧਾਨ ਨੂੰ ਕਾਫੀ ਮੁਸ਼ਕਲ ਪੇਸ਼ ਆਈ।

# ਸੁਮੇਧ ਸਿੰਘ ਸੈਣੀ 12 ਘੰਟੇ ਮੋਹਾਲੀ ਕੋਰਟ ਕੰਪਲੈਕਸ ਵਿੱਚ ਨਜ਼ਰ ਬੰਦ ਰਿਹਾ

### * ਹਾਈ ਕੋਰਟ ਵੱਲੋਂ ਹੇਠਲੀ ਅਦਾਲਤ ਨੂੰ ਤੁਰੰਤ ਰਿਹਾਈ ਦੇ ਹੁਕਮ * ਕੋਠੀ ਦੀ ਅਟੈਚਮੈਂਟ ਰੋਕਣ ਲਈ ਸੈਣੀ ਨੇ ਝੂਠਾ ਐਗਰੀਮੈਂਟ ਕੀਤਾ * ਕੁਰਾਲੀ ਵਿੱਚ ਦੋ ਕਾਲੋਨੀਆਂ ਗਲਤ ਪਾਸ ਕਰਵਾਈਆਂ ਸੈਣੀ ਨੇ

ਮੋਹਾਲੀ, 19 ਅਗਸਤ, (ਪੋਸਟ ਬਿਊਰੋ)- ਪੰਜਾਬਵਿਜੀਲੈਂਸ ਬਿਓਰੋ ਵੱਲੋਂ ਗ੍ਰਿਫਤਾਰ ਕੀਤੇ ਜਾਣ ਪਿੱਛੋਂ ਪੰਜਾਬ ਪੁਲਿਸ ਦੇ ਸਾਬਕਾ ਮੁਖੀ(ਡੀਜੀਪੀ) ਸੁਮੇਧ ਸਿੰਘ ਸੈਣੀ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਉੱਤੇਛੱਡਣਾ ਪਿਆ ਹੈ। ਉਸ ਨੂੰ ਅੱਜ ਵੀਰਵਾਰ ਦੁਪਿਹਰ ਕੋਰਟ ਵਿੱਚ ਪੇਸ਼ ਕਰ ਕੇ ਵਿਜੀਲੈਂਸ ਨੇ 10 ਦਿਨਾਂ ਦਾਪੁਲਿਸਰਿਮਾਂਡ ਮੰਗਿਆ ਸੀ, ਪਰ ਹਾਈ ਕੋਰਟਵੱਲੋਂ ਇਸ ਕੇਸਵਿੱਚ ਸੁਮੇਧ ਸਿੰਘ ਸੈਣੀ ਅਤੇ ਉਸ ਦੀ ਪਤਨੀ ਸ਼ੋਭਾ ਸੈਣੀ ਵੱਲੋਂ ਪਾਈ ਪਟੀਸ਼ਨ ਦੇ ਫ਼ੈਸਲੇ ਤੋਂ ਬਾਅਦ ਉਸ ਦੇ ਰਿਮਾਂਡ ਅਤੇ ਪੱਕੀ ਗ੍ਰਿਫ਼ਤਾਰੀਦੀ ਥਾਂ ਜ਼ਮਾਨਤ ਦੇਣੀ ਪੈ ਗਈ।



ਅੱਜ ਇਸ ਕੇਸ ਬਾਰੇ ਸੁਮੇਧ ਸਿੰਘ ਸੈਣੀ ਅਤੇ ਉਸ ਦੀ ਪਤਨੀ ਸ਼ੋਭਾ ਦੀ ਅਰਜ਼ੀ ਉੱਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਸੈਣੀ ਨੂੰ ਰਾਹਤ ਦੇਂਦੇ ਹੋਏ ਉਸ ਨੂੰ ਤੁਰੰਤ ਛੱਡਣ ਦੇ ਆਦੇਸ਼ ਦਿੱਤੇ ਹਨ। ਸੈਣੀ ਨੂੰ ਬੁੱਧਵਾਰ ਰਾਤ ਵਿਜੀਲੈਂਸ ਨੇ ਜ਼ਮੀਨ ਘੁਟਾਲੇ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ।ਅੱਜ ਉਸ ਦੇ ਵਕੀਲਾਂ ਨੇ ਇਸ ਗ੍ਰਿਫਤਾਰੀ ਖ਼ਿਲਾਫ਼ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਛੇਤੀ ਸੁਣਵਾਈ ਦੀ ਅਪੀਲ ਕੀਤੀ ਤਾਂ ਹਾਈ ਕੋਰਟ ਨੇ ਸਵੇਰੇ ਸੁਣਵਾਈ ਕਰ ਕੇ ਪੰਜਾਬ ਸਰਕਾਰ ਨੂੰ ਨੋਟਿਸ ਭੇਜ ਕੇ ਜਵਾਬ ਮੰਗਿਆ। ਇਸ ਪਿੱਛੋਂ ਅੱਜ ਹੀ ਤਿੰਨ ਵਜੇ ਫਿਰ ਸੁਣਵਾਈ ਵੇਲੇ ਬਹਿਸ ਤੋਂ ਬਾਅਦ ਹਾਈ ਕੋਰਟ ਨੇ ਸੈਣੀ ਨੂੰ ਰਿਹਾਅ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ।

ਵਰਨਣ ਯੋਗ ਹੈ ਕਿ ਵੀਰਵਾਰ ਰਾਤ 12 ਵਜੇ ਤਕ ਸੁਮੇਧ ਸਿੰਘ ਸੈਣੀ ਹਾਲੇ ਪੁਲਿਸ ਦੀ ਹਿਰਾਸਤ ਵਿਚ ਸੀ ਅਤੇ ਸਵੇਰ ਤੋਂ ਕਰੀਬ 12 ਘੰਟੇ ਅਦਾਲਤੀ ਵਿਹੜੇ ਵਿੱਚ ਪੁਲਿਸ ਨਿਗਰਾਨੀ ਜਾਂ ਰਿਹਾਸਤ ਵਿੱਚ ਰਿਹਾ।ਸੈਣੀ ਦੇ 5 ਵਕੀਲ ਅਦਾਲਤ ਵਿੱਚ ਸਨ, ਜਿਨ੍ਹਾਂ ਨੇ ਉਸ ਦੀ ਗ੍ਰਿਫ਼ਤਾਰੀ ਦਾ ਵਿਰੋਧ ਕੀਤਾ ਸੀ। ਦੂਸਰੇ ਪਾਸੇ ਵਿਜੀਲੈਂਸ ਬਿਊਰੋ ਅਤੇ ਮੋਹਾਲੀ ਪੁਲਿਸ ਇਸ ਸਮੇਂ ਦੌਰਾਨ ਮੀਡੀਆ ਤੋਂ ਬਚਦੀ ਰਹੀ ਤੇ ਅਦਾਲਤ ਕੰਪਲੈਕਸ ਵਿੱਚ ਪੱਤਰਕਾਰਾਂ ਨੂੰ ਨਹੀਂ ਸੀ ਜਾਣ ਦਿੱਤਾ ਗਿਆ। ਜਿਹੜੇ ਪੱਤਰਕਾਰ ਪਹਿਲਾਂ ਅੰਦਰ ਚਲੇ ਗਏ, ਉਨ੍ਹਾਂ ਨੂੰ ਵੀ ਬਾਹਰ ਕੱਢਣ ਦੇ ਹੁਕਮ ਜਾਰੀ ਹੋ ਗਏ ਅਤੇ ਕੋਰਟ ਕੰਪਲੈਕਸ ਵੱਲ ਜਾਂਦੇ ਸਾਰੇ ਰਸਤਿਆਂ ਉੱਤੇ ਪੁਲਿਸ ਦਾ ਪੱਕਾ ਪਹਿਰਾ ਲੱਗਾ ਰਿਹਾ। ਬਾਅਦ ਦੋਪਹਿਰ ਸੁਮੇਧ ਸਿੰਘ ਸੈਣੀ ਨੂੰ ਜਦੋਂ ਪਤਾ ਲੱਗਾ ਕਿ ਹਾਈ ਕੋਰਟ ਨੇ ਉਸ ਦੀ ਰਿਹਾਈ ਦੇ ਹੁਕਮ ਕੀਤੇ ਹਨ ਤਾਂ ਉਸ ਨੇ ਆਪਣੀ ਇਨੋਵਾ ਗੱਡੀ ਅਤੇ ਜ਼ੈੱਡ ਸਕਿਓਰਟੀ ਟੀਮ ਮੰਗਵਾ ਲਈ, ਪਰ ਸੈਣੀ ਨੂੰ ਮੋਹਾਲੀ ਅਦਾਲਤ ਦੇ ਹੁਕਮਾਂ ਉੱਤੇ ਵਿਜੀਲੈਂਸ ਬਿਓਰੋ ਨੇ ਅੱਧੀ ਰਾਤ ਨੂੰਛੱਡਿਆ। ਬੁੱਧਵਾਰ ਰਾਤ ਸੁਮੇਧ ਸਿੰਘ ਸੈਣੀ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮ ਉੱਤੇ ਪੜਤਾਲ ਵਿੱਚ ਸ਼ਾਮਲ ਹੋਣ ਲਈ ਵਿਜੀਲੈਂਸ ਦੇ ਸੈਕਟਰ-68 ਦੇ ਦਫ਼ਤਰ ਪੁੱਜਾ ਸੀ, ਜਿੱਥੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।ਵਿਜੀਲੈਂਸ ਬਿਊਰੋ ਦਾ ਦਾਅਵਾ ਹੈ ਕਿ ਸੁਮੇਧ ਸਿੰਘ ਸੈਣੀ ਦੇਵਿਰੁੱਧ 17 ਸਤੰਬਰ 2020 ਨੂੰ ਕੇਸਦਰਜ ਹੋਇਆ ਸੀ, ਜਿਸ ਵਿਚ ਉਸ ਵਿਰੁੱਧ ਆਈਪੀਸੀ (ਇੰਡੀਅਨ ਪੀਨਲ ਕੋਡ) ਦੀ ਧਾਰਾ 409,420,465,467,468,471, 120-ਬੀ,ਅਤੇ 7(ਏ),(ਬੀ),(ਸੀ) ਅਤੇ 7-ਏ, 13(1), 13(2) ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਦੋਸ਼ ਲੱਗੇ ਹਨ। ਪੰਜਾਬ ਹਰਿਆਣਾ ਹਾਈ ਕੋਰਟ ਨੇ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਕੇਸ ਵਿੱਚ 12 ਅਗਸਤ ਨੂੰ ਸੁਮੇਧ ਸੈਣੀ ਨੂੰ ਪੇਸ਼ਗੀ ਜ਼ਮਾਨਤ ਦੇ ਕੇਜਾਂਚ ਵਿੱਚ ਸ਼ਾਮਲ ਹੋਣ ਦੇ ਹੁਕਮ ਜਾਰੀ ਕੀਤੇ ਸਨ, ਪਰ ਇਸ ਜਾਂਚ ਦੌਰਾਨ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਪਤਾ ਲੱਗਾ ਹੈ ਕਿ ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਨੂੰ ਸਾਲ 2020 ਵਿੱਚ ਦਰਜ ਕੇਸ ਵਿੱਚ ਨਵੇਂ ਤੱਥ ਮਿਲਣ ਕਰ ਕੇ ਗ੍ਰਿਫਤਾਰ ਕੀਤਾ ਸੀ। ਬਿਊਰੋ ਦੇ ਅਧਿਕਾਰੀਆਂ ਮੁਤਾਬਕ ਚੰਡੀਗੜ੍ਹ ਵਿੱਚਸੁਮੇਧ ਸੈਣੀ ਦੀ ਕੋਠੀ ਦੀ ਅਟੈਚਮੈਂਟ ਰੋਕਣ ਲਈ ਕੇਸਦੇ ਦੋਸ਼ੀਆਂ ਸੁਰਿੰਦਰਜੀਤ ਸਿੰਘ, ਜਸਪਾਲ ਸਿੰਘ ਅਤੇ ਸੁਮੇਧ ਸਿੰਘ ਸੈਣੀ ਨੇ ਬੈਂਕ ਵੱਲੋਂ ਪਹਿਲਾਂ ਹੋਏ ਲੈਣ-ਦੇਣ ਦੇ ਬਹਾਨੇ ਝੂਠਾ ਐਗਰੀਮੈਂਟਬਣਾਇਆ ਸੀ। ਇਸ ਪਿੱਛੋਂ ਵਿਜੀਲੈਂਸ ਨੇ ਉਸ ਕੇਸ ਵਿਚ ਜੁਰਮਦਾ ਵਾਧਾ ਕਰਕੇ ਸੁਮੇਧ ਸਿੰਘ ਸੈਣੀ ਨੂੰ ਦੋਸ਼ੀ ਨਾਮਜ਼ਦ ਕੀਤਾ ਤੇਬੁੱਧਵਾਰ ਰਾਤ ਫੜਿਆ ਸੀ।

ਮਿਲੀ ਜਾਣਕਾਰੀ ਮੁਤਾਬਕ ਖਰੜ ਸਬ ਡਵੀਜ਼ਨ ਹੇਠ ਕੁਰਾਲੀ ਸ਼ਹਿਰ ਵਿੱਚ ਸਾਲ 2013 ਵਿੱਚ ਵਰਲਡ ਵਾਈਡ ਇਮੀਗ੍ਰੇਸ਼ਨ ਕੰਸਲਟੈਂਸੀ ਸਰਵਿਸਿਜ਼ ਅਸਟੇਟਸ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਡਾਇਰੈਕਟਰ ਦਵਿੰਦਰ ਸੰਧੂ ਨੇ ਲੋਕਲ ਬਾਡੀਜ਼ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਅਸ਼ੋਕ ਸਿੱਕਾ, ਸਾਬਕਾ ਸੀਨੀਅਰ ਟਾਊਨ ਪਲਾਨਰ ਸਾਗਰ ਭਾਟੀਆ ਤੇ ਹੋਰਨਾਂਨਾਲ ਮਿਲ ਕੇ ਖੇਤੀ ਜ਼ਮੀਨ ਉੱਤੇ ਨਾਜਾਇਜ਼ ਰਿਹਾਇਸ਼ੀ ਕਾਲੋਨੀ ਪਾਸ ਕਰਵਾ ਲਈਤੇ ਗ੍ਰੀਨ ਮੀਡੋਜ਼-1 ਅਤੇ ਗ੍ਰੀਨ ਮੀਡੋਜ਼-2 ਨਾਮਕ ਰਿਹਾਇਸ਼ੀ ਕਾਲੋਨੀਆਂ ਦੇ ਤੱਥ ਲੁਕੋ ਲਏ ਸਨ, ਜਿਸ ਬਾਰੇ ਵਿਜੀਲੈਂਸ ਨੇ 17 ਸਤੰਬਰ 2020 ਨੂੰ ਕੇਸ ਦਰਜ ਕੀਤਾ ਸੀ। ਪਤਾ ਲੱਗਾ ਹੈ ਕਿ ਦਵਿੰਦਰ ਸਿੰਘ ਸੰਧੂ ਪੀ ਡਬਲਿਊ ਡੀ ਦੇ ਐਕਸੀਐਨ ਨਿਮਰਤਦੀਪ ਸਿੰਘ ਦਾ ਦੋਸਤ ਸੀ। ਨਿਮਰਤਦੀਪ ਸਿੰਘ, ਉਸ ਦੇ ਪਿਤਾ ਸੁਰਿੰਦਰਜੀਤ ਸਿੰਘ ਜਸਪਾਲ, ਦੋਸਤ ਤਰਨਜੀਤ ਸਿੰਘ ਅਨੇਜਾ ਤੇ ਮੋਹਤ ਪੁਰੀ ਆਦਿ ਵੀ ਇਸ ਕੇਸ ਵਿਚ ਵਿਜੀਲੈਂਸ ਨੇ ਨਾਮਜ਼ਦ ਕੀਤੇ ਸਨ। ਜਾਂਚ ਤੋਂ ਪਤਾ ਲੱਗਾ ਕਿ ਨਿਮਰਤਦੀਪ ਸਿੰਘ ਰਿਸ਼ਵਤ ਦੀ ਰਕਮ ਨਾਲ ਮਕਾਨ ਨੰਬਰ 3048, ਸੈਕਟਰ 20-ਡੀ, ਚੰਡੀਗੜ੍ਹ (2 ਕਨਾਲ) ਖਰੀਦਿਆ ਅਤੇ ਉਸ ਮਕਾਨ ਨੂੰ ਕੇਸਪ੍ਰਾਪਰਟੀ ਬਣਾਉਣ ਲਈ ਵਿਜੀਲੈਂਸ ਨੇ ਮੁਹਾਲੀ ਅਦਾਲਤ ਵਿਚ ਜਨਵਰੀ 2021 ਵਿੱਚ ਵੱਖਰੀ ਅਰਜ਼ੀ ਦਿੱਤੀ ਸੀ। ਇਹ ਵੀ ਪਤਾ ਲੱਗਾ ਹੈ ਕਿ ਸੁਰਿੰਦਰਜੀਤ ਸਿੰਘ, ਜਸਪਾਲ ਅਤੇ ਨਿਮਰਤਦੀਪ ਸਿੰਘ ਨੇ ਉਕਤ ਮਕਾਨ ਦੀ ਪਹਿਲੀ ਮੰਜ਼ਿਲ ਵਿੱਚ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਨੂੰ ਕਿਰਾਏਦਾਰ ਅਤੇ ਇਸ ਦੇ ਬਦਲੇ ਉਹ (ਡੀਜੀ ਪੀ) 2.50 ਲੱਖ ਰੁਪਏ ਪ੍ਰਤੀ ਮਹੀਨਾ ਕਿਰਾਇਆ ਦੇਂਦਾ ਲਿਖਿਆ ਸੀ, ਪਰ ਜਾਂਚ ਦੌਰਾਨ ਦੋਸ਼ੀ ਅਤੇ ਸੁਮੇਧ ਸਿੰਘ ਸੈਣੀ ਵਿੱਚ ਵਿੱਤੀ ਲੈਣ-ਦੇਣ ਦਾ ਭੇਦ ਖੁੱਲ੍ਹਾ ਸੀ। ਸੈਣੀ ਨੇ ਆਪਣੇ ਬੈਂਕ ਖਾਤੇਤੋਂ ਅਗਸਤ 2018 ਤੋਂ ਅਗਸਤ 2020 ਤਕ ਕੁੱਲ 6 ਕਰੋੜ 40 ਲੱਖ ਰੁਪਏ ਸੁਰਿੰਦਰਜੀਤ ਸਿੰਘ ਜਸਪਾਲ ਤੇ ਨਿਮਰਤਦੀਪ ਸਿੰਘ ਦੇ ਬੈਂਕ ਖਾਤੇ ਵਿੱਚਭੇਜੇ ਸਨ। ਇਹ ਰਕਮ ਉਸ ਕਥਿਤ ਕਿਰਾਏਨਾਮੇ ਮੁਤਾਬਕ ਨਹੀਂ ਸੀ।ਪਿੱਛੋਂ ਪਤਾ ਲੱਗਾ ਕਿ ਸੁਰਿੰਦਰਜੀਤ ਸਿੰਘ ਜਸਪਾਲ ਤੇ ਨਿਮਰਤਦੀਪ ਸਿੰਘਨੇ ਸੈਣੀ ਨਾਲ ਸਾਜ਼ਿਸ਼ ਤਹਿਤ ਉਹ ਮਕਾਨ ਖਰੀਦ ਕੇ ਸੈਣੀ ਨੂੰ ਕਿਰਾਏਦਾਰ ਦਿਖਾਇਆ ਸੀ। ਜਾਂਚ ਵਿੱਚਲੈਣ-ਦੇਣ ਬਾਰੇ ਅਤੇ ਨਵੇਂ ਤੱਥ ਮਿਲਣ ਪਿੱਛੋਂ ਉਸ ਮਕਾਨ ਨੂੰ ਅਦਾਲਤ ਵਿੱਚ ਅਟੈਚ ਹੋਣ ਤੋਂ ਬਚਾਉਣ ਲਈ ਉਨ੍ਹਾਂ ਨੇ ਇਕਰਾਰਨਾਮਾ ਵਿਕਰੀ ਤਰੀਕ 2 ਅਕਤੂਬਰ 2019 ਦੀ ਫੋਟੋਕਾਪੀ ਵਿਖਾਈ ਸੀ, ਜੋ ਸਾਦੇ ਕਾਗਜ਼ ਉੱਤੇ ਬਿਨਾਂ ਕਿਸੇ ਗਵਾਹੀ ਦੇ ਕੇਵਲ ਸੁਰਿੰਦਰਜੀਤ ਸਿੰਘ, ਜਸਪਾਲ ਅਤੇ ਸੁਮੇਧ ਸਿੰਘ ਸੈਣੀ ਦੇ ਦਸਖਤਾਂ ਨਾਲ ਬਣਾਈ ਗਈ ਸੀ।

## ਨੌਰਥ ਯੌਰਕ ਵਿੱਚ ਹੋਈ ਛੁਰੇਬਾਜ਼ੀ ਵਿੱਚ 1 ਜ਼ਖ਼ਮੀ, 1 ਗ੍ਰਿਫਤਾਰ




ਟੋਰਾਂਟੋ, 19 ਅਗਸਤ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਛੁਰੇਬਾਜ਼ੀ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਤੇ ਇੱਕ ਹੋਰ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਮੰਗਲਵਾਰ ਨੂੰ ਸਵੇਰੇ 10:30 ਵਜੇ ਤੋਂ ਪਹਿਲਾਂ ਪੁਲਿਸ ਅਧਿਕਾਰੀਆਂ ਨੂੰ ਇੱਕ ਵਿਅਕਤੀ ਕੋਲ ਚਾਕੂ ਹੋਣ ਦੀ ਖਬਰ ਦੇ ਕੇ ਐਨਕੈਸਟਰ ਰੋਡ ਤੇ ਵਿਲਸਨ ਐਵਨਿਊ ਸੱਦਿਆ ਗਿਆ। ਪੁਲਿਸ ਅਨੁਸਾਰ ਦੋ ਵਿਅਕਤੀਆਂ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ, ਜੋ ਕਿ ਆਪਣੇ 30ਵਿਆਂ ਵਿੱਚ ਸੀ, ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਬੁੱਧਵਾਰ ਨੂੰ ਪੁਲਿਸ ਨੇ ਦੱਸਿਆ ਕਿ ਇਹ ਵਿਅਕਤੀ ਮਾਮੂਲੀ ਜ਼ਖ਼ਮੀ ਸੀ।

## ਕਸ਼ਮੀਰ ਬਾਰੇ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਮਾਲਵਿੰਦਰ ਮਾਲੀ ਦੇ ਬਿਆਨ ਤੋਂ ਸਿਆਸਤ ਭੜਕੀ

ਚੰਡੀਗੜ੍ਹ, 19 ਅਗਸਤ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਨੇ ਸੰਵਿਧਾਨ ਦੀ ਧਾਰਾ 370 ਹੇਠ ਜੰਮੂ-ਕਸ਼ਮੀਰ ਨੂੰ ਮਿਲੇ ਵਿਸ਼ੇਸ਼ ਦਰਜੇ ਤੇ ਖੁਦਮੁਖਤਿਆਰੀ ਨੂੰ ਰੱਦ ਕਰਨ ਦੇ ਵਿਰੁੱਧ ਆਪਣੀ ਫੇਸਬੁੱਕ ਪੋਸਟ ਨਾਲ ਰਾਜਨੀਤਿਕ ਵਿਵਾਦ ਛੇੜ ਦਿੱਤਾ ਹੈ।



ਮਾਲਵਿੰਦਰ ਸਿੰਘ ਮਾਲੀ ਨੇ ਆਪਣੀ ਇਸ ਪੋਸਟ ਵਿੱਚ ਲਿਖਿਆ ਹੈ, 'ਕਸ਼ਮੀਰ ਕਸ਼ਮੀਰੀਆਂ ਦਾ ਹੈ। ਭਾਰਤ ਤੇ ਪਾਕਿਸਤਾਨ ਨੇ ਯੂ ਐੱਨ ਓ ਮਤਿਆਂ ਦੇ ਸਿਧਾਂਤਾਂ ਵਿਰੁੱਧ ਜਾ ਕੇ ਕਸ਼ਮੀਰ ਖੇਤਰ ਨੂੰ ਗੈਰਕਨੂੰਨੀ ਢੰਗ ਨਾਲ ਜੋੜਿਆ ਹੈ। ਜੇ ਕਸ਼ਮੀਰ ਭਾਰਤ ਦਾ ਸੀ ਤਾਂ ਧਾਰਾ 370 ਅਤੇ 35-ਏ ਦੀ ਕੀ ਲੋੜ ਸੀ। ਰਾਜਾ ਹਰੀ ਸਿੰਘ ਨਾਲ ਵਿਸ਼ੇਸ਼ ਸਮਝੌਤਾ ਕੀ ਸੀ? ਲੋਕਾਂ ਨੂੰ ਦੱਸੋ ਕਿ ਇਸ ਸਮਝੌਤੇ ਦੀਆਂ ਸ਼ਰਤਾਂ ਕੀ ਸਨ।' ਵਿਰੋਧੀ ਧਿਰਾਂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਮਾਲਵਿੰਦਰ ਸਿੰਘ ਮਾਲੀ ਦੀਆਂ ਕਸ਼ਮੀਰ ਬਾਰੇ ਵਿਵਾਦਤ ਟਿੱਪਣੀਆਂਬਾਰੇ ਸਟੈਂਡ ਸਪੱਸ਼ਟ ਕਰਨ ਲਈ ਕਿਹਾ ਹੈ। ਆਮ ਆਦਮੀ ਪਾਰਟੀ ਦੇਪੰਜਾਬ ਦੇ ਇੰਚਾਰਜ ਅਤੇ ਵਿਧਾਇਕ ਜਰਨੈਲ ਸਿੰਘ ਨੇ ਇਸ ਟਿੱਪਣੀ ਨੂੰ ਮੰਦਭਾਗਾ ਕਰਾਰ ਦਿੱਤਾਤੇ ਭਾਜਪਾ ਦੇ ਜਨਰਲ ਸੈਕਟਰੀ ਡਾ: ਸੁਭਾਸ਼ ਸ਼ਰਮਾ ਨੇ ਮਾਲਵਿੰਦਰ ਸਿੰਘ ਮਾਲੀ ਨੂੰ ਸਲਾਹਕਾਰ ਦੇ ਅਹੁਦੇ ਤੋਂ ਤੁਰੰਤ ਹਟਾਉਣ ਦੀ ਮੰਗ ਕੀਤੀ ਹੈ।

ਦੂਸਰੇ ਪਾਸੇ ਮਾਲਵਿੰਦਰ ਸਿੰਘ ਮਾਲੀ ਆਪਣੇ ਬਿਆਨ ਉੱਤੇ ਹੀ ਖੜ੍ਹੇ ਹਨ। ਉਨ੍ਹਾ ਕਿਹਾ ਕਿ ਜਦੋਂ ਕੇਸ ਅਜੇ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਤਾਂ ਓਦੋਂ ਧਾਰਾ 370 ਅਤੇ 35 ਏ ਕਿਵੇਂ ਰੱਦ ਕੀਤੀ ਜਾ ਸਕਦੀ ਹੈ? ਉਸ ਦੀ ਵਿਵਾਦਤ ਪੋਸਟਬਾਰੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ,'ਕੀ ਉਹ ਦੇਸ਼ ਵਿਰੁੱਧ ਕੰਮ ਕਰਦੀਆਂ ਤਾਕਤਾਂ ਨਾਲ ਖੜ੍ਹੇ ਹਨ? ਕਸ਼ਮੀਰ ਭਾਰਤ ਦਾ ਅਨਿੱਖੜਵਾਂ ਅੰਗ ਹੈ।' ਇਸਦੇ ਜਵਾਬ ਵਿੱਚ ਮਾਲੀ ਨੇ ਇੱਕ ਅਖ਼ਬਾਰ ਦੀ ਕਲਿਪਿੰਗ ਪੋਸਟ ਕੀਤੀ, ਜਿਸ ਵਿੱਚ ਦਿਖਾਇਆ ਗਿਆ ਕਿ ਅਕਾਲੀ ਆਗੂਆਂ ਨੇ ਬੀਤੇ ਸਮਿਆਂ ਵਿੱਚ ਕਸ਼ਮੀਰ ਦੇ ਸਵੈ-ਨਿਰਣੇ ਦੇ ਅਧਿਕਾਰ ਦਾ ਸਮੱਰਥਨ ਕੀਤਾ ਸੀ।ਇਸ ਕਾਰਨ ਇਹ ਵਿਵਾਦ ਵਧ ਰਿਹਾ ਜਾਪਦਾ ਹੈ।

## ਅਫਗਾਨਿਸਤਾਨ ਦੇ ਆਜ਼ਾਦੀ ਦਿਨ ਦੇ ਮੌਕੇ ਉੱਤੇ ਤਾਲਿਬਾਨ ਨੂੰ ਆਮ ਲੋਕਾਂ ਵੱਲੋਂ ਖੁੱਲ੍ਹੀ ਚੁਣੌਤੀ

### * ਥਾਂ-ਥਾਂ ਰੋਸ ਪ੍ਰਦਰਸ਼ਨ, ਕੁਝ ਥਾਈਂ ਤਾਲਿਬਾਨੀ ਝੰਡੇ ਪਾੜ ਕੇ ਸੁੱਟੇ



ਕਾਬੁਲ, 19 ਅਗਸਤ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਉੱਤੇ ਤਾਲਿਬਾਨੀ ਕਬਜ਼ੇ ਪਿੱਛੋਂ ਦਹਿਸ਼ਤਦੇ ਬਾਵਜੂਦਓਥੋਂ ਦੇ ਲੋਕਾਂ ਵਿੱਚ ਗੁੱਸਾ ਭੜਕ ਉੱਠਿਆ ਅਤੇ ਤਾਲਿਬਾਨ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਵਧਣ ਲੱਗੇ ਹਨ।

ਅੱਜ 19 ਅਗਸਤ ਨੂੰ ਅਫਗਾਨਿਸਤਾਨ ਦੇ ਆਜ਼ਾਦੀ ਦਿਨ ਮੌਕੇ ਰਾਜਧਾਨੀ ਕਾਬੁਲ ਸਣੇ ਕਈ ਸ਼ਹਿਰਾਂ ਵਿੱਚ ਲੋਕ ਰਾਸ਼ਟਰੀ ਝੰਡਾ ਲੈ ਕੇ ਤਾਲਿਬਾਨ ਖ਼ਿਲਾਫ਼ ਬਾਹਰ ਨਿਕਲੇ ਅਤੇ ਰੋਸ ਪ੍ਰਦਰਸ਼ਨ ਕੀਤੇ ਅਤੇ ਕੁਝ ਥਾਵਾਂ ਉੱਤੇ ਤਾਲਿਬਾਨੀ ਝੰਡੇ ਪਾੜ ਕੇ ਸੁੱਟ ਦਿੱਤੇ। ਇਸ ਦੌਰਾਨ ਤਾਲਿਬਾਨ ਦੀ ਗੋਲੀ ਨਾਲ ਕਈ ਲੋਕਾਂ ਦੀ ਮੌਤ ਹੋਣ ਦੀ ਖ਼ਬਰ ਹੈ।ਵਰਨਣ ਯੋਗ ਹੈ ਕਿ 19 ਅਗਸਤ 1919 ਨੂੰ ਬ੍ਰਿਟੇਨ ਦੇ ਕੰਟਰੋਲ ਤੋਂ ਆਜ਼ਾਦ ਹੋਏ ਅਫ਼ਗਾਨਿਸਤਾਨਦਾ ਅੱਜ ਆਜ਼ਾਦੀ ਦਿਨ ਸੀ ਅਤੇ ਇਸ ਮੌਕੇ ਕਾਬੁਲ ਵਿੱਚ ਲੋਕ ਰਾਸ਼ਟਰੀ ਝੰਡਾ ਲੈ ਕੇ ਸੜਕਾਂ ਉੱਤੇ ਆ ਗਏ। ਇਨ੍ਹਾਂ ਵਿੱਚ ਔਰਤਾਂ ਵੀ ਸਨ। ਉਹ ਨਾਅਰੇ ਲਾ ਰਹੇ ਸਨ, 'ਸਾਡਾ ਝੰਡਾ, ਸਾਡੀ ਪਛਾਣ।' ਇਕ ਚਸ਼ਮਦੀਦ ਨੇ ਰੈਲੀ ਵਾਲੀ ਥਾਂ ਨੇੜੇ ਗੋਲੀਬਾਰੀ ਦੀ ਖ਼ਬਰ ਦਿੱਤੀ, ਪਰ ਬਾਅਦ ਵਿੱਚ ਪਤਾ ਲੱਗਾ ਕਿ ਤਾਲਿਬਾਨ ਅੱਤਵਾਦੀਆਂ ਨੇ ਹਵਾ ਵਿੱਚ ਫਾਇਰ ਕੀਤੇ ਸਨ। ਇਸ ਦੌਰਾਨ ਔਰਤਾਂ ਆਪਣੇ ਮੋਢਿਆਂ ਉੱਤੇ ਰਾਸ਼ਟਰੀ ਝੰਡਾ ਲਹਿਰਾ ਕੇ ਨਾਅਰਾ ਲਾ ਰਹੀਆਂ ਸਨ, 'ਅੱਲ੍ਹਾ ਮਹਾਨ ਹੈ।'

ਅਫਗਾਨਿਸਤਾਨ ਦੇ ਪੂਰਬੀ ਰਾਜ ਕੁਨਾਰ ਦੀ ਰਾਜਧਾਨੀ ਅਸਾਦਾਬਾਦ ਵਿੱਚਰੈਲੀ ਦੌਰਾਨ ਕਈ ਲੋਕ ਮਾਰੇ ਗਏ, ਪਰ ਇਹ ਸਪਸ਼ਟ ਨਹੀਂ ਕਿ ਉਨ੍ਹਾਂ ਦੀ ਮੌਤ ਭਾਜੜ ਵਿੱਚ ਹੋਈ ਜਾਂ ਤਾਲਿਬਾਨ ਦੀ ਗੋਲੀ ਨਾਲ। ਇਕ ਚਸ਼ਮਦੀਦ ਮੁਹੰਮਦ ਸਲੀਮ ਨੇ ਕਿਹਾ, 'ਸੈਂਕੜੇ ਲੋਕ ਸੜਕਾਂ ਉੱਤੇ ਨਿਕਲ ਆਏ ਤਾਂ ਪਹਿਲਾਂ ਮੈਂ ਡਰ ਗਿਆ ਸੀ ਅਤੇ ਉਨ੍ਹਾਂ ਨਾਲ ਨਹੀਂ ਜਾਣਾ ਚਾਹੁੰਦਾ ਸੀ। ਜਦੋ ਮੈਂ ਆਪਣੇ ਇਕ ਗੁਆਂਢੀ ਨੂੰ ਉਸ ਵਿਚ ਦੇਖਿਆ ਤਾਂ ਮੈਂ ਕੌਮੀ ਝੰਡਾ ਲੈ ਕੇ ਉਨ੍ਹਾਂ ਨਾਲ ਚੱਲ ਪਿਆ।' ਜਲਾਲਾਬਾਦ ਤੇ ਪਕਤੀਆ ਰਾਜ ਦੇ ਇਕ ਜ਼ਿਲ੍ਹੇ ਵਿੱਚ ਵੀ ਵਿਰੋਧ ਪ੍ਰਦਰਸ਼ਨ ਤੇਜ਼ ਹੋਏ ਹਨ।

ਉਧਰ ਕਾਬੁਲ ਏਅਰਪੋਰਟ ਉੱਤੇ ਦੇਸ਼ ਛੱਡਣ ਲਈ ਇਕੱਠੇ ਹੋਏ ਲੋਕਾਂ ਵਿੱਚਬੇਚੈਨੀ ਦਾ ਮਾਹੌਲ ਹੈ। ਏਅਰਪੋਰਟ ਤੇ ਆਸ-ਪਾਸ ਗੋਲੀਬਾਰੀ ਤੇ ਭਾਜੜ ਨਾਲ 12 ਲੋਕਾਂ ਦੀ ਮੌਤ ਹੋ ਗਈ ਹੈ। ਲੋਕ ਦੇਸ਼ ਛੱਡਣ ਲਈ ਕਿੰਦਾਂ ਕਾਹਲੇ ਪੈ ਰਹੇ ਹਨ, ਇਸਦਾ ਅੰਦਾਜ਼ਾ ਏਥੋਂ ਲੱਗਦਾ ਹੈ ਕਿ ਇਕ ਛੋਟੀ ਲੜਕੀ ਨੂੰ ਏਅਰਪੋਰਟ ਦੀ ਉੱਚੀ ਕੰਧ ਉੱਤੋਂ ਸੁਰੱਖਿਆਲਈ ਤਾਇਨਾਤ ਅਮਰੀਕੀ ਫ਼ੌਜੀ ਵੱਲ ਸੁੱਟਦੇ ਦੇਖਿਆ ਗਿਆ। ਤਾਲਿਬਾਨ ਨੇ ਲੋਕਾਂ ਨੂੰ ਏਅਰਪੋਰਟ ਛੱਡਣ ਨੂੰ ਕਿਹਾ ਹੈ। ਇਕ ਤਾਲਿਬਾਨੀ ਆਗੂ ਨੇ ਕਿਹਾ, 'ਅਸੀਂ ਏਅਰਪੋਰਟ ਉੱਤੇ ਕਿਸੇ ਨੂੰ ਨੁਕਸਾਨ ਨਹੀਂ ਪੁਚਾਉਣਾ ਚਾਹੁੰਦੇ।'

ਦੂਸਰੇ ਪਾਸੇ ਖ਼ੁਦ ਨੂੰ ਕਾਰਜਕਾਰੀ ਰਾਸ਼ਟਰਪਤੀ ਐਲਾਨ ਚੁੱਕੇ ਉਮਰੁੱਲਾ ਸਾਲੇਹ ਨੇ ਪ੍ਰਦਰਸ਼ਨ ਕਰਦੇ ਲੋਕਾਂ ਬਾਰੇ ਕਿਹਾ, 'ਦੇਸ਼ ਦੇ ਸਨਮਾਨ ਲਈ ਖੜ੍ਹੇ ਹੋਣ ਵਾਲਿਆਂ ਤੇ ਰਾਸ਼ਟਰੀ ਝੰਡਾ ਚੁੱਕਣ ਵਾਲਿਆਂ ਨੂੰ ਸਲਾਮ।' ਨੈਸ਼ਨਲ ਰਜ਼ਿਸਟੈਂਟ ਫਰੰਟ ਆਫ ਅਫ਼ਗਾਨਿਸਤਾਨ ਦੇ ਮਰਹੂਮ ਆਗੂ ਤੇ ਸਾਬਕਾ ਗੁਰਿੱਲਾ ਲੜਾਈ ਦੇ ਮੋਹਰੀ ਅਹਿਮਦ ਸ਼ਾਹ ਮਸੂਦ ਦੇ ਪੁੱਤਰ ਅਹਿਮਦ ਮਸੂਦ ਨੇ ਤਾਲਿਬਾਨ ਵਿਰੋਧੀਆਂ ਦੇ ਗੜ੍ਹ ਪੰਜਸ਼ੀਰ ਘਾਟੀ ਤੋਂ ਸੱਦਾ ਦਿੱਤਾ ਹੈ ਕਿ ਤਾਲਿਬਾਨ ਨਾਲ ਜੰਗ ਵਿੱਚ ਪੱਛਮੀ ਤਾਕਤਾਂ ਮਦਦ ਕਰਨ। ਵਾਸ਼ਿੰਗਟਨ ਪੋਸਟ ਵਿੱਚ ਇਕ ਲੇਖ ਵਿੱਚ ਉਨ੍ਹਾਂ ਕਿਹਾ, 'ਮੈਂ ਮੁਜਾਹਦੀਨ ਲੜਾਕਿਆਂ ਨਾਲ ਆਪਣੇ ਪਿਤਾ ਦੇ ਨਕਸ਼ੇ-ਕਦਮ ਉੱਤੇ ਚੱਲਣ ਲਈ ਤਿਆਰ ਹਾਂ, ਜਿਹੜੇ ਇਕ ਵਾਰੀ ਮੁੜ ਤਾਲਿਬਾਨ ਨਾਲ ਭਿੜਨ ਲਈ ਤਿਆਰ ਹਨ।' ਅਹਿਮਦ ਸ਼ਾਹ ਮਸੂਦ ਨੂੰ ਅਲਕਾਇਦਾ ਦੇ ਅੱਤਵਾਦੀਆਂ ਨੇ 2001 ਵਿੱਚਕਤਲ ਕਰ ਦਿੱਤਾ ਸੀ।

## ਪੰਜਾਬ ਵਿੱਚ ਸਵਾਈਨ ਫਲੂ ਨਾਲ ਲੁਧਿਆਣੇ ਵਿੱਚ ਪਹਿਲੀ ਮੌਤ

ਲੁਧਿਆਣਾ, 19 ਅਗਸਤ (ਪੋਸਟ ਬਿਊਰੋ)- ਪੰਜਾਬ ਵਿੱਚ ਕੋਰੋਨਾ ਲਾਗ ਥੋੜ੍ਹੀ ਘੱਟ ਹੋਣ ਦੇ ਬਾਅਦ ਸਵਾਈਨ ਫਲੂ ਨੇ ਦਸਤਕ ਦੇ ਦਿੱਤੀ ਹੈ। ਕੱਲ੍ਹ ਲੁਧਿਆਣਾ ਵਿੱਚ ਸਵਾਈਨ ਫਲੂ ਨਾਲ ਪਹਿਲੀ ਮੌਤ ਹੋਈ ਹੈ। ਸਿਵਲ ਸਰਜਨ ਡਾਕਟਰ ਕਿਰਨ ਆਹਲੂਵਾਲੀਆ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ 15 ਅਗਸਤ ਨੂੰ ਸਵੇਰੇ ਸਵਾਈਨ ਫਲੂ ਦੇ ਸ਼ੱਕੀ ਲੱਛਣ ਮਹਿਸੂਸ ਹੋਣ ਉੱਤੇ ਇੱਕ ਔਰਤ ਡੀ ਐਮ ਸੀ ਹਸਪਤਾਲ ਵਿੱਚ ਪਹੁੰਚੀ ਸੀ, ਉਸ ਵਿੱਚ ਸਵਾਈਨ ਫਲੂ ਦੀ ਪੁਸ਼ਟੀ ਹੋਈ ਸੀ। ਔਰਤ ਲਛਮੀ ਸਿਨੇਮਾ ਦੇ ਸਾਹਮਣੇ ਰਹਿੰਦੀ ਸੀ।ਸਿਵਲ ਸਰਜਨ ਨੇ ਕਿਹਾ ਕਿ ਔਰਤ ਵਿੱਚ ਸਵਾਈਨ ਫਲੂ ਦੀ ਪੁਸ਼ਟੀ ਹੋਣ ਪਿੱਛੋਂ ਕਾਂਟੈਕਟ ਟ੍ਰੇਸਿੰਗ ਤਹਿਤ ਸਿਹਤ ਵਿਭਾਗ ਦੀ ਟੀਮ ਉਸ ਦੇ ਘਰ ਗਈ ਅਤੇ ਸਰਵੇ ਕੀਤਾ।








# ਸੰਪਾਦਕੀ

## ਅਫਗਾਨਸਤਾਨ ਅਸਫ਼ਲਤਾ ਦੌਰਾਨ 'ਐਲਨ ਕੁਰਡੀ' ਨੂੰ ਚੇਤੇ ਕਰਦਿਆਂ

2 ਸਤੰਬਰ 2015 ਨੂੰ ਇੱਕ ਚਾਰ ਸਾਲਾ ਸੀਰੀਅਨ ਬੱਚੇ ਐਲਨ ਕੁਰਡੀ ਦੀ ਸਮੁੰਦਰ ਵਿੱਚ ਡੁੱਬ ਕੇ ਮੌਤ ਹੋ ਗਈ ਸੀ ਜਿਸਨੂੰ ਉਸਦੀ ਮਾਤਾ ਅਤੇ ਭਰਾ ਨਾਲ ਸੀਰੀਆ ਛੱਡ ਕੇ ਯੂਰਪ ਦਾਖ਼ਲ ਹੋਣ ਲਈ ਲੈ ਕੇ ਜਾ ਰਹੇ ਸਨ। ਸਮੁੰਦਰ ਕੰਢੇ ਮਿਲੀ ਐਲਨ ਕੁਰਡੀ ਦੀ ਮਿਰਤਕ ਦੇਹ ਦੀ ਤਸਵੀਰ ਜਦੋਂ ਮੀਡੀਆ ਵਿੱਚ ਸਨਸਨੀਖੇਜ ਢੰਗ ਨਾਲ ਛਪੀ ਤਾਂ ਐਲਨ ਦੀ ਇੱਕ ਰਿਸ਼ਤੇਦਾਰ ਔਰਤ ਦਾ ਕਥਨ ਪੜਨ ਨੂੰ ਮਿਲਿਆ ਸੀ, 'ਪ੍ਰਮਾਤਮਾ ਨੇ ਉਸਦੀ ਤਸਵੀਰ ਉੱਤੇ ਰੋਸ਼ਨੀ ਪਾਈ ਜਿਸ ਨਾਲ ਸਮੁੱਚੇ ਵਿਸ਼ਵ ਨੂੰ ਜਾਗਣ ਦਾ ਅਵਸਰ ਮਿ-ਲਆ ਹੈ'। ਵਿਸ਼ਵ ਦੇ ਜਾਗਣ ਦੀ ਉਸ ਪ੍ਰਕਿਰਿਆ ਵਿੱਚ ਕੈਨੇਡੀਅਨ ਸਿਆ-ਸਤ ਦਾ ਤੰਤਰ-ਬੰਤਰ ਵੀ ਸ਼ਾਮਲ ਸੀ ਕਿਉਂਕਿ ਫੈਡਰਲ ਚੋਣਾਂ ਬਰੂਹਾਂ ਉੱਤੇ ਸਨ। ਕੁਰਡੀ ਦੀ ਮੌਤ ਨੂੰ ਕੈਨੇਡਾ ਵਿੱਚ ਸਟੀਫਨ ਹਾਰਪਰ ਸਰਕਾਰ ਦੀ ਅਸਫਲਤਾ ਗਰਦਾਨਿਆ ਗਿਆ ਕਿ ਉਹ ਸੀਰੀਅਨ ਰਿਫਿਊਜੀਆਂ ਨੂੰ ਸਹੀ ਵਕਤ ਨਾਲ ਕੈਨੇਡਾ ਨਹੀਂ ਲਿਆ ਸਕੀ। ਕੈਨੇਡੀਅਨਾਂ ਨੇ ਹਾਰਪਰ ਨੂੰ ਕਿਸੇ ਹੱਦ ਤੱਕ ਵੋਟਾਂ ਵਿੱਚ ਇਸਦੀ ਸਜ਼ਾ ਵੀ ਦਿੱਤੀ ਸੀ। ਇੱਕ ਦਹਾਕੇ ਤੋਂ ਸੱਤਾ ਤੋਂ ਬਾਹਰ ਬੈਠੀ ਲਿਬਰਲ ਪਾਰਟੀ ਨੂੰ ਮੁੜ ਸੁਰਜੀਤ ਕਰਨ ਲਈ ਜਸਟਿਨ ਟਰੂਡੋ ਹੋਰਾਂ ਨੇ ਐਲਨ ਕੁਰਡੀ ਦੁਖਾਂਤ ਤੋਂ ਬਾਅਦ 25 ਹਜ਼ਾਰ ਸੀਰੀਅਨ ਰਿਫਿਊਜੀਆਂ ਨੂੰ ਸ਼ਰਣ ਦੇਣ ਦਾ ਐਲਾਨ ਕਰਕੇ ਖੁਦ ਨੂੰ ਮਾਨਵੀ ਹਕੂਕਾਂ ਦਾ ਝੰਡਾ ਬਰਦਾਰ ਪੇਸ਼ ਕੀਤਾ ਸੀ ਅਤੇ ਕੈਨੇਡੀਅਨਾਂ ਨੇ ਉਸਨੂੰ ਵੋਟਾਂ ਦੇ ਰੂਪ ਵਿੱਚ ਸ਼ਾਬਾਸ਼ ਵੀ ਦਿੱਤੀ ਸੀ।

2015 ਤੋਂ 6 ਸਾਲਾਂ ਦੇ ਅਰਸੇ ਬਾਅਦ ਅਫਗਾਨਸਤਾਨ ਵਿੱਚ ਤਾਲੀਬਾਨ ਤਨਜ਼ੀਮ ਨੇ ਕਬਜ਼ਾ ਕਰਕੇ ਕੈਨੇਡਾ ਸਮੇਤ ਸਮੁੱਚੇ ਪੱਛਮੀ ਮੁਲਕਾਂ ਨੂੰ ਹੈਰਾਨ ਕਰ ਦਿੱਤਾ ਹੈ। ਸਾਡੀ ਸਰਕਾਰ ਐਨੀ ਭਵੰਤਰ ਚੁੱਕੀ ਸੀ ਕਿ ਇੱਕ ਪਾਸੇ ਟਰੂਡੋ ਹੋਰੀਂ ਬਹੁਮਤ ਹਾਸਲ ਕਰਨ ਲਈ ਪਾਰਲੀਮੈਂਟ ਭੰਗ ਕਰਨ ਦਾ ਹੁਕਮ ਲੈਣ ਲਈ ਭੱਜੇ ਜਾ ਰਹੇ ਸਨ ਅਤੇ ਦੂਜੇ ਪਾਸੇ ਕਾਬਲ ਵਿੱਚ ਕੈਨੇਡੀਅਨ ਐਂਬੈਸੀ ਨੂੰ ਬੰਦ ਕਰਨ ਦੇ ਹੁਕਮ ਦਿੱਤੇ ਜਾ ਰਹੇ ਸਨ। ਐਂਬੈਸੀ ਨੂੰ ਬੰਦ ਕਰਨ ਨਾਲ ਸਾਡੀਆਂ ਫੌਜਾਂ ਦਾ ਬਹਾਦਰੀ ਨਾਲ ਸਾਥ ਦੇਣ ਵਾਲੇ ਦੁਭਾਸ਼ੀਆਂ ਨਾਲ ਮਨੁੱਖੀ ਵਾਅਦਾਫਰੋਸ਼ੀ ਦਾ ਕਰਮ ਆਰੰਭ ਹੋ ਗਿਆ। ਪਿਛਲੇ 20 ਸਾਲਾਂ ਦੇ ਅਰਸੇ ਦੌਰਾਨ ਹਜ਼ਾਰਾਂ ਅਫਗਾਨੀ ਦੁਭਾਸ਼ੀਏ ਆਪਣੇ ਸਕੇ ਸਬੰਧੀਆਂ ਅਤੇ ਜਾਨ ਮਾਲ ਦਾ ਜੋਖਮ ਉਠਾ ਕੇ ਸਾਡੀਆਂ ਫੌਜਾਂ ਨਾਲ ਜੁੜੇ ਰਹੇ। ਬਹੁਗਿਣਤੀ ਦੁਭਾਸ਼ੀਏ ਇੱਕ ਪਾਕ ਪੱਵਿਤਰ ਵਾਅਦੇ ਸਹਾਰੇ ਕੈਨੇਡੀਅਨ ਫੌਜੀਆਂ ਦੀ ਮਦਦ ਕਰਦੇ ਰਹੇ ਕਿ ਨਾਜ਼ੁਕ ਵਕਤ ਆਉਣ ਉੱਤੇ ਉਹਨਾਂ ਨੂੰ ਅਫਗਾਨਸਤਾਨ ਵਿੱਚੋਂ ਕੱਢ ਲਿਆ ਜਾਵੇਗਾ। ਬੇਸ਼ੱਕ ਸਾਊ ਭਾਸ਼ਾ ਵਿੱਚ ਇਹਨਾਂ ਨੂੰ ਦੁਭਾਸ਼ੀਏ (interpreters) ਆਖਿਆ ਜਾ ਸਕਦਾ ਹੈ ਪਰ ਤਾਲੀਬਾਨ ਦੀਆਂ ਨਜ਼ਰਾਂ ਵਿੱਚ ਇਹ ਲੋਕ ਦੁਸ਼ਮਣ ਨਾਲ ਮਿਲੇ ਗੱਦਾਰ ਸਨ। ਕੈਨੇਡਾ ਦੀ ਨਜ਼ਰ ਤੋਂ ਮਿੱਤਰ ਦੁਭਾਸ਼ੀਏ ਅਤੇ ਤਾਲੀਬਾਨ ਲਈ ਗੱਦਾਰਾਂ ਨੂੰ ਅਸੀਂ ਨਿਆਸਰੇ ਛੱਡ ਤੁਰ ਆਏ।

ਫੈਡਰਲ ਸਰਕਾਰ ਨੇ ਬੀਤੇ ਹਫ਼ਤੇ ਐਲਾਨ ਕੀਤਾ ਸੀ ਕਿ 20 ਹਜ਼ਾਰ ਅਫਗਾਨੀਆਂ ਨੂੰ ਸ਼ਰਣ ਦਿੱਤੀ ਜਾਵੇਗੀ ਪਰ ਉਸ ਬਾਰੇ ਸਪੱਸ਼ਟੀਕਰਨ ਦਿੱਤੇ ਜਾਣ ਦੀ ਲੋੜ ਹੈ। ਅਫਗਾਨੀਆਂ ਅਤੇ ਅਫਗਾਨਸਤਾਨ ਵਿੱਚੋਂ ਲਿਆਂਦੇ ਜਾਣ ਵਾਲੇ ਲੋੜਵੰਦਾਂ ਵਿੱਚ ਵੱਡਾ ਫਰਕ ਹੈ। ਕਿਤੇ ਨਵੇਂ ਪ੍ਰੋਗਰਾਮ ਦਾ ਲਾਭ ਉਹ ਲੋਕ ਨਾ ਲੈ ਜਾਣ ਜੋ ਪਹਿਲਾਂ ਹੀ ਅਫਗਾਨਸਤਾਨ ਤੋਂ ਬਾਹਰ ਹੋਰ ਮੁਲਕਾਂ ਵਿੱਚ ਬੈਠੇ ਹਨ। ਇਸ ਵਕਤ ਲੋੜ ਅਫਗਾਨਸਤਾਨ ਵਿੱਚ ਅਟਕੇ ਲੋੜਵੰਦਾਂ ਨੂੰ ਮਦਦ ਦੇਣ ਦਾ ਹੈ ਜਿਹਨਾਂ ਦੀ ਜਾਨ ਨੂੰ ਸਿੱਧਾ ਖਤਰਾ ਹੈ। ਸਰਕਾਰੀ ਪਰੈੱਸ ਰੀਲੀਜ਼ ਇਸ਼ਾਰਾ ਕਰਦਾ ਹੈ ਕਿ ਨਵੇਂ ਪ੍ਰੋਗਰਾਮ ਵਿੱਚ ਉਹ ਲੋਕ ਸ਼ਾਮਲ ਹੋਣਗੇ ਜਿਹੜੇ ਸਰਕਾਰ ਦੇ ਹੋਰ ਰਿਫਿਊਜੀ ਪ੍ਰੋਗਰਾਮਾਂ ਅਧੀਨ ਵੀ ਯੋਗ ਹੁੰਦੇ ਹਨ। ਕਿਤੇ ਇਹ ਵਰਤਾਰਾ ਹਾਥੀ ਦੇ ਦੰਦ ਦਿਖਾਉਣ ਦੇ ਹੋਰ ਅਤੇ ਖਾਣ ਦੇ ਹੋਰ ਵਾਲਾ ਨਾ ਹੋ ਜਾਵੇ।

2001 ਤੋਂ ਹੁਣ ਤੱਕ ਕੈਨੇਡਾ ਅਫਗਾਨਸਤਾਨ ਵਿੱਚ 3.6 ਬਿਲੀਅਨ ਡਾਲਰ ਖਰਚ ਕਰ ਚੁੱਕਾ ਹੈ। ਇਸ ਤੋਂ ਇਲਾਵਾ 270 ਮਿਲੀਅਨ ਡਾਲਰ 2021 ਤੋਂ 2024 ਦੌਰਾਨ ਖਰਚ ਕੀਤੇ ਜਾਣੇ ਹਨ ਜਿਸਦਾ ਵਾਅਦਾ ਯੂਨਾਈਟਡ ਨੇਸ਼ਨ ਦੇ ਸਹਿਯੋਗ ਨਾਲ ਅਫਗਾਨ ਅਤੇ ਫਿਨਲੈਂਡ ਸਰਕਾਰਾਂ ਵੱਲੋਂ ਕਰਵਾਈ ਗਈ 2020 ਕਾਨਫਰੰਸ ਦੌਰਾਨ ਕੀਤਾ ਗਿਆ ਸੀ। ਅਫਗਾਨਸਤਾਨ ਵਿੱਚ ਫੌਜ, ਮਨੁੱਖੀ ਸ੍ਰੋਤਾਂ ਅਤੇ ਡਾਲਰਾਂ ਨੂੰ ਝੋਕਣ ਵਿੱਚ ਕੈਨੇਡਾ ਦਾ ਪਹਿਲੇ ਦਸ ਮੁਲਕਾਂ ਵਿੱਚ ਨੰਬਰ ਆਉਂਦਾ ਹੈ। ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਹੋਰ ਨਾਟੋ ਮੁਲਕਾਂ ਦੇ ਬਿਲੀਅਨਾਂ ਹੀ ਡਾਲਰਾਂ ਦੇ ਹੈਲੀਕਾਪਟਰ (35 ਦੇ ਕਰੀਬ ਅਮਰੀਕੀ ਬਲੈਕ ਹਾਅਕ ਹੈਲੀਕਾਪਟਰਾਂ ਸਮੇਤ), ਮਿਲਟਰੀ ਵਾਹਨ, ਬੰਬ ਆਦਿ ਤਾਲੀਬਾਨੀਆਂ ਦੇ ਹੱਥ ਲੱਗ ਚੁੱਕੇ ਹਨ। ਸਮਝਿਆ ਜਾਂਦਾ ਹੈ ਕਿ ਚੀਨ ਨੇ ਤਾਲੀਬਾਨ ਨਾਲ ਮਿੱਤਰਤਾ ਦਾ ਹੱਥ ਇਸ ਲਈ ਵਧਾਇਆ ਹੈ ਤਾਂ ਜੋ ਨੌਰਥ ਅਮਰੀਕਨ ਫੌਜੀ ਤਕਨਾਲੋਜੀ ਤੱਕ ਪਹੁੰਚ ਕਰ ਸਕੇ।

ਅਫਗਾਨਸਤਾਨ ਦੇ ਗੁੰਝਲਦਾਰ ਹਾਲਾਤਾਂ ਦੇ ਮੱਦੇਨਜ਼ਰ ਸਰਕਾਰ ਨੂੰ ਗੰਭੀਰਤਾ ਨਾਲ ਕਦਮ ਚੁੱਕਣ ਦੀ ਲੋੜ ਹੈ ਤਾਂ ਜੋ ਉੱਥੇ ਅਟਕੇ ਹੋਏ ਕੈਨੇਡੀਅਨ ਸਹਾਇਕਾਂ ਨੂੰ ਸੁਰੱਖਿਅਤਾ ਨਾਲ ਇੱਥੇ ਲਿਆਂਦਾ ਜਾ ਸਕੇ। ਰਿਵਾਇਤੀ ਕੈਨੇਡੀਅਨ ਰਿਫਿਊਜੀ ਪ੍ਰੋਗਰਾਮਾਂ ਨੂੰ ਮਨੁੱਖੀ ਕਰੁਣਾ (human compassion) ਉੱਤੇ ਆਧਾਰਿਤ ਦੱਸ ਕੇ ਅਸੀਂ ਉਹਨਾਂ ਦੇ ਗੁਣਗਾਨ ਕਰਦੇ ਹਾਂ ਅਤੇ ਅਜਿਹਾ ਹੋਣਾ ਵੀ ਚਾਹੀਦਾ ਹੈ। ਪਰ ਅਫਗਾਸਨਤਾਨ ਵਿੱਚ ਅਟਕੇ ਕੈਨੇਡੀਅਨ ਫੌਜ ਦੇ ਸਾਥੀਆਂ ਨੂੰ ਮੌਤ ਦੇ ਮੂੰਹੋਂ ਕੱਢਣਾ ਮਨੁੱਖੀ ਕਰੁਣਾ ਨਹੀਂ ਸਗੋਂ ਇਖਲਾਕੀ ਜੁੰਮੇਵਾਰੀ ਹੈ। ਇਸ ਵਾਸਤੇ ਵੈਸੀ ਹੀ ਸੰਵੇਦਨਸ਼ੀਲਤਾ ਮਨ ਵਿੱਚ ਰੱਖਣੀ ਹੋਵੇਗੀ ਜਿਹੋ ਜਿਹੀ ਐਲਨ ਕੁਰਡੀ ਦੀ ਤਸਵੀਰ ਤੋਂ ਬਾਅਦ ਪੈਦਾ ਹੋਈ ਸੀ। ਇਸ ਗੱਲ ਨਾਲ ਕੋਈ ਫਰਕ ਨਹੀਂ ਪੈਣਾ ਚਾਹੀਦਾ ਕਿ ਕੋਈ 2015 ਵਿੱਚ ਸੱਤਾ ਤੋਂ ਬਾਹਰ ਸੀ ਅਤੇ ਅੱਜ ਸੱਤਾ ਵਿੱਚ ਹੈ।

## ਅਫਗਾਨਿਸਤਾਨ ਪਹੁੰਚੇ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇ ਮੈਂਬਰ

...ਪੰਨਾ 1 ਦਾ ਬਾਕੀ

ਵਿਕਟੋਰੀਆ ਵਿੱਚ ਆਪਣੀ ਚੋਣ ਮੁਹਿੰਮ ਦੌਰਾਨ ਗੱਲ ਕਰਦਿਆਂ ਲਿਬਰਲ ਪਾਰਟੀ ਦੇ ਆਗੂ ਟਰੂਡੋ ਨੇ ਆਖਿਆ ਕਿ ਇਸ ਨਾਲ ਕੈਨੇਡੀਅਨਜ਼, ਅਫਗਾਨੀ ਲੋਕ ਤੇ ਉਨ੍ਹਾਂ ਦੇ ਪਰਿਵਾਰ ਸੁਰੱਖਿਅਤ ਹੋ ਜਾਣਗੇ। ਟਰੂਡੋ ਨੇ ਆਖਿਆ ਕਿ ਅਫਗਾਨਿਸਤਾਨ ਵਿੱਚੋਂ ਆਪਣੇ ਲੋਕਾਂ ਨੂੰ ਕੱਢਣ ਲਈ ਸੀ ਏ ਐਫ ਸੀ-17ਜ਼ ਦੀਆਂ ਦੋ ਫਲਾਈਟਸ ਕਾਬੁਲ ਪਹੁੰਚ ਚੁੱਕੀਆਂ ਹਨ।

ਉਨ੍ਹਾਂ ਅੱਗੇ ਆਖਿਆ ਕਿ ਕੱਲ੍ਹ ਉਨ੍ਹਾਂ ਵੱਲੋਂ ਰੱਖਿਆ ਮੰਤਰੀ ਹਰਜੀਤ ਸੱਜਣ, ਲਿੰਗਕ ਸਮਾਨਤਾ ਬਾਰੇ ਮੰਤਰੀ ਮਰੀਅਮ ਮੌਨਸਫ ਤੇ ਇਮੀਗ੍ਰੇਸ਼ਨ ਮੰਤਰੀ ਮਾਰਕੋ ਮੈਂਡੀਸਿਨੋ ਦੀ ਹਾਜ਼ਰੀ ਵਿੱਚ ਅਫਗਾਨ ਕੈਨੇਡੀਅਨ ਕਮਿਊਨਿਟੀ ਮੈਂਬਰਾਂ ਨਾਲ ਵਰਚੂਅਲ ਮੁਲਾਕਾਤ ਵੀ ਕੀਤੀ ਗਈ। ਟਰੂਡੋ ਨੇ ਆਖਿਆ ਕਿ ਕਾਬੁਲ ਤੋਂ ਆ ਰਹੀਆਂ ਤਸਵੀਰਾਂ ਦਿਲ ਦਹਿਲਾ ਦੇਣ ਵਾਲੀਆਂ ਹਨ ਤੇ ਉਨ੍ਹਾਂ ਕਮਿਊਨਿਟੀ ਨੂੰ ਆਖਿਆ ਕਿ ਉਨ੍ਹਾਂ ਦੀ ਸਰਕਾਰ ਉਨ੍ਹਾਂ ਦੀ ਮਦਦ ਲਈ ਜੋ ਬਣ ਸਕੇਗਾ ਉਹ ਕਰੇਗੀ। ਇਸ ਦੇ ਨਾਲ ਹੀ ਉਨ੍ਹਾਂ ਨੂੰ ਇੱਥੋਂ ਬਾਹਰ ਕੱਢਣ ਲਈ ਵੀ ਕੋਸ਼ਿਸ਼ਾਂ ਜਾਰੀ ਰੱਖਣ ਦਾ ਭਰੋਸਾ ਟਰੂਡੋ ਵੱਲੋਂ ਦਿੱਤਾ ਗਿਆ।

## ਕਾਬੁਲ ਤੋਂ ਕੈਨੇਡੀਅਨਜ਼ ਨੂੰ ਲਿਆਉਣ ਲਈ ਫਲਾਈਟਸ ਹੋਣਗੀਆਂ ਸ਼ੁਰੂ

...ਪੰਨਾ 1 ਦਾ ਬਾਕੀ

ਕੈਨੇਡੀਅਨ ਅਧਿਕਾਰੀਆਂ ਦੀ ਮਦਦ ਕਰਨ ਵਾਲੇ ਅਫਗਾਨੀਆਂ ਨੂੰ ਉੱਥੋਂ ਵਾਪਿਸ ਲਿਆਉਣ ਲਈ ਜਾਰੀ ਰੱਖੀਆਂ ਜਾਣਗੀਆਂ। ਉੱਥੋਂ ਅਫਗਾਨੀਆਂ ਨੂੰ ਕੱਢੇ ਜਾਣ ਦੀਆਂ ਕੋਸ਼ਿਸ਼ਾਂ ਬਾਰੇ ਕੈਨੇਡੀਅਨ ਸਰਕਾਰ ਨੂੰ ਅਜੇ ਵੀ ਸਵਾਲ ਪੁੱਛੇ ਜਾ ਰਹੇ ਹਨ।

ਸੀਨੀਅਰ ਕੈਨੇਡੀਅਨ ਸੈਨਿਕਾਂ ਤੇ ਹੋਰ ਗਰੁੱਪਜ਼ ਦਾ ਕਹਿਣਾ ਹੈ ਕਿ ਜਾਣਕਾਰੀ ਦੀ ਘਾਟ ਤੇ ਸਾਬਕਾ ਅਫਗਾਨੀ ਇੰਟਰਪ੍ਰੈਟਰਜ਼ ਅਤੇ ਮਦਦ ਕਰਨ ਵਾਲੇ ਹੋਰ ਸਟਾਫ ਦਾ ਡਰ ਹੀ ਤੌਖਲੇ ਪੈਦਾ ਕਰ ਰਿਹਾ ਹੈ। ਇਨ੍ਹਾਂ ਸਾਰਿਆਂ ਨੂੰ ਡਰ ਹੈ ਕਿ ਜੇ ਉਹ ਤਾਲਿਬਾਨ ਦੇ ਹੱਥ ਲੱਗ ਗਏ ਤਾਂ ਉਨ੍ਹਾਂ ਦਾ ਖੁਰਾ ਖੋਜ ਵੀ ਨਹੀਂ ਬਚੇਗਾ।

ਲਿਬਰਲ ਆਗੂ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਅਫਗਾਨਿਸਤਾਨ ਤੋਂ ਬਾਹਰ ਆਉਣ ਵਾਲੇ ਲੋਕਾਂ ਦੀ ਗਿਣਤੀ ਸੀਮਤ ਹੋਣਾ ਪੇਪਰਵਰਕ ਦੀ ਘਾਟ ਜਾਂ ਸੰਪਰਕ ਦੀ ਘਾਟ ਨਹੀਂ ਹੈ। ਸਗੋਂ ਤਾਲਿਬਾਨ ਵੱਲੋਂ ਏਅਰਪੋਰਟ ਨੂੰ ਆਉਣ ਵਾਲੇ ਰਾਹ ਰੋਕ ਦਿੱਤੇ ਜਾਣ ਕਾਰਨ ਹੀ ਲੋਕ ਉੱਥੇ ਨਹੀਂ ਪਹੁੰਚ ਪਾ ਰਹੇ।

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਜ਼ਖ਼ਮੀ

ਟੋਰਾਂਟੋ, 19 ਅਗਸਤ (ਪੋਸਟ ਬਿਊਰੋ) : ਬੁੱਧਵਾਰ ਸ਼ਾਮ ਨੂੰ ਕਿਪਲਿੰਗ ਐਵਨਿਊ ਤੇ ਡਿਕਸਨ ਰੋਡ ਉੱਤੇ ਇੱਕ ਗੱਡੀ ਵੱਲੋ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ।

ਰਾਤੀਂ 11:00 ਵਜੇ ਪੁਲਿਸ ਅਧਿਕਾਰੀਆਂ ਨੂੰ ਲਾਂਘੇ ਉੱਤੇ ਸੱਦਿਆ ਗਿਆ। ਜ਼ਖ਼ਮੀ ਆਪਣੇ 40ਵਿਆਂ ਵਿੱਚ ਦੱਸਿਆ ਜਾਂਦਾ ਹੈ। ਉਸ ਨੂੰ ਗੰਭੀਰ ਸੱਟਾਂ ਲੱਗੀਆਂ ਪਰ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਇੱਕ ਮਹਿਲਾ ਨੂੰ ਵੀ ਮਾਮੂਲੀ ਸੱਟਾਂ ਲੱਗਣ ਤੋਂ ਬਾਅਦ ਹਸਪਤਾਲ ਲਿਜਾਇਆ ਗਿਆ।

ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਉਹ ਗੱਡੀ ਵਿੱਚ ਸੀ ਜਾਂ ਪੈਦਲ ਜਾ ਰਹੀ ਸੀ। ਡਿਕਸਨ ਉੱਤੇ ਉੱਤਰ ਵਾਲੇ ਪਾਸੇ ਕਿਪਲਿੰਗ ਨੂੰ ਬੰਦ ਕਰ ਦਿੱਤਾ ਗਿਆ ਹੈ।

## ਦਰਜੀ ਦਾ ਗੋਲੀਆਂ ਮਾਰ ਕੇ ਕਤਲ

ਫਤਿਆਬਾਦ, 19 ਅਗਸਤ (ਪੋਸਟ ਬਿਊਰੋ)- ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਡੇਹਰਾ ਸਾਹਿਬ ਦੇ ਅੱਡੇ ਉੱਤੇ ਦਰਜੀ ਦੀ ਦੁਕਾਨ ਚਲਾਉਂਦੇ ਵਿਅਕਤੀ ਨੂੰ ਕਾਰ ਸਵਾਰਾਂ ਨੇ ਗੋਲੀਆਂ ਮਾਰਕੇ ਕਤਲ ਕਰ ਦਿੱਤਾ, ਜਦੋਂ ਉਹ ਆਪਣੀ ਦੁਕਾਨ ਉੱਤੇ ਬੈਠਾ ਸੀ। ਮ੍ਰਿਤਕ ਦੀ ਪਛਾਣ ਚਰਨਜੀਤ ਸਿੰਘ ਉਰਫ ਜੀਣਾ ਪੁੱਤਰ ਫਕੀਰ ਸਿੰਘ ਵਾਸੀ ਰਾਹਲ ਚਾਹਲ ਵਜੋਂ ਹੋਈ ਹੈ। ਜੀਣਾ ਉੱਤੇ ਗੋਲੀਆਂ ਚਲਾਉਣ ਵਾਲੇ ਲੋਕ ਕੌਣ ਸਨ, ਇਹ ਹਾਲੇ ਭੇਦ ਬਣਿਆ ਹੋਇਆ ਹੈ।

ਮਿਲੀ ਜਾਣਕਾਰੀ ਅਨੁਸਾਰ ਬਾਅਦ ਦੁਪਹਿਰ ਕਾਰ ਸਵਾਰ ਤਿੰਨ ਅਣਪਛਾਤੇ ਵਿਅਕਤੀਆਂ ਨੇ ਦੁਕਾਨ ਉੱਤੇ ਬੈਠੇ ਚਰਨਜੀਤ ਸਿੰਘ ਉੱਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਦੱਸਿਆ ਗਿਆ ਹੈ ਕਿ ਹਮਲਾਵਰਾਂ ਵੱਲੋਂ ਛੇ ਰਾਊਂਡ ਫਾਇਰ ਕੀਤੇ ਗਏ ਅਤੇ ਚਰਨਜੀਤ ਸਿੰਘ ਦੀ ਮੌਕੇ ਉੱਤੇ ਮੌਤ ਹੋ ਗਈ। ਓਥੇ ਪਹੁੰਚੇ ਡੀ ਐਸ ਪੀ ਸਤਿੰ-ਦਰ ਕੁਮਾਰ ਨੇ ਦੱਸਿਆ ਕਿ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਤਰਨ ਤਾਰਨ ਭੇਜ ਦਿੱਤਾ ਹੈ, ਜਦੋਂ ਕਿ ਥਾਣਾ ਗੋਇੰਦਵਾਲ ਸਾਹਿਬ ਵਿੱਚ ਇਸ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ। ਥਾਣਾ ਮੁਖੀ ਇੰਸਪੈਕਟਰ ਨਵਦੀਪ ਸਿੰਘ ਨੇ ਦੱਸਿਆ ਕਿ ਵਾਰਦਾਤ ਲਈ ਵਰਤੀ ਗਈ ਗੱਡੀ ਦਾ ਨੰਬਰ ਟਰੇਸ ਹੋ ਚੁੱਕਾ ਹੈ ਅਤੇ ਮੁਲਜ਼ਮ ਜਲਦੀ ਹੀ ਪੁਲਸ ਦੀ ਗ੍ਰਿਫਤ ਵਿੱਚ ਹੋਣਗੇ।

Punjabipost.ca
905-793-2202
27 Armthorpe Rd #3,
Brampton, L6T 5M4

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਵਿਸ਼ਵ ਪੰਜਾਬੀ ਹੈਰੀਟੇਜ਼ ਫੇਡਰੇਸ਼ਨ ਵੱਲੋਂ ਡਾ. ਦਵਿੰਦਰ ਸਿੰਘ ਲੱਧੜ ਕੈਨੇਡਾ ਲਈ ਪੈਟਰਨ ਥਾਪੇ

...ਪੰਨਾ 1 ਦਾ ਬਾਕੀ

ਡਾ: ਦਵਿੰਦਰ ਸਿੰਘ ਲੱਧੜ ਦਾ ਪੰਜਾਬੀ ਮਾਂ ਬੋਲੀ, ਪੰਜਾਬੀ ਰੇਡੀਓ ਟੈਲੀਵੀਜਨ,ਪੰਜਾਬੀ ਸਾਹਿਤ, ਸਭਿਆਚਾਰ ਅਤੇ ਪੰਜਾਬੀਅੱਤ ਦੀ ਪਰਫੁੱਲਤਾ ਲਈ ਵੱਡਾ ਯੋਗਦਾਨ ਕਿਸੇ ਤੁਆਰਫ ਦਾ ਮੁਹਤਾਜ ਨਹੀਂ, ਪੈਟਰਨ ਦੀ ਹੋਈ ਇਸ ਨਿਯੁਕਤੀ ਦੀ ਪੰਜਾਬੀ ਭਾਈਚਾਰੇ ਦੇ ਵੱਖ ਵੱਖ ਖੇਤਰਾਂ ਵੱਲੋਂ ਸੁਆਗਤ ਕੀਤਾ ਜਾ ਰਿਹਾ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ: ਦਵਿੰਦਰ ਸਿੰਘ ਲੱਧੜ ਨੇ ਜਿੱਥੇ ਵਿਸ਼ਵ ਪੰਜਾਬੀ ਹੈਰੀਟੇਜ਼ ਫੇਡਰੇਸ਼ਨ ਦੀ ਪਰਧਾਨ ਸੁੱਖੀ ਬਰਾੜ ਜੀ ਦਾ ਧੰਨਵਾਦ ਕੀਤਾ ਉੱਥੇ ਉਹਨਾਂ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅੱਤ ਦੇ ਵਿਕਾਸ ਲਈ ਕੈਨੇਡਾ ਭਰ ਵਿੱਚ ਵੱਡੇ ਪੱਥਰ ਤੇ ਉਪਰਾਲੇ ਕੀਤੇ ਜਾਣ ਦਾ ਅਹਿਦ ਵੀ ਲਿਆਂ। ਉਹਨਾਂ ਸਮੁੱਚੇ ਪੰਜਾਬੀ ਭਾਈਚਾਰੇ ਅਤੇ ਇੱਥੋਂ ਦੀਆਂ ਸਹਿਤ ਸਭਾਂਵਾਂ,ਪੰਜਾਬੀ ਦੇ ਵਿਕਾਸ ਲਈ ਯਤਨਸ਼ੀਲ ਸਾਰੀਆਂ ਧਿਰਾਂ ਤੋਂ ਆਸ ਪਰਗਟ ਕੀਤੀ ਕਿ ਉਹ ਉਹਨਾਂ ਦਾ ਇਸ ਕਾਰਜ ਲਈ ਆਪਣਾ ਵੱਡਾ ਯੋਗਦਾਨ ਪਾਉਣਗੇ। ਡਾ: ਦਵ੍ਿਦਰ ਸਿੰਘ ਲੱਧੜ ਹੁਰਾਂ ਨਾਲ ਉਹਨਾਂ ਦੇ ਫੋਨ ਨੰਬਰ 647 704 7007 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬਾਈਡੇਨ ਦਾ ਵੱਡਾ ਫੈਸਲਾ: ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਅਫਗਾਨਿਸਤਾਨ ਨਾਲ ਸਾਰੇ ਹਥਿਆਰ ਸੌਦੇ ਰੱਦ



ਵਾਸ਼ਿੰਗਟਨ, 19 ਅਗਸਤ, (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਸੰਕਟ ਦੌਰਾਨ ਅਮਰੀਕੀ ਰਾਸ਼ਟਰਪਤੀ ਜੋ ਬਾਇਡੇਨ ਨੇ ਵੱਡਾ ਫੈਸਲਾ ਲਿਆ ਅਤੇ ਅਫਗਾਨ ਸਰਕਾਰ ਨਾਲ ਹੋਏ ਹਥਿਆਰਾਂ ਦੇ ਸਾਰੇ ਸੌਦੇ ਹਾਲ ਦੀ ਘੜੀ ਰੱਦ ਕਰ ਦਿੱਤੇ ਹਨ। ਅਮਰੀਕੀ ਸਰਕਾਰ ਨੇ ਇਸ ਬਾਰੇ ਹਥਿਆਰ ਬਣਾਉਣ ਵਾਲੇ ਠੇਕੇਦਾਰਾਂ ਨੂੰ ਨੋਟਿਸ ਵੀ ਭੇਜ ਦਿੱਤਾ ਹੈ।

ਇਸ ਸੰਬੰਧ ਵਿੱਚ ਅਮਰੀਕਾ ਦੇ ਗ੍ਰਹਿ ਮੰਤਰਾਲੇਨੇ ਰਾਜਨੀਤਕ/ਫੌਜੀ ਕੇਸਾਂ ਦੇ ਬਿਊਰੋ ਵੱਲੋਂ ਭੇਜੇ ਨੋਟਿਸ ਵਿੱਚ ਲਿਖਿਆ ਹੈ ਕਿ ਅਫਗਾਨਿਸਤਾਨ ਭੇਜੇ ਜਾਣ ਵਾਲੇ ਹਥਿਆਰਾਂ ਦੇ ਪੈਂਡਿੰਗ ਆਰਡਰਾਂ ਤੇ ਜਿਨ੍ਹਾਂ ਦੀ ਡਿਲਿਵਰੀ ਅਜੇ ਨਹੀਂ ਹੋਈ, ਉਨ੍ਹਾਂ ਨੂੰ ਰੋਕ ਲਿਆ ਜਾਵੇ। ਨੋਟਿਸਮੁਤਾਬਕ ਅਫਗਾਨਿਸਤਾਨਦੇ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ।ਇਸ ਦੇਸ਼ ਦੇ ਫੌਜੀ ਸਾਮਾਨ ਦੀ ਵਿਕਰੀ ਦਾ ਡਾਇਰੈਕਟੋਰੇਟ ਸਾਰੇ ਬਾਕੀ ਅਤੇ ਜਾਰੀ ਹੋ ਚੁੱਕੇ ਐਕਸਪੋਰਟ ਲਾਇਸੈਂਸ ਨੂੰ ਵੇਖ ਰਿਹਾ ਹੈ।ਇਸ ਨੋਟਿਸ ਵਿੱਚ ਕਿਹਾ ਗਿਆ ਹੈ ਕਿ ਜੋ ਨਵਾਂ ਹੁਕਮ ਹੋਵੇਗਾ, ਉਸ ਬਾਰੇ ਅਗਲੇ ਦਿਨੀਂਫੌਜੀ ਲੋੜ ਦੀ ਸਮੱਗਰੀ ਦੇ ਐਕਸਪੋਰਟਰਜ਼ ਨੂੰ ਜਾਣਕਾਰੀ ਦਿੱਤੀ ਜਾਵੇਗੀ।ਅਫਗਾਨਿਸਤਾਨ ਵਿੱਚ ਤੇਜ਼ੀ ਨਾਲ ਬਦਲਦੇ ਹਾਲਾਤ ਉੱਤੇਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਤੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੀ ਨਜ਼ਰ ਹੈ ਅਤੇ ਦੋਵੇਂ ਜਣੇ ਅਗਲੇ ਹਫਤੇ ਜੀ-7 ਦੇਸ਼ਾਂ ਦੀ ਡਿਜੀਟਲ ਬੈਠਕ ਕਰਨਗੇ, ਜਿੱਥੇ ਇਸ ਗੱਲ ਉੱਤੇ ਚਰਚਾ ਹੋਵੇਗੀ ਕਿ ਵਿਸ਼ਵ ਭਾਈਚਾਰਾ ਅਫਗਾਨ ਸ਼ਰਨਾਰਥੀਆਂ ਤੇ ਹੋਰ ਅਫਗਾਨ ਨਾਗਰਿਕਾਂ ਨੂੰ ਮਨੁੱਖੀ ਸਹਾਇਤਾ ਅਤੇ ਸਹਿਯੋਗ ਕਿਵੇਂ ਪੁਚਾ ਸਕਦਾ ਹੈ।

## ਨੇਤਾ ਜੀ ਸੁਭਾਸ਼ ਦੇ ਪੋਤਰੇ ਨੇ ਜਾਪਾਨ ਦੇ ਰੈਂਕੋਜੀ ਮੰਦਰ 'ਚ ਰੱਖੀਆਂ ਅਸਥੀਆਂ ਦੀ ਡੀ ਐਨ ਏ ਜਾਂਚ ਮੰਗੀ



ਕੋਲਕਾਤਾ, 19 ਅਗਸਤ (ਪੋਸਟ ਬਿਊਰੋ)- ਸੁਤੰਤਰਤਾ ਸੈਨਾਨੀ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਲਾਪਤਾ ਹੋਏ ਸੱਤ ਦਹਾਕੇ ਬੀਤ ਚੁੱਕੇ ਹਨ। ਉਹ ਸਾਲ 1945 ਵਿੱਚ ਲਾਪਤਾ ਹੋਏ ਸਨ ਅਤੇ ਕਈ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਮੌਤ ਹਵਾਈ ਜਹਾਜ਼ ਹਾਦਸੇ ਵਿੱਚ ਹੋ ਗਈ ਸੀ, ਪਰ ਜਾਪਾਨ ਦੇ ਮੰਦਰ ਵਿੱਚ ਰੱਖੀਆਂ ਉਨ੍ਹਾਂ ਦੀਆਂ ਅਸਥੀਆਂ ਨੂੰ ਡੀ ਐਨ ਏ ਜਾਂਚ ਦੇ ਲਈ ਭਾਰਤ ਲਿਆਉਣ ਦੀ ਮੰਗ ਅਜੇ ਤਕ ਪੂਰੀ ਨਹੀਂ ਹੋਈ।

ਇਸ ਸੰਬੰਧ ਵਿੱਚ ਨੇਤਾ ਜੀ ਦੇ ਪੋਤਰੇ ਸੂਰਜ ਕੁਮਾਰ ਬੋਸ ਨੇ ਬਿਆਨ ਜਾਰੀ ਕਰ ਕੇ ਨਵੇਂ ਸਿਰੇ ਤੋਂ ਅਧਿਕਾਰੀਆਂ ਤੋਂ ਰੈਂਕੋਜੀ ਮੰਦਰ ਵਿੱਚ ਰੱਖੀਆਂ ਅਸਥੀਆਂ ਦੀ ਡੀ ਐਨ ਏ ਜਾਂਚ ਕਰਾਉਣ ਦੀ ਮੰਗ ਕੀਤੀ ਹੈ ਤਾਂ ਕਿ ਉਨ੍ਹਾਂ ਦੇ ਲਾਪਤਾ ਹੋਣ ਬਾਰੇ ਬਣੇ ਰੇੜਕੇ ਨੂੰ ਹਮੇਸ਼ਾ ਲਈ ਖਤਮ ਕੀਤਾ ਜਾ ਸਕੇ। ਨੇਤਾਜੀ ਦੇ ਲਾਪਤਾ ਹੋਣ ਬਾਰੇ ਕਈ ਕਿਆਸ ਲਾਏ ਜਾ ਰਹੇ ਹਨ ਅਤੇ ਕੁਝ ਮਾਹਰਾਂ ਦਾ ਦਾਅਵਾ ਹੈ ਕਿ ਨੇਤਾਜੀ ਦੀ ਮੌਤ ਜਹਾਜ਼ ਹਾਦਸੇ ਵਿੱਚ ਨਹੀਂ ਹੋਈ ਅਤੇ ਉਹ ਮਰਦੇ ਦਮ ਤਕ ਭੇਸ ਬਦਲ ਕੇ ਰਹੇ ਸਨ। ਜਰਮਨੀ ਵਿੱਚ ਰਹਿ ਰਹੇ ਸੂਰਜ ਕੁਮਾਰ ਬੋਸ ਨੇ ਕਿਹਾ ਕਿ ਕਰੀਬ ਦੋ ਦਹਾਕੇ ਪਹਿਲਾਂ ਜਸਟਿਸ ਮੁਖਰਜੀ ਜਾਂਚ ਕਮਿਸ਼ਨ ਦੀ ਜਾਂਚ ਦੌਰਾਨ ਡੀ ਐਨ ਏ ਜਾਂਚ ਕਰਨ ਅਤੇ ਨੇਤਾਜੀ ਦੀਆਂ ਅਸਥੀਆਂ ਨੂੰ ਭਾਰਤ ਲਿਆਉਣ ਦੇ ਮੌਕੇ ਨੂੰ ਦੁਖਦਾਈ ਰੂਪ ਵਿੱਚ ਗੁਆ ਦਿੱਤਾ ਗਿਆ ਸੀ। ਮੁਖਰਜੀ ਕਮਿਸ਼ਨ ਦੀ ਰਿਪੋਰਟ ਮੁਤਾਬਕ ਰੈਂਕੋਜੀ ਮੰਦਰ ਦੇ ਅਧਿਕਾਰੀ ਨੇਤਾ ਜੀ ਦੀਆਂ ਅਸਥੀਆਂ ਦੀ ਡੀ ਐਨ ਏ ਜਾਂਚ ਦੀ ਇਜਾਜ਼ਤ ਦੇਣ ਦੇ ਇੱਛੁਕ ਨਹੀਂ। ਉਨ੍ਹਾਂ ਨੇ ਆਪਣੇ ਬਿਆਨ ਵਿੱਚ ਸਾਫ ਕੀਤਾ ਕਿ ਭਾਰਤੀ ਦੂਤਘਰ ਨੂੰ ਪੱਤਰ ਲਿਖ ਕੇ ਅਸਥੀਆਂ ਮੰਗਵਾਉਣ ਲਈ ਕਿਹਾ ਸੀ।

## ਪਾਕਿਸਤਾਨੀ ਡਾਕਟਰੀ ਸੀਟਾਂ ਕਸ਼ਮੀਰ ਵਾਦੀ ਵਿੱਚ ਵੇਚਣ ਦਾ ਮਾਮਲਾ ਭਖਿਆ

ਸ੍ਰੀਨਗਰ, 19 ਅਗਸਤ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਪੁਲਸ ਦੀ ਕਾਊਂਟਰ ਇੰਟੈਲੀਜੈਂਸ ਕਸ਼ਮੀਰ (ਸੀ ਆਈ ਕੇ) ਵਿੰਗ ਨੇ ਕੱਲ੍ਹ ਐਮ ਬੀ ਬੀ ਐਸ ਸੀਟਾਂ ਵੇਚਣ ਵਾਲੇ ਰੈਕੇਟ ਦੇ ਕੇਸ ਵਿੱਚ ਵੱਖਵਾਦੀ ਨੇਤਾ ਜਫਰ ਅਕਬਰ ਭੱਟ ਸਮੇਤ ਛੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਬਾਰੇ ਅਗਲੀ ਜਾਂਚ ਚੱਲ ਰਹੀ ਹੈ। ਸੀ ਆਈ ਕੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਸ੍ਰੀਨਗਰ ਪੁਲਸ ਨੂੰ ਜਾਣਕਾਰੀ ਮਿਲੀ ਸੀ ਕਿ ਹੁਰੀਅਤ ਦੇਕੁਝ ਨੇਤਾਵਾਂ ਸਮੇਤ ਕਈ ਲੋਕ ਪਾਕਿਸਤਾਨ ਦੀਆਂ ਐਮ ਬੀ ਬੀ ਐਸ ਸੀਟਾਂ ਵਾਦੀ ਵਿੱਚ ਵੇਚ ਰਹੇ ਹਨ। ਵਿਦਿਆਰਥੀਆਂ ਦੇ ਮਾਤਾ-ਪਿਤਾ ਤੋਂ ਇਕੱਠੇ ਕੀਤੇ ਪੈਸਿਆਂਦੀ ਵੱਖ-ਵੱਖ ਤਰੀਕਿਆਂ ਨਾਲ ਅੱਤਵਾਦ ਅਤੇ ਵੱਖਵਾਦ ਲਈ ਵਰਤੋਂ ਕੀਤੀ ਜਾ ਰਹੀ ਹੈ। ਇਸ ਜਾਂਚ ਦੌਰਾਨ ਸੀ ਆਈ ਕੇ ਨੇ ਮੁਹੰਮਦ ਅਕਬਰ ਭੱਟ ਉਰਫ਼ ਜਫਰ ਭੱਟ ਪੁੱਤਰ ਅਬਦੁੱਲ ਜੱਬਾਰ ਵਾਸੀ ਉਸਮਾਨੀਆ ਕਾਲੋਨੀ ਬਾਗ-ਏ-ਮਹਿਤਾਬ ਸ੍ਰੀਨਗਰ, ਫਾਤਿਮਾ ਸ਼ਾਹ ਪਤਨੀ ਨਿਸਾਰ ਅਹਿਮਦ ਸ਼ਾਹ ਵਾਸੀ ਪਲਹਾਲਨ ਪੱਟਨ ਬਾਰਾਮੂਲਾ, ਮੁਹੰਮਦ ਅਬਦੁੱਲਾ ਸ਼ਾਹ ਪੁੱਤਰ ਗੁਲਾਮ ਅਹਿਮਦ ਸ਼ਾਹ ਵਾਸੀ ਕੁਲਪੋਰਾ ਸਾਲਕੂਟ ਕੁਪਵਾੜਾ, ਸਬਜ਼ਾਰ ਅਹਿਮਦ ਸ਼ੇਖ ਪੁੱਤਰ ਬਸ਼ੀਰ ਅਹਿਮਦ ਸ਼ੇਖ ਵਾਸੀ ਨੌਗਾਮ ਸ਼ਾਂਗੁਸ ਅਨੰਤਨਾਗ, ਅਲਤਾਫ ਅਹਿਮਦ ਭੱਟ ਪੁੱਤਰ ਅਬਦੁੱਲ ਜਬਾਰ ਭੱਟ ਵਾਸੀ ਸ਼ਰਕਪੋਰਾ ਬਾਗ-ਏ-ਮਹਿਤਾਬ ਸ੍ਰੀਨਗਰ ਅਤੇ ਮੰਜ਼ੂਰ ਅਹਿਮਦ ਸ਼ਾਹ ਪੁੱਤਰ ਗੁਲਾਮ ਅਹਿਮਦ ਸ਼ਾਹ ਵਾਸੀ ਕੁਲਪੋਰਾ ਸਾਲਕੋਟ ਕੁਪਵਾੜਾ ਵਜੋਂ ਕੀਤੀ ਹੈ। ਦੋ ਦੋਸ਼ੀ ਅਜੇ ਫਰਾਰ ਹਨ

## ਮਮਤਾ ਨੂੰ ਹਾਈ ਕੋਰਟ ਤੋਂ ਝਟਕਾ: ਪੱਛਮੀ ਬੰਗਾਲ ਵਿੱਚ ਚੋਣਾਂ ਮਗਰੋਂ ਦੀ ਹਿੰਸਾ ਬਾਰੇ ਜਾਂਚ ਸੀਬੀਆਈ ਕਰੇਗੀ



ਕੋਲਕਾਤਾ, 19 ਅਗਸਤ, (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਤੋਂ ਬਾਅਦ ਹੋਈ ਹਿੰਸਾ ਦੇ ਕੇਸ ਵਿਚਅੱਜ ਵੀਰਵਾਰ ਨੂੰ ਮਮਤਾ ਬੈਨਰਜੀ ਸਰਕਾਰ ਨੂੰ ਕਲਕੱਤਾ ਹਾਈ ਕੋਰਟ ਤੋਂ ਵੱਡਾ ਝਟਕਾ ਲੱਗਾ, ਜਦੋਂ ਹਾਈ ਕੋਰਟ ਦੇ ਪੰਜ ਜੱਜਾਂ ਦੇ ਬੈਂਚ ਨੇ ਹਿੰਸਾ ਦੀ ਨਿਰਪੱਖ ਜਾਂਚ ਦੀ ਮੰਗ ਕਰਦੀਆਂ ਪਟੀਸ਼ਨਾਂ ਉੱਤੇਕਤਲਾਂਅਤੇ ਬਲਾਤਕਾਰ ਵਰਗੇ ਗੰਭੀਰ ਕੇਸਾਂ ਦੀ ਜਾਂਚ ਸੀ ਬੀ ਆਈ ਤੋਂ ਕਰਾਉਣ ਦੇ ਆਦੇਸ਼ ਦੇ ਦਿੱਤੇ। ਇਸ ਤੋਂ ਬਿਨਾ ਹਿੰਸਾ ਨਾਲ ਜੁੜੇ ਹੋਰ ਕੇਸਾਂ ਦੀ ਜਾਂਚ ਲਈ ਹਾਈ ਕੋਰਟ ਨੇ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾ ਦਿੱਤੀ ਹੈ। ਇਸ ਹਿੰਸਾ ਦੌਰਾਨ ਲੁੱਟ, ਸਾੜ-ਫੂਕ, ਭੰਨ-ਤੋੜ, ਹਮਲੇ ਅਤੇ ਹੋਰ ਕੇਸਾਂਬਾਰੇ ਜਾਂਚ ਐੱਸ ਆਈ ਟੀ ਵਿੱਚ ਸ਼ਾਮਲ ਕੋਲਕਾਤਾ ਪੁਲਿਸ ਦੇ ਕਮਿਸ਼ਨਰ ਸੋਮੇਨ ਮਿਤਰਾ, ਬੰਗਾਲ ਪੁਲਿਸਦੇ ਡੀ ਜੀ ਪੀ (ਟੈਲੀਕਾਮ) ਸੁਮਨ ਬਾਲਾ ਸਾਹੂਅਤੇ ਆਈਪੀਐੱਸ ਅਫਸਰ ਰਣਵੀਰ ਕੁਮਾਰ ਕਰਨਗੇ।ਇਹ ਸਾਰਾ ਕੇਸ ਇੱਕ ਤਰ੍ਹਾਂ ਰਾਜ ਸਰਕਾਰ ਦੇ ਹੱਥੋਂ ਨਿਕਲ ਗਿਆ ਹੈ।

ਕਲਕੱਤਾ ਹਾਈ ਕੋਰਟ ਦੇ ਕਾਰਜਕਾਰੀ ਚੀਫ਼ ਜਸਟਿਸ ਰਾਜੇਸ਼ ਬਿੰਦਲ ਦੀ ਅਗਵਾਈ ਵਾਲੇ ਪੰਜ ਮੈਂਬਰੀ ਬੈਂਚ ਨੇ ਕਿਹਾ ਹੈ ਕਿ ਸੀ ਬੀ ਆਈਅਤੇ ਐੱਸ ਆਈ ਟੀ ਦੋਵੇਂ ਅਦਾਲਤ ਦੀ ਨਿਗਰਾਨੀਹੇਠ ਜਾਂਚ ਕਰਨਗੀਆਂ ਤੇਐੱਸ ਆਈ ਟੀ ਜਾਂਚ ਦੀ ਨਿਗਰਾਨੀ ਸੁਪਰੀਮ ਕੋਰਟ ਦੇ ਸਾਬਕਾ ਜੱਜ ਕਰਨਗੇ। ਬੈਂਚ ਨੇ ਕੇਂਦਰੀ ਏਜੰਸੀ ਸੀ ਬੀ ਆਈ ਨੂੰ ਅਗਲੇ ਛੇ ਹਫ਼ਤਿਆਂ ਵਿੱਚ ਆਪਣੀ ਰਿਪੋਰਟ ਪੇਸ਼ ਕਰਨ ਨੂੰ ਕਿਹਾ ਅਤੇ ਰਾਜ ਸਰਕਾਰ ਨੂੰ ਹਿੰਸਾ ਪੀੜਤਾਂ ਨੂੰ ਤੁਰੰਤ ਮੁਆਵਜ਼ਾ ਦੇਣ ਅਤੇ ਮੁਆਵਜ਼ਾ ਰਾਸ਼ੀ ਪੀੜਤਾਂ ਦੇ ਸਿੱਧੇ ਬੈਂਕ ਖਾਤੇ ਵਿੱਚਭੇਜਣ ਲਈ ਕਿਹਾ ਹੈ।ਵਰਨਣ ਯੋਗ ਹੈ ਕਿ ਤਿੰਨ ਅਗਸਤ ਨੂੰ ਹਾਈ ਕੋਰਟ ਨੇ ਹਿੰਸਾ ਨਾਲ ਸਬੰਧਤ ਜਨਹਿਤ ਪਟੀਸ਼ਨਾਂ ਉੱਤੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ।

ਚੋਣਾਂ ਮਗਰੋ ਹੋਈ ਹਿੰਸਾ ਦੌਰਾਨ ਮਨੁੱਖੀ ਅਧਿਕਾਰ ਦੀ ਉਲੰਘਣਾ ਦੀ ਜਾਂਚ ਲਈ ਹਾਈ ਕੋਰਟ ਨੇ ਬੀਤੀ 18 ਜੂਨ ਨੂੰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐੱਨਐੱਚਆਰਸੀ) ਦੇ ਚੇਅਰਮੈਨ ਨੂੰ ਇਕ ਵਿਸ਼ੇਸ਼ ਕਮੇਟੀ ਬਣਾ ਕੇ ਜਾਂਚ ਲਈ ਆਦੇਸ਼ ਦਿੱਤਾ ਸੀ। ਜਾਂਚ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਮਮਤਾ ਬੈਨਰਜੀ ਸਰਕਾਰ ਨੂੰ ਹਿੰਸਾ ਦੀ ਦੋਸ਼ੀ ਮੰਨਿਆ ਸੀ। ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਉੱਤੇ ਕੋਰਟ ਨੇ ਫ਼ੈਸਲਾ ਦੇਂਦੇ ਹੋਏ ਕਿਹਾ ਕਿ ਹਿੰਸਾ ਨਾਲ ਸਬੰਧਤ ਕੇਸਛੇਤੀ ਸੀ ਬੀ ਆਈ ਨੂੰ ਟਰਾਂਸਫਰ ਕਰ ਦਿੱਤਾ ਜਾਵੇ। ਕੋਰਟ ਨੇ ਰਾਜ ਪੁਲਿਸ ਅਤੇ ਸਰਕਾਰ ਨੂੰ ਹਿੰਸਾ ਦੀ ਜਾਂਚ ਨਾਲ ਸਬੰਧਤ ਸਾਰੇ ਦਸਤਾਵੇਜ਼ ਸੀ ਬੀ ਆਈ ਦੇ ਹਵਾਲੇ ਕਰਨ ਲਈ ਕਿਹਾ ਹੈ।

ਪੱਛਮੀ ਬੰਗਾਲ ਸਰਕਾਰ ਦੀ ਦਲੀਲ ਸੀ ਕਿ ਤਿੰਨ ਮਈ 2021 ਤਕ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਪੱਛਮੀ ਬੰਗਾਲ ਦੀ ਪੁਲਿਸ ਚੋਣ ਕਮਿਸ਼ਨ ਦੇ ਅਧੀਨ ਸੀ, ਇਸ ਲਈ ਉਹੀ ਹਿੰਸਾ ਲਈ ਜ਼ਿੰਮੇਵਾਰ ਹੈ। ਰਾਜ ਸਰਕਾਰ ਦੀ ਇਹ ਦਲੀਲ ਕੋਰਟ ਨੇ ਰੱਦ ਕਰਕੇ ਫ਼ੈਸਲੇ ਵਿੱਚ ਇਹ ਕਿਹਾ ਕਿ ਸਿਵਲ ਜਾਂ ਪੁਲਿਸ ਪ੍ਰਸ਼ਾਸਨ ਚੋਣ ਪ੍ਰਕਿਰਿਆ ਵੇਲੇ ਸਿਰਫ਼ ਸੁਤੰਤਰ ਤੇ ਨਿਰਪੱਖ ਚੋਣ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ ਦੇ ਕੰਟਰੋਲ ਵਿੱਚ ਹੁੰਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਪੁਲਿਸ ਕਾਨੂੰਨ ਵਿਵਸਥਾ ਨੂੰ ਕੰਟਰੋਲ ਕਰਨ ਲਈ ਆਪਣੇ ਆਮ ਫਰਜ਼ ਨਿਭਾਉਣਾ ਬੰਦ ਕਰ ਦਿੰਦੀ ਹੈ।

ਹਾਈ ਕੋਰਟ ਦੇ ਫ਼ੈਸਲੇ ਪਿੱਛੋਂ ਅੱਜ ਰਾਜ ਸਰਕਾਰ ਦੇ ਵਕੀਲਾਂ ਦੀ ਟੀਮ ਦੀ ਬੈਠਕ ਹੋਈ, ਜਿਸ ਵਿੱਚ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਦਾ ਫ਼ੈਸਲਾ ਹੋਇਆ ਹੈ।ਦੂਸਰੇ ਪਾਸੇ ਸਰਕਾਰ ਵਿਰੋਧੀ ਧਿਰ ਨੇ ਵੀ ਸੁਪਰੀਮ ਕੋਰਟ ਵਿੱਚ ਕੈਵੀਅਟ ਦਾਖ਼ਲ ਕਰ ਦਿੱਤਾ ਹੈ, ਤਾਂ ਕਿ ਇਕਪਾਸੜ ਸੁਣਵਾਈ ਨਾ ਹੋਵੇ।


ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training





ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਚੀਤਿਆਂ ਦਾ ਪਹਿਲਾ ਪਰਿਵਾਰ ਦੱਖਣੀ ਅਫਰੀਕਾ ਤੋਂ ਭਾਰਤ ਨੂੰ ਨਵੰਬਰ ਤਕ ਆਏਗਾ



ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਭਾਰਤ ਤੋਂ ਕਰੀਬ 73 ਸਾਲ ਪਹਿਲਾਂ ਗਾਇਬ ਹੋ ਚੁੱਕੇ ਚੀਤਿਆਂ ਨੂੰ ਇੱਕ ਵਾਰ ਫਿਰ ਵਸਾਉਣ ਦੀ ਕੋਸ਼ਿਸ਼ ਸਿਰੇ ਲੱਗਣ ਵਾਲੀ ਹੈ। ਦੱਖਣੀ ਅਫਰੀਕਾ ਤੋਂ ਚੀਤਿਆਂ ਦਾ ਪਹਿਲਾ ਪਰਵਾਰ ਨਵੰਬਰ ਵਿੱਚ ਭਾਰਤ ਆ ਜਾਏਗਾ। ਇਨ੍ਹਾਂ ਵਿੱਚ ਨਰ ਅਤੇ ਮਾਦਾ ਮਿਲਾ ਕੇ 10 ਤੋਂ 12 ਚੀਤੇ ਹੋਣਗੇ।

ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਚੀਤਿਆਂ ਦਾ ਪਹਿਲਾ ਟਿਕਾਣਾ ਮੱਧ ਪ੍ਰਦੇਸ਼ ਦਾ ਕੂਨੋ-ਪਾਲਪੁਰ ਚਿੜੀਆ-ਘਰ ਹੋਵੇਗਾ। ਇਸ ਦੇ ਨਾਲ ਭਾਰਤ ਜੰਗਲੀ ਜੀਵਾਂ ਦਾ ਪਹਿਲਾ ਵੱਡਾ ਟਿਕ-ਾਣਾ ਹੋਵੇਗਾ, ਜਿੱਥੇ ਬਿੱਗ ਕੈਟ ਨਸਲ ਦੇ ਚਾਰ ਵੱਡੇ ਜਾਨਵਰ ਯਾਨੀ ਬੱਬਰ ਸ਼ੇਰ, ਚੀਤਾ, ਬਾਘ ਅਤੇ ਤੇਂਦੂਆ ਮਿਲਣਗੇ।ਦੱਖਣੀ ਅਫਰੀਕਾ ਦੇ ਪ੍ਰਸਿੱਧ ਚੀਤਾ ਮਾਹਰ ਵਿਨਸੈਂਟ ਵੈਨ-ਡੇਰ ਮੇਰਵੇ ਦੀ ਅਗਵਾਈ ਵਿੱਚ ਜੰਗਲੀ ਜੀਵ ਮਾਹਰਾਂ ਦੀ ਇੱਕ ਟੀਮ ਨੇ ਚੀਤਿਆਂ ਨੂੰ ਰੱਖੇ ਜਾਣ ਵਾਲੇ ਸਥਾਨ ਦਾ ਦੌਰਾ ਕੀਤਾ ਅਤੇ ਇਸ ਨਾਲ ਜੁੜੀਆਂ ਤਿਆਰੀਆਂ ਨੂੰ ਦੇਖਿਆ। ਇਸੇ ਲੜੀ ਵਿੱਚ ਭਾਰਤ ਦੇਜੰਗਲੀ ਜੀਵ ਮਾਹਰਾਂ ਅਤੇ ਅਧਿਕਾਰੀਆਂ ਦੀ ਇੱਕ ਟੀਮ ਸਤੰਬਰ ਵਿੱਚ ਦੱਖਣੀ ਅਫਰੀਕਾ ਅਤੇ ਨਾਮੀਬੀਆ ਦਾ ਦੌਰਾ ਕਰਨ ਵਾਲੀ ਹੈ ਤੇ ਚੀਤਿਆਂ ਦੀ ਸਾਂਭ-ਸੰਭਾਲ, ਖਾਣ ਪੀਣ, ਵਾਤਾਵਰਣ ਆਦਿ ਦੇਖੇਗਾ। ਦੱਸਣ ਯੋਗ ਹੈ ਕਿ ਇਸ ਵਾਰ ਦੇਸ਼ ਵਿੱਚ ਇਹ ਚੀਤੇ ਦੱਖਣੀ ਅਫਰੀਕਾ ਅਤੇ ਨਾਮੀਬੀਆ ਤੋਂ ਲਿਆਂਦੇ ਜਾ ਰਹੇ ਹਨ। ਇਸ ਤਹਿਤ ਅਗਲੇ ਤਿੰਨ ਸਾਲਾਂ ਵਿੱਚ 35 ਤੋਂ ਚਾਲੀ ਚੀਤਿਆਂ ਨੂੰ ਦੇਸ਼ ਵਿੱਚ ਵਸਾਉਣ ਦੀ ਤਿਆਰੀ ਹੈ। ਜੰਗਲੀ ਜੀਵ ਮਾਹਰਾਂ ਦੇ ਮੁਤਾਬਕ ਦੇਸ਼ ਵਿੱਚ ਚੀਤਿਆਂ ਨੂੰ ਫਿਰ ਵਸਾਉਣ ਦੇ ਲਈ ਇੰਦਰਾ ਗਾਂਧੀ ਨੇ 1977 ਵਿੱਚ ਕਾਫੀ ਕੋਸ਼ਿਸ਼ ਕੀਤੀ ਅਤੇ ਇਸ ਪ੍ਰੋਜੈਕਟ ਦੇ ਲਈ ਕੇਂਦਰ ਸਰਕਾਰ ਨੇ 35 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਫਿਲਹਾਲ ਇਸ ਦੀ ਵੱਡੀ ਕਿਸ਼ਤ ਮੱਧ ਪ੍ਰਦੇਸ਼ ਦੇ ਕੂਨੋ-ਪਾਲਪੁਰ ਚਿੜੀਆ-ਘਰ ਨੂੰ ਚੀਤਿਆਂ ਲਈ ਤਿਆਰ ਕਰਨ ਵਾਸਤੇ ਦਿੱਤੀ ਗਈ ਹੈ। ਇਸ ਦੌਰਾਨ ਉਥੇ ਚੀਤਿਆਂ ਲਈ ਵੱਡੇ-ਵੱਡੇ ਵਾੜੇ ਬਣਾਏ ਜਾ ਰਹੇ ਹਨ। ਸ਼ੁਰੂ ਵਿੱਚ ਇਨ੍ਹਾਂ ਨੂੰ ਇਨ੍ਹਾਂ ਵਾੜਿਆਂ ਵਿੱਚ ਰੱਖਿਆ ਜਾਵੇਗਾ। ਦੇਸ਼ ਵਿੱਚ ਚੀਤਿਆਂ ਨੂੰ ਵਸਾਉਣ ਦੇ ਪ੍ਰੋਜੈਕਟ ਨਾਲ ਜੁੜੇ ਅਤੇ ਭਾਰਤੀ ਜੰਗਲੀ ਜੀਵ ਸੰਸਥਾ ਦੇ ਸੀਨੀਅਰ ਵਿਗਿਆਨੀ ਡਾਕਟਰ ਝਾਲਾ ਨੇ ਦੱਸਿਆ ਕਿ ਚੀਤਿਆਂ ਨੂੰ ਜਹਾਜ਼ ਰਾਹੀਂ ਲਿਆਂਦਾ ਜਾਵੇਗਾ। ਅੰਤਰਰਾਸ਼ਟਰੀ ਕਾਰਵਾਈਆਂ ਲਗਭਗ ਪੂਰੀਆਂ ਹੋ ਗਈਆਂ ਹਨ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਕਹਾਣੀਕਾਰ ਸਾਂਵਲ ਧਾਮੀ ਨਾਲ ਰਚਾਇਆ ਰੂ-ਬ-ਰੂ ਤੇ ਕਵੀ-ਦਰਬਾਰ ਕਰਵਾਇਆ

**"ਮੇਰੇ ਅੰਦਰ ਬੈਠਾ ਆਲੋਚਕ ਮੈਨੂੰ ਬਹੁਤਾ ਨਹੀਂ ਲਿਖਣ ਦਿੰਦਾ" - ਸਾਂਵਲ ਧਾਮੀ**

ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 15 ਅਗਸਤ ਨੂੰ ਕੈਨੇਡਅਿਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਜ਼ੂਮ-ਮਾਧਿਅਮ ਰਾਹੀਂ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਸਾਂਵਲ ਧਾਮੀ ਨਾਲ ਰੂ-ਬ-ਰੂ ਦਾ ਆਯੋਜਨ ਕੀਤਾ ਗਿਆ। ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਜ਼ੂਮ-ਮੀਟਿੰਗ ਵਿਚ ਹਾਜ਼ਰ ਮੈਂਬਰਾਂ ਤੇ ਮਹਿਮਾਨਾਂ ਨੂੰ ਨਿੱਘੀ 'ਜੀ-ਆਇਆਂ' ਕਹਿਣ ਅਤੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਸਮਾਗ਼ਮ ਦੀ ਰੂਪ-ਰੇਖ਼ਾ ਦੱਸਣ ਤੋਂ ਬਾਅਦ ਸੰਚਾਲਕ ਪ੍ਰੋ. ਤਲਵਿੰਦਰ ਮੰਡ ਨੇ ਸਮਾਗ਼ਮ ਦੇ ਮੁੱਖ-ਬੁਲਾਰੇ ਸਾਂਵਲ ਧਾਮੀ ਬਾਰੇ ਮੁੱਢਲੀ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਜ਼ਿਲਾ ਹੁਸ਼ਿਆਰ ਪੁਰ ਦੇ ਪਿੰਡ ਸਿੰਗੜੀਵਾਲ ਦੇ ਜੰਮ-ਪਲ ਸਾਂਵਲ ਧਾਮੀ ਨੇ ਸਕੂਲੀ ਵਿੱਦਿਆ ਆਪਣੇ ਪਿੰਡ ਅਤੇ ਇਸ ਦੇ ਨੇੜਲੇ ਸਕੂਲਾਂ ਤੋਂ ਪ੍ਰਾਪਤ ਕਰਕੇ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਪੰਜਾਬੀ ਵਿਚ ਐੱਮ.ਏ. ਕੀਤੀ ਅਤੇ ਫਿਰ 'ਥੀਮ ਵਿ-ਗਆਨ: ਵਿਧਾਂਤ ਤੇ ਵਿਚਾਰ' ਉੱਪਰ ਕੰਮ ਕਰਦਿਆਂ ਹੋਇਆਂ ਰਘਬੀਰ ਢੰਡ ਦੇ ਗਲਪ ਸੰਸਾਰ ਨੂੰ ਪੀਐੱਚ.ਡੀ. ਦੀ ਉਚੇਰੀ ਡਿਗਰੀ ਲਈ ਆਪਣੇ ਖੋਜ-ਕਾਰਜ ਦਾ ਵਿਸ਼ਾ ਬਣਾਇਆ। ਉਨ੍ਹਾਂ ਨੇ ਪਹਿਲਾਂ ਕੁਝ ਸਮੇਂ ਲਈ ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਤਦ-ਅਰਥ ਆਧਾਰ 'ਤੇ ਲੈੱਕਚਰਾਰ ਵਜੋਂ ਕੰਮ ਕੀਤਾ ਅਤੇ ਫਿਰ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਬਤੌਰ ਲੈਕਚਰਾਰ ਪੱਕੀ ਨੌਕਰੀ ਕੀਤੀ। ਉਪਰੰਤ, ਉਨ੍ਹਾਂ ਨੇ ਸਾਂਵਲ ਧਾਮੀ ਨੂੰ ਆਪਣੇ ਬਾਰੇ ਅਤੇ ਆਪਣੀਆਂ ਕਹਾਣੀਆਂ ਤੇ ਹੋਰ ਕਾਰਜਾਂ ਬਾਰੇ ਗੱਲ ਕਰਨ ਲਈ ਬੇਨਤੀ ਕੀਤੀ।

ਆਪਣੇ ਬਾਰੇ ਦੱਸਦਿਆਂ ਹੋਇਆਂ ਸਾਂਵਲ ਧਾਮੀ ਨੇ ਕਿਹਾ ਕਿ ਉਹ ਪੰਜਾਬ ਦੇ ਆਮ ਕਿਸਾਨੀ ਪਰਿਵਾਰ ਨਾਲ ਸਬੰਧਿਤ ਹਨ। ਪਿਤਾ ਜੀ ਕਿਸਾਨ ਹਨ ਤੇ ਮਾਤਾ ਜੀ ਘਰੇਲੂ ਔਰਤ। ਪਿੰਡਾਂ ਵਿਚ ਵਿਚਰਦਿਆਂ ਹੋਇਆਂ ਉਹ ਪੇਂਡੂ ਜੀਵਨ ਦੀਆਂ ਸਮੱਸਿਆਵਾਂ ਤੋਂ ਭਲੀ-ਭਾਂਤ ਵਾਕਿਫ਼ ਹਨ। ਪਰਿਵਾਰਿਕ ਪਿਛੋਕੜ ਬਾਰੇ ਗੱਲ ਕਰਦਿਆਂ ਸਾਂਵਲ ਧਾਮੀ ਨੇ ਦੱਸਿਆ ਕਿ ਉਨ੍ਹਾਂ ਦੇ ਦਾਦਾ ਜੀ ਅਤੇ ਉਨ੍ਹਾਂ ਦੇ ਵੱਡੇ ਭਰਾ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਵਿਚ ਭਰਪੂਰ ਹਿੱਸਾ ਲੈਂਦੇ ਰਹੇ ਅਤੇ ਇਸ ਦੌਰਾਨ ਉਹ ਕਈ ਵਾਰ ਜੇਲ੍ਹ ਗਏ। ਦਾਦਾ ਜੀ ਦੇ ਵੱਡੇ ਭਾਈ ਸਾਹਿਬ ਨੂੰ ਤਾਂ ਇਨ੍ਹਾਂ ਸਰਗ਼ਰਮੀਆਂ ਲਈ ਫ਼ਾਸੀ ਵੀ ਸੁਣਾਈ ਗਈ ਜੋ ਬਾਅਦ ਵਿਚ 'ਕਾਲ਼ੇ ਪਾਣੀ ਦੀ ਸਜ਼ਾ' ਵਿਚ ਬਦਲ ਦਿੱਤੀ ਗਈ ਅਤੇ ਉਨ੍ਹਾਂ ਉੱਥੇ ਹੀ ਆਪਣੇ ਆਖ਼ਰੀ ਸਵਾਸ ਲਏ। ਉਨ੍ਹਾਂ ਕਿਹਾ ਕਿ ਉਨ੍ਹਾਂ ਨੌਕਰੀ ਬਹੁਤੀ ਪਿੰਡ ਦੇ ਸਕੂਲਾਂ ਵਿਚ ਕੀਤੀ ਹੈ ਅਤੇ ਉਹ ਸ਼ਹਿਰੀ ਜੀਵਨ ਤੋਂ ਲੱਗਭੱਗ ਅਣਭਿੱਜ ਹੀ ਹਨ। ਇਸ ਲਈ ਉਨ੍ਹਾਂ ਦੀਆਂ ਕਹਾਣੀਆਂ ਵਿਚ ਪਾਠਕਾਂ ਨੂੰ ਪੇਂਡੂ ਜੀਵਨ ਦੀ ਝਲਕ ਵਧੇਰੇ ਵਿਖਾਈ ਦਿੰਦੀ ਹੈ। ਉਨ੍ਹਾਂ ਦੱਸਿਆ ਕਿ ਸ਼ੁਰੂ-ਸ਼ੁਰੂ ਵਿਚ ਕੁਝ ਕਵਿਤਾਵਾਂ ਵੀ ਲਿਖੀਆਂ ਪਰ ਫਿਰ ਬਹੁਤਾ ਝੁਕਾਅ ਕਹਾਣੀਆਂ ਲਿਖਣ ਵੱਲ ਹੋ ਗਿਆ ਅਤੇ ਉਨ੍ਹਾਂ ਨੇ ਪਹਿਲੀ ਕਹਾਣੀ ਸਕੂਲ ਵਿਚ ਨੌਕਰੀ ਆਰੰਭ ਕਰਨ ਤੋਂ ਬਾਅਦ ਲਿਖੀ। ਉਨ੍ਹਾਂ ਦੀ ਕਹਾਣੀਆਂ ਦੀ ਪਹਿਲੀ ਪੁਸਤਕ 'ਕੈਨਵਸ ਦੇ ਭਟਕਦੇ ਰੰਗ' 2001 ਵਿਚ ਛਪੀ। ਫਿਰ ਉਨ੍ਹਾਂ ਨੇ ਆਪਣੇ ਖੋਜ-ਕਾਰਜ ਨਾਲ ਸਬੰਧਿਤ ਦੋ ਪੁਸਤਕਾਂ 'ਥੀਮ ਵਿਗਿਆਨ: ਵਿਧਾਂਤ ਤੇ ਵਿਚਾਰ' ਅਤੇ 'ਰਘਬੀਰ ਢੰਡ ਦਾ ਗਲਪ ਸੰਸਾਰ 2009 ਵਿਚ ਛਪਵਾਈਆਂ। ਉਨ੍ਹਾਂ ਦੀ ਕਹਾਣੀਆਂ ਦੀ ਦੂਸਰੀ ਪੁਸਤਕ 'ਤੂੰ ਨਿਹਾਲਾ ਨਾ ਬਣੀਂ' 2013 ਵਿਚ ਛਪ ਕੇ ਪਾਠਕਾਂ ਦੇ ਦ੍ਰਿਸ਼ਟੀ-ਗੋਚਰ ਹੋਈ।




ਸਾਂਵਲ ਧਾਮੀ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਅੰਦਰ ਬੈਠਾ ਆਲੋਚਕ ਉਨ੍ਹਾਂ ਨੂੰ ਬਹੁਤਾ ਲਿਖਣ ਨਹੀਂ ਦਿੰਦਾ। ਇਸ ਲਈ ਉਨ੍ਹਾਂ ਨੇ ਬਹੁਤ ਘੱਟ ਲਿਖਿਆ ਹੈ ਪਰ ਜਿੰਨਾ ਵੀ ਲਿਖਿਆ ਹੈ, ਉਸ ਨਾਲ ਉਨ੍ਹਾਂ ਨੂੰ ਤਸੱਲੀ ਹੈ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਮਹੱਤਵਪੂਰਨ ਖੋਜ-ਕਾਰਜ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਭਾਰਤ ਤੇ ਪਾਕਿਸਤਾਨ ਦੀ 15 ਅਗਸਤ 1947 ਨੂੰ ਹੋਈ ਦੁਖਦਾਇਕ ਵੰਡ ਦੇ 800 ਤੋਂ ਵਧੇਰੇ ਪੀੜਤਾਂ ਨਾਲ ਇੰਟਰਵਿਊਆਂ ਕੀਤੀਆਂ ਹਨ ਅਤੇ ਉਹ ਹੁਣ ਤੀਕ ਇਨ੍ਹਾਂ ਵਿੱਚੋਂ 600 ਇੰਟਰਵਿਊਆਂ ਨੂੰ ਯੂ-ਟਿਊਬ ਉੱਪਰ ਪਾ ਚੁੱਕੇ ਹਨ ਅਤੇ ਬਾਕੀ ਵੀ ਜਲਦੀ ਹੀ ਪਾ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਉਹ ਆਪਣੀਆਂ ਛੁੱਟੀਆਂ ਛੋਹੇ ਹੋਏ ਇਸ ਕਾਰਜ ਦੇ ਲੇਖੇ ਹੀ ਲਾਉਂਦੇ ਹਨ, ਇਹ ਕਾਰਜ ਨਿਰੰਤਰ ਜਾਰੀ ਹੈ ਅਤੇ ਉਨ੍ਹਾਂ ਦਾ ਟੀਚਾ ਇਨ੍ਹਾਂ ਇੰਟਰਵਿਊਆਂ ਨੂੰ 1000 ਤੀਕ ਪਹੁੰਚਾਉਣ ਦਾ ਹੈ। ਇਨ੍ਹਾਂ ਦੁਖਦਾਈ ਕਥਾਵਾਂ ਨਾਲ ਸਬੰਧਿਤ ਉਨ੍ਹਾਂ ਦੀ ਪੁਸਤਕ 'ਦੁੱਖੜੇ ਸੰਨ ਸੰਤਾਲੀ ਦੇ' ਏਸੇ ਸਾਲ 2021 ਵਿਚ ਛਪੀ ਹੈ ਜਿਸ ਵਿਚ 38 ਕਹਾਣੀਆਂ ਸ਼ਾਮਲ ਹਨ। ਉਪਰੰਤ, ਕਹਾਣੀਕਾਰਾਂ ਗੁਰਮੀਤ ਪਨਾਗ ਤੇ ਕੁਲਜੀਤ ਮਾਨ, ਆਲੋਚਕ ਡਾ. ਹਰਿੰਦਰ ਸਿੰਘ ਅਤੇ ਚਿੰਤਕ ਬਲਰਾਜ ਚੀਮਾ ਵੱਲੋਂ ਪੰਜਾਬੀ ਕਹਾਣੀ ਦੀ ਵਿਧਾ ਬਾਰੇ ਕਈ ਸੁਆਲ ਕੀਤੇ ਗਏ ਜਿਨ੍ਹਾਂ ਦੇ ਤਸੱਲੀ ਭਰਪੂਰ ਜੁਆਬ ਸਾਂਵਲ ਧਾਮੀ ਵੱਲੋਂ ਦਿੱਤੇ ਗਏ। ਸਭਾ ਦੇ ਮੈਂਬਰ ਡਾ. ਜਗਮੋਹਨ ਸਿੰਘ ਸੰਘਾ ਵੱਲੋਂ 'ਸੰਤਾਲੀਨਾਮਾ' ਬਾਰੇ ਕੀਤੇ ਗਏ ਸੁਆਲ, "ਇਸ ਵਿਚਲੀਆਂ ਇੰਟਰਵਿਊਆਂ ਦੀ ਸ਼ੁਰੂਆਤ ਕਿਵੇਂ ਹੋਈ?" ਦੇ ਜੁਆਬ ਵਿਚ ਉਨ੍ਹਾਂ ਦੱਸਿਆ ਕਿ ਕਣਕਾਂ ਦੀਆਂ ਵਾਢੀਆਂ ਦੇ ਸਮੇਂ ਉਨ੍ਹਾਂ ਦੀ ਡਿਊਟੀ ਖੇਤਾਂ ਵਿਚ 'ਵਾਢਿਆਂ' ਨੂੰ ਪਾਣੀ ਪਿਆਉਣ ਦੀ ਲੱਗਦੀ ਹੁੰਦੀ ਸੀ ਅਤੇ ਉਨ੍ਹਾਂ ਨੂੰ ਪਾਣੀ ਆਪਣੇ ਗਵਾਂਢੀ ਪਿੰਡੋਂ 'ਚੱਕ ਗੁੱਜਰਾਂ' ਦੇ ਇਕ ਨਲ਼ਕੇ ਤੋਂ ਲਿਆਉਣਾ ਪੈਂਦਾ ਸੀ। ਉੱਥੇ ਇਕ ਬਜ਼ੁਰਗ ਨਾਲ ਉਨ੍ਹਾਂ ਦੀ ਸੰਖੇਪ ਮੁਲਾਕਾਤ ਹੋਈ ਜੋ ਉਨ੍ਹਾਂ ਨੂੰ ਕੁਝ ਦੱਸਣਾ ਚਾਹੁੰਦਾ ਸੀ ਅਤੇ ਫਿਰ ਉਸ ਦੀ ਦੱਸੀ ਹੋਈ ਕਹਾਣੀ ਤੋਂ ਬਾਅਦ ਇੰਟਰਵਿਊਆਂ ਦਾ ਇਹ ਸਿਲਸਿਲਾ ਆਰੰਭ ਹੋ ਗਿਆ।

ਸਮਾਗਮ਼ ਦੇ ਦੂਸਰੇ ਭਾਗ ਵਿਚ ਹੋਏ ਕਵੀ-ਦਰਬਾਰ ਦਾ ਸੰਚਾਲਨ ਪਰਮਜੀਤ ਸਿੰਘ ਢਿੱਲੋਂ ਵੱਲੋਂ ਕੀਤਾ ਗਿਆ ਜਿਸ ਵਿਚ ਉਨ੍ਹਾ ਸੱਭ ਤੋਂ ਪਹਿਲਾਂ ਪਾਕਿਸਤਾਨੀ ਕਵਿੱਤਰੀ ਰੇਦਮੀ ਨੂੰ ਆਪਣੀ ਕਵਿਤਾ ਪੇਸ਼ ਕਰਨ ਲਈ ਬੇਨਤੀ ਕੀਤੀ ਜਿਸ ਨੇ 1947 ਦੀ ਵੰਡ ਬਾਰੇ ਭਾਵਪੂਰਤ ਕਵਿਤਾ 'ਮੁਆਫ਼ੀਨਾਮਾ' ਸੁਣਾਈ। ਉਪਰੰਤ, ਡਾ. ਹਰਿੰਦਰ, ਡਾ. ਰਵਿੰਦਰ ਭਾਟੀਆ, ਡਾ. ਰੀਟਾ ਪਾਲ, ਪਾਕਿਸਤਾਨ ਤੋਂ ਮਲਿਕ ਤਾਹਿਰ ਰਸੂਲ, ਸਾਂਵਲ ਧਾਮੀ, ਹਰਜੀਤ ਬਾਜਵਾ, ਮਕਸੂਦ ਚੌਧਰੀ, ਡਾ. ਜਗਮੋਹਨ ਸੰਘਾ, ਸੁਖਦੇਵ ਝੰਡ, ਤਲਵਿੰਦਰ ਮੰਡ, ਪਰਮਜੀਤ ਸਿੰਘ ਗਿੱਲ ਅਤੇ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਕਬਾਲ ਬਰਾੜ, ਰਿੰਟੂ ਭਾਟੀਆ ਅਤੇ ਗੁਰਤੇਜ ਔਲਖ ਵੱਲੋਂ ਆਪਣੀਆਂ ਖ਼ੂਬਸੂਰਤ ਆਵਾਜ਼ਾਂ ਵਿਚ ਗੀਤ ਸੁਣਾਏ ਗਏ, ਜਦ ਕਿ ਮਲੂਕ ਸਿੰਘ ਵੱਲੋਂ ਇਕ ਮਿੰਨੀ-ਕਹਾਣੀ ਪੇਸ਼ ਕੀਤੀ ਗਈ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸਮਾਗ਼ਮ ਦੇ ਮੁੱਖ-ਬੁਲਾਰੇ ਸਾਂਵਲ ਧਾਮੀ, ਹੋਰ ਬੁਲਾਰਿਆ, ਸਭਾ ਦੇ ਮੈਂਬਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਜ਼ੂਮ-ਸਮਾਗ਼ਮ ਵਿਚ ਕ੍ਰਿਪਾਲ ਸਿੰਘ ਪੰਨੂੰ, ਡਾ. ਅਮਰਜੀਤ ਸਿੰਘ ਬਨਵੈਤ, ਪਰਗਟ ਧਾਮੀ, ਨਛੱਤਰ ਸਿੰਘ ਬਦੇਸ਼ਾ, ਹਰਜਸਪ੍ਰੀਤ ਗਿੱਲ ਤੇ ਕਈ ਹੋਰ ਸ਼ਾਮਲ ਸਨ।

## ਡੇਰਾ ਸਿਰਸਾ ਦੀ ਕਮੇਟੀ ਦੇ ਤਿੰਨ ਮੈਂਬਰਾਂ ਦੀ ਜਾਇਦਾਦ ਜ਼ਬਤ ਕਰਨ ਲਈ ਸੂਚੀ ਮੰਗੀ ਗਈ

ਕੋਟਕਪੂਰਾ, 19 ਅਗਸਤ (ਪੋਸਟ ਬਿਊਰੋ)- ਬਰਗਾੜੀ ਬੇਅਦਬੀ ਕਾਂਡ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਅਦਾਲਤ ਵੱਲੋਂ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਣ ਦੇ ਬਾਵਜੂਦ ਅਦਾਲਤ ਵਿੱਚ ਪੇਸ਼ ਨਾ ਹੋਣ ਅਤੇ ਪੁਲਸ ਦੀ ਪਹੁੰਚ ਤੋਂ ਦੂਰ ਭੱਜਣ ਵਾਲੇ ਤਿੰਨ ਡੇਰਾ ਪ੍ਰੇਮੀਆਂ ਦੀ ਜਾਇਦਾਦ ਕੁਰਕ ਕਰਨ ਲਈ ਅਦਾਲਤ ਨੇ ਉਨ੍ਹਾਂ ਡੇਰਾ ਪ੍ਰੇਮੀਆਂ ਦੇ ਬੈਂਕ ਖਾਤੇ ਤੇ ਜਾਇਦਾਦ ਦੀ ਸੂਚੀ ਮੰਗ ਲਈ ਹੈ ਤਾਂ ਜੋ ਇਹ ਜਾਇਦਾਦ ਕੁਰਕ ਕਰ ਕੇ ਇਨ੍ਹਾਂ ਦੀ ਭਾਲ ਕੀਤੀ ਜਾ ਸਕੇ। ਵਰਨਣ ਯੋਗ ਹੈ ਕਿ ਪਿੰਡ ਬੁਰਜ ਜਵਾਹਰ ਸਿੰਘਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਤੇ ਫਿਰ ਬੇਅਦਬੀ ਦੀ ਸਾਜ਼ਿਸ਼ ਰਚਣ ਵਾਲੇ ਡੇਰਾ ਸਿਰਸਾ ਦੀ ਨੈਸ਼ਨਲ ਕਮੇਟੀ ਦੇ ਤਿੰਨ ਮੈਂਬਰਾਂ ਹਰਸ਼ ਧੂਰੀ, ਪ੍ਰਦੀਪ ਕਲੇਰ, ਸੰਦੀਪ ਬਰੇਟਾ ਦੇ ਅਦਾਲਤ ਵੱਲੋਂ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਏਤੇਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਵੱਲੋਂ ਪੰਜਾਬ ਅਤੇ ਗੁਆਂਢੀ ਰਾਜਾਂ ਵਿੱਚ ਉਨ੍ਹਾਂ ਦੀ ਭਾਲ ਵਿੱਚ ਕਈ ਥਾਂਈਂ ਛਾਪੇਮਾਰੀ ਕੀਤੀ ਗਈ, ਪਰ ਉਹ ਪੁਲਸ ਦੀ ਗ੍ਰਿਫ਼ਤ ਤੋਂ ਦੂਰ ਹਨ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


# ਸ਼ਾਹਮੁਖੀ ਵਿਚ ਛਪੀ ਪੂਰਨ ਸਿੰਘ ਪਾਂਧੀ ਦੀ ਪੁਸਤਕ 'ਮਹਿਕਦੀ ਜੀਵਨ ਜਾਚ' ਲੋਕ-ਅਰਪਿਤ

## ਜੱਗੀ ਬਰਾੜ ਸਮਾਲਸਰ ਦੀ ਪੁਸਤਕ 'ਸਮਾਲਸਰ ਮੇਰਾ ਪਿੰਡ' ਵੀ ਲੋਕ-ਅਰਪਣ ਕੀਤੀ ਗਈ

ਬਰੈਂਪਟਨ, (ਡਾ. ਝੰਡ) -ਪ੍ਰਸਿੱਧ ਪੰਜਾਬੀ ਲੇਖਕ ਪੂਰਨ ਸਿੰਘ ਪਾਂਧੀ ਦੀ ਸ਼ਾਹਮੁਖੀ ਅੱਖਰਾਂ ਵਿਚ ਛਪੀ ਕਿਤਾਬ 'ਮਹਿਕਦੀ ਜੀਵਨ ਜਾਚ' ਭਾਰਤ ਦੀ ਆਜ਼ਾਦੀ ਵਾਲੇ ਦਿਨ 15 ਅਗਸਤ ਐਤਵਾਰ ਨੂੰ ਇਕ ਸੰਖੇਪ ਪਰ ਭਾਵਪੂਰਤ ਇਕੱਤਰਤਾ ਵਿਚ ਲੋਕ-ਅਰਪਿਤ ਕੀਤੀ ਗਈ। ਕਰੋਨਾ ਦੇ ਚੱਲ ਰਹੇ ਪ੍ਰਕੋਪ ਕਾਰਨ ਇਹ ਸੰਖੇਪ ਸਮਾਗ਼ਮ ਉਨ੍ਹਾਂ ਦੇ ਗ੍ਰਹਿ ਵਿਖੇ ਹੀ ਕੀਤਾ ਗਿਆ। ਇਸ ਮੌਕੇ ਜੱਗੀ ਬਰਾੜ ਸਮਾਲਸਰ ਦੀ ਪੰਜਾਬੀ ਵਿਚ ਛਪੀ ਕਿਤਾਬ 'ਸਮਾਲਸਰ ਮੇਰਾ ਪਿੰਡ' ਵੀ ਲੋਕ-ਅਰਪਿਤ ਕੀਤੀ ਗਈ।





ਇੱਥੇ ਇਹ ਵਰਨਣਯੋਗ ਹੈ ਕਿ ਪਾਂਧੀ ਜੀ ਦੀ 2009 ਵਿਚ ਗੁਰਮੁਖੀ ਲਿਪੀ ਵਿਚ ਛਪੀ ਪੁਸਤਕ ਕਿਤਾਬ 'ਕਿਵ ਸਚਿਆਰਾ ਹੋਈਐ' ਜਿਸ ਵਿਚ ਮਨੁੱਖੀ ਜੀਵਨ ਨੂੰ ਸੁਚੱਜੇ ਅਤੇ ਸਚਿਆਰੇ ਢੰਗ ਨਾਲ ਤਰ੍ਹਾਂ ਜਿਉਣ ਸਬੰਧੀ 26 ਲੇਖ ਸ਼ਾਮਲ ਹਨ, ਦਾ ਸ਼ਾਹਮੁਖੀ ਲਿਪੀ ਵਿਚ ਉਤਾਰਾ ਕਰਨ ਦਾ ਅਤੀ ਸਲਾਹੁਣਯੋਗ ਕਾਰਜ ਲਾਹੌਰ ਦੇ ਪ੍ਰੋ. ਆਸ਼ਿਕ ਰਹੀਲ ਨੇ ਬੜੀ ਮਿਹਨਤ ਨਾਲ ਕੀਤਾ ਹੈ ਅਤੇ ਉਹ ਹੀ ਇਸ ਨੂੰ ਬੜੇ ਉਤਸ਼ਾਹ ਨਾਲ 'ਮਹਿਕਦੀ ਜੀਵਨ ਜਾਚ' ਦੇ ਸਿਰਲੇਖ ਹੇਠ ਲਾਹੌਰ (ਪਾਕਿਸਤਾਨ) ਤੋਂ ਛਪਵਾ ਕੇ ਇੱਥੇ ਬਰੈਂਪਟਨ ਲਿਆਏ ਹਨ। ਦੂਸਰੀ ਪੁਸਤਕ ਕਵਿਤਾ ਅਤੇ ਵਾਰਤਕ ਦੀਆਂ ਕਈ ਮਿਆਰੀ ਕਿਤਾਬਾਂ ਦੀ ਸੁਘੜ, ਸੁਜਾਨ ਤੇ ਸੰਵੇਦਨਸ਼ੀਲ ਲੇਖਿਕਾ ਜੱਗੀ ਬਰਾੜ ਸਮਾਲਸਰ ਦੀ ਵੱਡ-ਅਕਾਰੀ ਤੇ ਵੱਡਮੁੱਲੀ ਪੁਸਤਕ ਆਪਣੇ ਪਿੰਡ ਸਮਾਲਸਰ ਦਾ ਗੌਰਵਮਈ ਇਤਿਹਾਸ ਬਿਆਨ ਕਰਦੀ ਹੈ।

ਇਸ ਦੇ ਨਾਲ਼ ਹੀ ਖੇਡਾਂ ਦੇ ਖ਼ੇਤਰ ਵਿਚ ਪ੍ਰਸਿੱਧ ਪੰਜਾਬੀ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਦੀ ਸਾਹਿਤਕ ਪਹੁੰਚ ਅਤੇ ਉਨ੍ਹਾਂ ਦੀਆਂ ਜੀਵਨ ਵਿਚ ਕੀਤੀਆਂ ਗਈਆਂ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ ਹੋਇਆਂ ਅਤੇ ਉਨ੍ਹਾਂ ਦੀ ਦਿਲੋਂ ਕਦਰ ਕਰਦਿਆਂ ਹੋਇਆਂ ਲਾਹੌਰ ਦੇ ਵਿਦਵਾਨ ਲੇਖਕਾਂ ਦੁਆਰਾ ਉਨ੍ਹਾਂ ਨੂੰ ਪ੍ਰੋਫੈਸਰ ਆਸ਼ਕ ਰਹੀਲ ਦੇ ਹੱਥ ਭੇਜੇ ਗਏ ਸਨਮਾਨ-ਪੱਤਰ ਅਤੇ ਸਨਮਾਨ-ਚਿੰਨ੍ਹ ਇਸ ਮੌਕੇ ਪ੍ਰਿੰਸੀਪਲ ਸਾਹਿਬ ਨੂੰ ਭੇਟ ਕੀਤੇ ਗਏ।

ਇਸ ਦੌਰਾਨ ਪੰਜਾਬੀ ਦੀਆਂ ਲੱਗਭੱਗ ਚਾਰ ਹਜ਼ਾਰ ਕਿਤਾਬਾਂ ਦਾ ਸ਼ਾਹਮੁਖੀ ਲਿਪੀ ਵਿਚ ਉਤਾਰਾ ਕਰਨ ਵਾਲੇ ਮਹਾਨ ਸਿਦਕੀ ਤੇ ਸਿਰੜੀ ਵਿਦਵਾਨ ਪ੍ਰੋਫ਼ੈਸਰ ਆਸ਼ਕ ਰਹੀਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਇਕੱਤਰਤਾ ਵਿਚ ਸ਼ਾਮਲ ਹੋਣ ਵਾਲੇ ਵਿਦਵਾਨਾਂ ਵਿਚ ਪ੍ਰੋਫ਼ੈਸਰ ਆਸ਼ਿਕ ਰਹੀਲ, ਕੰਪਿਊਟਰ ਮਾਹਿਰ ਕ੍ਰਿਪਾਲ ਸਿੰਘ ਪੰਨੂ, ਪ੍ਰਿੰਸੀਪਲ ਸਰਵਣ ਸਿੰਘ, ਗੁਰਦੇਵ ਸਿੰਘ ਮਾਨ, ਪੰਡਿਤ ਸ਼ੰਭੂ ਦੱਤ ਸ਼ਰਮਾ, ਗੁਰਬਚਨ ਸਿੰਘ ਚਿੰਤਕ, ਜੱਗੀ ਬਰਾੜ ਸਮਾਲਸਰ, ਜਸਵਿੰਦਰ ਸਿੰਘ ਸਿੱਧੂ, ਪ੍ਰਧਾਨ ਹਰਨੇਕ ਸਿੰਘ ਔਜਲਾ, ਪ੍ਰਿੰਸੀਪਲ ਹਰਜੀਤ ਕੌਰ, ਸਰਦਾਰਨੀ ਸੁਰਿੰਦਰ ਕੌਰ ਅਤੇ ਕਈ ਹੋਰ ਵੀ ਸਨ। ਇਸ ਮੌਕੇ ਪਾਂਧੀ ਜੀ ਦੇ ਪਰਿਵਾਰ ਦੇ ਮੈਂਬਰਾਂ ਨਵਤੇਜ ਸਿੰਘ, ਹਰਮਨ ਸਿੰਘ ਤੇ ਹੋਰਨਾਂ ਨੇ ਉਪਰੋਕਤ ਵਿਦਵਾਨਾਂ ਦੀ ਹਾਰਦਿਕ ਸੇਵਾ ਕੀਤੀ।


BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005







- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

# ਪੈਰ ਧੋ ਕੇ ਝਾਂਜਰਾਂ ਪਾਉਂਦੀ..

-ਬਹਾਦਰ ਸਿੰਘ ਗੋਸਲ



ਜਦੋਂ ਤੋਂ ਮਨੁੱਖੀ ਜੀਵਨ ਹੋਂਦ ਵਿੱਚ ਆਇਆ ਹੈ, ਉਦੋਂ ਤੋਂ ਉਸ ਦੇ ਜੀਵਨ ਵਿੱਚ ਵੱਖ-ਵੱਖ ਸ਼ੌਕ ਉਤਪੰਨ ਹੋਏ ਹਨ। ਇਨ੍ਹਾਂ ਸ਼ੌਕਾਂ ਵਿੱਚ ਇੱਕ ਸ਼ੌਕ ਹੈ ਆਪਣੇ ਤਨ ਨੂੰ ਸ਼ਿੰਗਾਰਨ ਲਈ ਵੱਖ-ਵੱਕ ਗਹਿਣਿਆਂ ਦੀ ਵਰਤੋਂ। ਸੋਨੇ ਚਾਂਦੀ ਦੇ ਗਹਿਣਿਆਂ ਦੀ ਉਤਪਤੀ ਕਾਰਨ ਇਹ ਸ਼ੌਕ ਮਨੁੱਖ ਨੂੰ ਮਹਿੰਗਾ ਪੈਂਦਾ ਸੀ, ਪਰ ਇਹ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਿਆ। ਇਹ ਸ਼ੌਕ ਮਰਦਾਂ ਤੇ ਔਰਤਾਂ ਦੋਵਾਂ ਵਿੱਚ ਸਮੇਂ ਦੇ ਨਾਲ ਜਿੱਥੇ ਬਦਲਦਾ ਗਿਆ, ਉਥੇ ਵਧਦਾ ਵੀ ਗਿਆ।

ਗਹਿਣਿਆਂ ਵਿੱਚ ਵੱਖ-ਵੱਖ ਕਿਸਮਾਂ ਦੇ ਗਹਿਣੇ, ਜਿਨ੍ਹਾਂ ਵਿੱਚ ਸੱਗੀ ਫੁੱਲ, ਕੈਂਠੇ, ਝਾਂਜਰਾਂ, ਤਵੀਤੀਆਂ, ਛੱਲੇ-ਮੁੰਦੀਆਂ, ਕੜੇ, ਲੌਂਗ, ਚੂੜੀਆਂ, ਗਲ ਲਈ ਹਾਰ, ਕੰਨਾਂ ਲਈ ਵਾਲੀਆਂ, ਮੱਥੇ ਲਈ ਟਿੱਕਾ ਆਦਿ ਕਈ ਪ੍ਰਕਾਰ ਦੇ ਗਹਿਣੇ ਪ੍ਰਚਲਿੱਤ ਹੋ ਗਏ। ਇੱਥੋਂ ਤੱਕ ਕਿ ਇਨ੍ਹਾਂ ਨੂੰ ਸਮਾਜਿਕ ਲੋੜ ਵਜੋਂ ਸਮਝਿਆ ਜਾਣ ਲੱਗਿਆ ਅਤੇ ਪਰਵਾਰ ਦੀ ਪੂੰਜੀ ਵੀ ਕਿਹਾ ਜਾਣ ਲੱਗਿਆ। ਲੜਕਿਆਂ ਅਤੇ ਲੜਕੀਆਂ ਦੇ ਵਿਆਹਾਂ ਵਿੱਚ ਇਸ ਨੂੰ ਦਿਖਾਵੇ ਦਾ ਸਾਮਾਨ ਸਮਝਿਆ ਜਾਣ ਲੱਗਾ। ਇਸ ਨਾਲ ਪਰਵਾਰਾਂ ਦਾ ਆਰਥਿਕਿ ਬੋਝ ਵੀ ਵਧਣ ਲੱਗਿਆ ਤੇ ਜਦੋਂ ਕਿਸੇ ਪਰਵਾਰ ਵਿੱਚ ਕਿਸੇ ਲੜਕੇ ਜਾਂ ਲੜਕੀ ਦਾ ਵਿਆਹ ਹੁੰਦਾ ਤਾਂ ਗਹਿਣੇ ਖ਼ਰੀਦਣਾ ਮੁੱਖ ਕੰਮ ਸਮਝਿਆ ਜਾਂਦਾ ਤੇ ਵਿਆਹ ਦਾ ਅੱਧਾ ਖ਼ਰਚਾ ਗਹਿਣਿਆਂ ਉਤੇ ਹੋ ਜਾਂਦਾ। ਵਿਆਹਾਂ ਵਿੱਚ ਵੀ ਵਰੀ ਦੀ ਰਸਮ ਤੇ ਖੱਟ ਦੀ ਰਸਮ ਬੜੀ ਅਹਿਮ ਹੁੰਦੀ ਜਦੋਂ ਦੋਹਾਂ ਪਰਵਾਰਾਂ ਪੇਕਿਆਂ ਅਤੇ ਸਹੁਰਿਆਂ ਵੱਲੋਂ ਵਿਆਹ ਵਿੱਚ ਦਿੱਤੇ ਗਹਿਣਿਆਂ ਦਾ ਲੈਣ-ਦੇਣ ਇੱਕ ਰੀਤ ਬਣ ਗਈ। ਇਹ ਸਮੇਂ ਨਾਲ ਪੰਜਾਬੀ ਸੱਭਿਆਚਾਰਕ ਰੰਗ ਧਾਰਨ ਕਰ ਗਈ। ਹਰ ਤਰ੍ਹਾਂ ਦੇ ਗਹਿਣਿਆਂ ਉੱਤੇ ਪੰਜਾਬੀ ਲੋਕ ਗੀਤ, ਕਹਾਣੀਆਂ, ਅਖੌਤਾਂ, ਮੁਹਾਵਰੇ ਤੇ ਗੀਤ ਬਣ ਗਏ। ਬਣਦੇ ਵੀ ਕਿਉਂ ਨਾ, ਜਦੋਂ ਇੱਕ ਨੌਜਵਾਨ ਆਪਣੇ ਵਿਆਹ ਤੋਂ ਬਾਅਦ ਪੰਜਾਬੀ ਪਹਿਰਾਵੇ ਵਿੱਚ ਮਾਵੇ ਵਾਲੀ ਪੱਗ ਬੰਨ੍ਹ, ਗਲ ਵਿੱਚ ਸੁਨਹਿਰੀ ਕੈਂਠਾ ਪਾ ਕੇ ਆਪਣੇ ਸਹੁਰੇ ਘਰ ਜਾਂਦਾ ਤਾਂ ਸਾਰਾ ਪਿੰਡ ਉਸ ਨੂੰ ਦੇਖਦਾ ਰਹਿ ਜਾਂਦਾ ਤੇ ਉਸ ਪ੍ਰਾਹੁਣੇ ਦੀਆਂ ਘਰ ਘਰ ਗੱਲਾਂ ਹੁੰਦੀਆਂ। ਜਦੋਂ ਸਾਰਾ ਪਿੰਡ ਹੀ ਉਸ ਨਵੇਂ ਆਏ ਪ੍ਰਹੁਣੇ ਦੀ ਸ਼ਾਨਦਾਰ ਦਿੱਖ ਦੀ ਗੱਲ ਕਰ ਰਿਹਾ ਹੁੰਦਾ ਤਾਂ ਉਸ ਦੀ ਨਵ ਵਿਆਹੀ ਦੇ ਧਰਤੀ ਉੱਤੇ ਪੈਰ ਨਾ ਟਿਕਦੇ ਅਤੇ ਉਹ ਆਪਣੀਆਂ ਸਹੇਲੀਆਂ ਦੇ ਝੁੰਡ ਵਿੱਚੋਂ ਦੌੜ ਆਪਣੇ ਘਰ ਜਾ ਕੇ ਮਾਂ ਨੂੰ ਕੁਝ ਇਸ ਤਰ੍ਹਾਂ ਕਹਿੰਦੀ-

ਦੇਖ ਕੈਂਠੇ ਵਾਲਾ ਆ ਗਿਆ ਪ੍ਰਾਹੁਣਾ
ਨੀਂ ਮਾਏਂ ਤੇਰੇ ਕੰਮ ਨਾ ਮੁੱਕੇ।

ਇਸ ਤਰ੍ਹਾਂ ਇੱਕ ਨਹੀਂ, ਅਨੇਕਾਂ ਲੋਕ ਗੀਤ ਇਨ੍ਹਾਂ ਗਹਿਣਿਆਂ ਬਾਰੇ ਪੰਜਾਬੀ ਸੱਭਿਆਚਾਰ ਵਿੱਚ ਆਪਣੀ ਥਾਂ ਬਣ ਗਏ। ਇਸੇ ਤਰ੍ਹਾਂ ਝਾਂਜਰਾਂ ਬਾਰੇ ਅਨੇਕਾਂ ਲੋਕ ਗੀਤ ਸੁਮੇ ਜਾਂਦੇ ਹਨ ਜਿਵੇਂ-

ਪੈਰ ਧੋ ਕੇ, ਝਾਂਜਰਾਂ ਪਾਉਂਦੀ,
ਮੇਲ੍ਹਦੀ ਆਉਂਦੀ ਕਿ ਸ਼ੌਕਣ ਮੇਲੇ ਦੀ

ਕੋਈ ਗਹਿਣਾ ਛੋਟਾ ਹੋਵੇ ਜਾਂ ਵੱਡਾ, ਉਨ੍ਹਾਂ ਬਾਰੇ ਗੀਤ ਮਨੁੱਖੀ ਦਿਲਾਂ ਨੂੰ ਧੁਰ ਅੰਦਰੋਂ ਹਲੂਣਾ ਦੇ ਜਾਂਦੇ। ਜਿਵੇਂ ਛੋਟਾ ਜਿਹਾ ਗਹਿਣਾ ਲੌਂਗ ਪੰਜਾਬ ਦੀ ਹਵਾ ਵਿੱਚ ਇਵੇਂ ਘੁਲਿਆ ਕਿ ਹਰ ਪੰਜਾਬੀ ਦੀ ਜ਼ੁਬਾਨ ਉੱਤੇ ਹੁੰਦਾ ਸੀ-

ਤੂੰ ਨਿਗ੍ਹਾ ਮਾਰਦਾ ਆਈਂ ਵੇ,
ਮੇਰਾ ਲੌਂਗ ਗੁਆਚਾ।

ਇੱਥੋਂ ਤੱਕ ਕਿ ਪੰਜਾਬੀ ਅੱਲ੍ਹੜਾਂ ਵਿੱਚ ਪ੍ਰੇਮ ਦੀ ਤੱਕਣੀ ਤੋਂ ਬਾਅਦ ਛੱਲੇ-ਮੁੰਦੀਆਂ ਵਟਾਉਣ ਅਤੇ ਇੱਕ ਦੂਜੇ ਨੂੰ ਨਿਸ਼ਾਨੀਆਂ ਵਜੋਂ ਦੇਣ ਦੀ ਰੀਸ ਜਿਹੀ ਚੱਲ ਪਈ। ਪੁਰਾਣੇ ਸਮੇਂ ਵਿੱਚ ਨੌਜਵਾਨ ਆਪਣੇ ਕੰਨਾਂ ਵਿੱਚ ਸੋਨੇ ਦੀਆਂ ਨੱਤੀਆਂ ਬਣਵਾ ਕੇ ਪਾਉਣ ਲੱਗੇ। ਇਹ ਨੱਤੀਆਂ ਸੋਨਾ ਮਹਿੰਗਾ ਹੋਣ ਕਾਰਨ ਘੱਟ ਮੁੱਲ ਵਿੱਚ ਪਤਲੀਆਂ ਅਰਧ ਚੰਦਰਮਾ ਦੀ ਸ਼ਕਲ ਵਿੱਚ ਬਣੀਆਂ ਹੁੰਦੀਆਂ ਸਨ ਅਤੇ ਪੰਜਾਬੀ ਗੱਭਰੂ ਇਹ ਨੱਤੀਆਂ ਪਾ ਕੇ ਆਪਣੇ ਆਪ ਵਿੱਚ ਮਾਣ ਮਹਿਸੂਸ ਕਰਦੇ ਸਨ, ਕਿਉਂਕਿ ਉਨ੍ਹਾਂ ਦਿਨਾਂ ਵਿੱਚ ਆਮ ਪਰਵਾਰਾਂ ਦੀ ਆਰਥਿਕ ਸਥਿਤੀ ਇੰਨੀ ਚੰਗੀ ਨਹੀਂ ਸੀ। ਗਹਿਣੇ ਪਾਉਣ ਦਾ ਸ਼ੌਕ ਹਰ ਨੌਜਵਾਨ ਤੇ ਮੁਟਿਆਰ ਵਿੱਚ ਬਣਿਆ ਹੋਇਆ ਸੀ। ਕੋਈ ਪ੍ਰੇਮੀ ਜਦੋਂ ਕੋਈ ਪਿਆਰ ਨਿਸ਼ਾਨੀ ਆਪਣੀ ਪ੍ਰੇਮਿਕਾ ਨੂੰ ਦੇਣਾ ਚਾਹੁੰਦਾ ਤਾਂ ਇਹ ਨੱਤੀਆਂ ਬਹੁਤ ਵੱਡਮੁੱਲੀਆਂ ਬਣ ਜਾਂਦੀਆਂ ਸਨ ਤਾਂ ਉਹ ਪਿਆਰ ਭਰੇ ਮਨ ਨਾਲ ਕਹਿੰਦਾ-

ਲੈ ਜਾ ਨੱਤੀਆਂ ਘੜਾ ਲਈਂ ਪਿੱਪਲ ਪੱਤੀਆਂ
ਕਿਸੇ ਕੋਲ ਗੱਲ ਨਾ ਕਰੀਂ।

ਇਸ ਤਰ੍ਹਾਂ ਇਹ ਨੱਤੀਆਂ, ਜੋ ਭਾਵੇਂ ਗਹਿਣਿਆਂ ਦੀ ਕਿਸਮ ਵਿੱਚ ਬਹੁਤ ਹਲਕੀਆਂ ਤੇ ਸਸਤੀਆਂ ਹੁੰਦੀਆਂ, ਪਰ ਇਹ ਪੰਜਾਬੀ ਸੱਭਿਆਚਾਰ ਵਿੱਚ ਉਚ ਸਥਾਨ ਰੱਖਦੀਆਂ ਹਨ। ਇਨ੍ਹਾਂ ਨੱਤੀਆਂ ਨੂੰ ਪੇਂਡੂ ਨੌਜਵਾਨ ਵਿਸ਼ੇਸ਼ ਤਰਜੀਹ ਦਿੰਦੇ ਸਨ, ਪਰ ਇਹ ਨੱਤੀਆਂ ਆਮ ਤੌਰ ਉੱਤੇ ਵਿਸ਼ੇਸ਼ ਜਾਤੀ ਵਰਗ ਦੇ ਮੁੰਡੇ ਕੁਝ ਜ਼ਿਆਦਾ ਹੀ ਪਾਉਂਦੇ ਸਨ।

ਪਿੱਪਲ ਪੱਤੀਆਂ ਭਾਵੇਂ ਬਹੁਤ ਹਲਕੀਆਂ, ਛੋਟੀਆਂ ਤੇ ਸਭ ਤੋਂ ਸਸਤੇ ਗਹਿਣਿਆਂ ਵਿੱਚ ਗਿਣੀਆਂ ਜਾਂਦੀਆਂ ਸਨ, ਪਰ ਇਨ੍ਹਾਂ ਪਿੱਪਲ ਪੱਤੀਆਂ ਨੂੰ ਪਹਿਨਣ ਦਾ ਔਰਤਾਂ ਵਿੱਚ ਬੜਾ ਰੁਝਾਨ ਅਤੇ ਚਾਅ ਹੁੰਦਾ ਸੀ। ਜਿਸ ਤਰ੍ਹਾਂ ਪੰਜਾਬੀ ਔਰਤਾਂ ਨੱਕ ਵਿੱਚ ਲੌਂਗ ਪਹਿਨ ਕੇ ਮਾਣ ਮਹਿਸੂਸ ਕਰਦੀਆਂ ਹਨ, ਉਸੇ ਤਰ੍ਹਾਂ ਇਹ ਮਾਮੂਲੀ ਦਿਖਣ ਵਾਲੀਆਂ ਪਿੱਪਲ ਪੱਤੀਆਂ ਗ਼ਰੀਬ ਪੇਂਡੂ ਔਰਤਾਂ ਦਾ ਦਿਲ ਪਸੀਜ ਲੈਂਦੀਆਂ। ਇਸ ਤਰ੍ਹਾਂ ਬਾਕੀ ਗਹਿਣਿਆਂ ਦੇ ਨਾਲ ਅਤੇ ਖ਼ਾਸ ਕਰਕੇ ਔਰਤਾਂ ਵੱਲੋਂ ਕੰਨਾਂ ਵਿੱਚ ਪਹਿਨੀਆਂ ਵਾਲੀਆਂ ਲਈ ਇਨ੍ਹਾਂ ਪਿੱਪਲ ਪੱਤੀਆਂ ਦਾ ਸਥਾਨ ਅਹਿਮ ਬਣ ਜਾਂਦਾ। ਕੁਝ ਵੀ ਹੋਵੇ ਇਹ ਨੱਤੀਆਂ ਅਤੇ ਪਿੱਪਲ ਪੱਤੀਆਂ ਸਾਡੇ ਪੰਜਾਬੀ ਪਹਿਰਾਵੇ ਅਤੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣੀਆਂ ਰਹੀਆਂ ਹਨ।

# ਸੰਸਕਾਰਾਂ ਦੇ ਬੀਜ

ਹਰਕੀਰਤ ਕੌਰ
9779118066



ਕੋਈ ਇਮਾਰਤ ਖੜੀ ਕਰਨੀ ਹੋਵੇ ਤਾਂ ਬਣਾਉਣ ਵਾਲੇ ਦੀ ਕੋਸ਼ਿਸ਼ ਰਹਿੰਦੀ ਹੈ ਕਿ ਇਸ ਇਮਾਰਤ ਦੀ ਨੀਂਹ ਮਜ਼ਬੂਤ ਰੱਖੀ ਜਾਵੇ, ਤਾਂ ਜੋ ਇੱਕ ਤਾਂ ਲੰਬੇ ਸਮੇਂ ਤੱਕ ਬਣੀ ਰਹੇਗੀ ਅਤੇ ਦੂਸਰਾ ਕਿਸੇ ਕੁਦਰਤੀ ਆਫਤ ਦਾ ਟਾਕਰਾ ਅਰਾਮ ਨਾਲ ਕਰ ਲਵੇਗੀ। ਜਰੂਰੀ ਨਹੀਂ ਕਿ ਇੱਕਲੀਆਂ ਇਮਾਰਤਾਂ ਦੀਆਂ ਨੀਹਾਂ ਹੁੰਦੀਆਂ ਹਨ, ਪੌਦਿਆਂ ਦੀ ਵੀ ਨੀਹਾਂ ਉਹਨਾਂ ਦੀਆਂ ਜੜਾਂ ਵਿੱਚ ਹੁੰਦੀਆਂ ਹਨ, ਜਿੰਨੀਆਂ ਡੂੰਘੀਆਂ ਜੜ੍ਹਾਂ ਹੁੰਦੀਆਂ ਹਨ ਉਨ੍ਹਾਂ ਹੀ ਮਜ਼ਬੂਤ ਅਤੇ ਵੱਡਾ ਰੁੱਖ ਬਣਦਾ ਹੈ। ਜੇਕਰ ਇਸੇ ਉਦਾਹਰਨ ਨੂੰ ਮਨੁੱਖ ਉੱਪਰ ਲਗਾਇਆ ਜਾਵੇ ਤਾਂ ਮਨੁੱਖ ਦਾ ਜੀਵਨ ਵੀ ਸੰਸਕਾਰਾਂ ਰੂਪੀ ਨੀਂਹ ਉੱਪਰ ਖੜ੍ਹਾ ਹੁੰਦਾ ਹੈ। ਬਚਪਨ ਵਿੱਚ ਜਿੰਨੇ ਵਧੀਆ ਸੰਸਕਾਰ ਬੱਚੇ ਨੂੰ ਮਿਲੇ ਹੁੰਦੇ ਹਨ ਉਨ੍ਹੇ ਹੀ ਹੋਣਹ-ਾਰ ਤੇ ਜਿੰਮੇਵਾਰ ਬੱਚੇ ਭਵਿੱਖ ਵਿੱਚ ਨਿਖਰ ਕੇ ਸਾਹਮਣੇ ਆਉਂਦੇ ਹਨ। ਸੰਸਕਾਰ ਇੱਕ ਬੀਜ ਰੂਪੀ ਹਨ, ਜਿੰਨਾ ਵਿਚੋਂ ਸਮਾਜ ਦੇ ਨਾਗਰਿਕ ਰੂਪੀ ਪੌਦੇ ਨੇ ਪੈਦਾ ਹੋਣਾ ਹੈ। ਜਿਵੇਂ ਦਾ ਬੀਜ਼ ਹੋਵੇਗਾ ਉਵੇਂ ਦਾ ਫਲ ਮਿਲੇਗਾ।

ਅਕਸਰ ਸਕੂਲ ਵਿੱਚ ਅਤੇ ਹੋਰ ਸੰਮੇਲਨਾਂ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੂੰ ਮਿਲਣ ਦਾ ਮੌਕਾ ਮਿਲਦਾ ਹੈ , ਜਿੰਨਾ ਵਿੱਚ ਬਹੁਤਾਂਤ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈਕੇ ਅਤੇ ਉਹਨਾਂ ਦੀਆਂ ਆਦਤਾਂ ਨੂੰ ਲੈਕੇ ਚਿੰਤਤ ਨਜ਼ਰ ਆਉਂਦੇ ਹਨ। ਪਰ ਮੈਂ ਹਮੇਸ਼ਾ ਇਹ ਜਾਨਣ ਦਾ ਯਤਨ ਕਰਦੀ ਹਾਂ ਕਿ ਕਿਸ ਜਗ੍ਹਾ ਤੇ ਕਮੀ ਰਹਿ ਜਾਂਦੀ ਹੈ ਕਿ ਜਵਾਨੀ ਵਿੱਚ ਬੱਚੇ ਹੱਥੋਂ ਨਿਕਲ ਜਾਂਦੇ ਹਨ ਜਾਂ ਆਪਣੇ ਭਵਿੱਖ ਨੂੰ ਲੈਕੇ ਅਵੇਸਲੇ ਹੋ ਜਾਂਦੇ ਹਨ। ਅਸਲ ਵਿੱਚ ਇਸ ਦਾ ਸਭ ਤੋਂ ਵੱਡਾ ਕਾਰਨ ਬੱਚਿਆਂ ਦੇ ਸੰਸਕਾਰ ਹਨ। ਬੱਚੇ ਨੂੰ ਜਿਵੇਂ ਦੇ ਬਚਪਨ ਵਿੱਚ ਸੰਸਕਾਰ ਮਿਲੇ ਹੋਣ, ਜਿਸ ਤਰ੍ਹਾਂ ਦੀ ਪਰਵਰਿਸ਼ ਬੱਚੇ ਦੀ ਹੋਈ ਹੋਵੇ ਉਸੇ ਤਰ੍ਹਾਂ ਦਾ ਬੱਚੇ ਦਾ ਵਿਵਹਾਰ ਹੋਵੇਗਾ। ਜਿਹੜੇ ਬੱਚੇ ਨੇ ਆਪਣੇ ਮਾਤਾ ਪਿਤਾ ਨੂੰ ਇੱਕ ਦੂਸਰੇ ਦੀ ਇੱਜ਼ਤ ਕਰਦੇ ਦੇਖਿਆ ਹੋਵੇਗਾ, ਉਹ ਹਰ ਇੱਕ ਦੀ ਇੱਜ਼ਤ ਕਰੇਗਾ, ਜਿਸ ਬੱਚੇ ਨੇ ਆਪਣੇ ਮਾਤਾ ਪਿਤਾ ਨੂੰ ਕਿਤਾਬਾਂ ਪੜਦੇ ਦੇਖਿਆ ਹੋਵੇਗਾ ਉਹ ਬੱਚਾ ਵੀ ਕਿਤਾਬਾਂ ਨਾਲ ਜੁੜਿਆ ਹੋਵੇਗਾ। ਜਿਵੇਂ ਦੇ ਮਾਹੌਲ ਵਿੱਚ ਬੱਚਾ ਪਲਿਆ ਹੋਵੇਗਾ, ਉਸਦਾ ਸਿੱਧਾ ਅਸਰ ਬੱਚੇ ਦੇ ਵਿਵਹਾਰ ਉੱਪਰ ਪਵੇਗਾ।

ਇੱਕ ਬੱਚਾ ਜਦੋਂ ਕੋਈ ਵਿਲੱਖਣ ਕੰਮ ਕਰਦਾ ਹੈਂ , ਉੱਚੀਆਂ ਬੁਲੰਦੀਆਂ ਨੂੰ ਛੂਹਦਾ ਹੈ ਤਾਂ ਸਭ ਤੋਂ ਪਹਿਲਾਂ ਬੱਚੇ ਦੇ ਸੰਸਕਾਰਾਂ ਦਾ ਜ਼ਕਿਰ ਕੀਤਾ ਜਾਂਦਾ ਹੈ ਕਿ ਕਿਸੇ ਚੰਗੇ ਪਰਿਵਾਰ ਦੀ ਪਰਵਰਿਸ਼ ਹੈ,ਇਸਦੇ ਉੱਲਟ ਜੇਕਰ ਕੋਈ ਨਿਕੰਮਾ ਨਿਕਲਦਾ ਹੈ ਤਾਂ ਵੀ ਸਭ ਤੋਂ ਪਹਿਲਾਂ ਸੰਸਕਾਰਾਂ ਨੂੰ ਹੀ ਕੋਸਿਆ ਜਾਂਦਾ ਹੈ। ਚੰਗੀ ਪਰਵਰਿਸ਼ ਅਤੇ ਚੰਗੇ ਸੰਸਕਾਰਾਂ ਦੀ ਪਰਖ ਕੇਵਲ ਸਫ਼ਲ ਹੋਣ ਜਾਂ ਅਸਫ਼ਲ ਹੋਣ ਤੇ ਹੀ ਨਹੀਂ ਹੁੰਦੀ, ਤੁਹਾਡਾ ਸਮਾਜ ਵਿੱਚ ਵਿਚਰਨਾ, ਤੁਹਾਡਾ ਲੋਕਾਂ ਨਾਲ ਵਿਵਹਾਰ ਤੁਹਾਡਾ ਚਰਿੱਤਰ, ਤੁਹਾਡੀ ਬੋਲ ਬਾਣੀ ਸਭ ਤੁਹਾਡੇ ਸੰਸਕਾਰਾਂ ਦਾ ਹੀ ਨਤੀਜਾ ਅਤੇ ਪ੍ਰਦਰਸ਼ਨ ਹਨ।

ਇੱਥੇ ਦੋ ਵਿਅਕਤੀਆਂ ਦੀ ਭੂਮਿਕਾ ਅਤੇ ਜਿੰਮੇਵਾਰੀ ਬਰਾਬਰ ਦੀ ਹੈ ਪਹਿਲੀ ਮਾਪਿਆਂ ਦੀ ਅਤੇ ਦੂਸਰੀ ਬੱਚਿਆਂ ਦੀ। ਮਾਪਿਆਂ ਦੀ ਭੂਮਿਕਾ ਬੱਚਿਆਂ ਨੂੰ ਘਰ ਵਿੱਚ ਇੱਕ ਅਜਿਹਾ ਮਾਹੌਲ ਸਿਰਜ ਕੇ ਦੇਣ ਦੀ ਹੈ ਜਿਸ ਵਿੱਚ ਬੱਚੇ ਦਾ ਹਰ ਤਰ੍ਹਾਂ ਦਾ ਵਿਕਾਸ ਹੋ ਸਕੇ, ਉਸਨੂੰ ਚੰਗੀਆਂ ਆਦਤਾਂ ਦਾ ਆਦੀ ਬਣਾਇਆ ਜਾ ਸਕੇ। ਦੂਸਰੇ ਪਾਸੇ ਬੱਚਿਆਂ ਦੀ ਜ਼ੰਮੇਵਾਰੀ ਬਣਦੀ ਹੈ ਕਿ ਮਾਪਿਆਂ ਦੇ ਸੰਸਕਾਰਾਂ ਨੂੰ ਸਾਹ-ਮਣੇ ਰੱਖ ਕੇ ਆਪਣੇ ਹਰ ਕਾਰ ਵਿਹਾਰ ਨੂੰ ਕਰਨ। ਇਹ ਸੋਚ ਕਿ ਚੱਲਣ ਕਿ ਉਹਨਾਂ ਦੁਆਰਾ ਕੀਤੇ ਕਿਸੇ ਕੰਮ ਦਾ ਸਭ ਤੋਂ ਪਹਿਲਾਂ ਜਿੰਮੇਵਾਰ ਉਹਨਾਂ ਦੀ ਪਰਵਰਿਸ਼ ਨੂੰ ਮੰਨਿਆ ਜਾਵੇਗਾ।

ਸੋ ਮਾਪਿਆਂ ਦੀ ਜ਼ੰਮੇਵਾਰੀ ਇਹੀ ਬਣਦੀ ਹੈ ਕਿ ਸੰਸਕਾਰਾਂ ਦੇ ਅਜਿਹੇ ਬੀਜ ਬੀਜੇ ਜਾਣ ਜੋ ਭਵਿੱਖ ਵਿੱਚ ਫਲ, ਫੁੱਲ ਤੇ ਮਹਿਕਾਂ ਵੰਡਣ ਵਾਲੇ ਰੁੱਖ ਬਣਨ। ਉਹ ਬੀਜ ਬੀਜੇ ਜਾਣ ਜਿੰਨਾ ਦੀ ਸਕਾਰਾਤਮਕ ਸੋਚ ਦੀ ਮਹਿਕ ਚਾਰ ਚੁਫ਼ੇਰੇ ਫ਼ੈਲੇ। ਬੱਚੇ ਕੋਸ਼ਿਸ਼ ਕਰਨ ਕਿ ਮਾਪਿਆਂ ਦੁਆਰਾ ਦਿੱਤੀਆਂ ਸਿੱਖਿਆਵਾਂ ਦਾ ਮਾਣ ਰੱਖਿਆ ਜਾਵੇ ਅਤੇ ਉਹਨਾਂ ਦਾ ਨਾਮ ਰੋਸ਼ਨ ਕੀਤਾ ਜਾਵੇ।

## ਮਿੰਨੀ ਕਹਾਣੀ

## ਸਟੇਟਸ ਦਾ ਕਮਾਲ

-ਕੰਵਰਦੀਪ ਸਿੰਘ ਭੱਲਾ

ਮਾਂ ਕਿਸੇ ਦਿਨ ਭੂਆ ਕੋਲ ਜਾ ਕੇ ਆਉਣਾ, ਉਹ ਕਾਫੀ ਪ੍ਰੇਸ਼ਾਨ ਹੈ, ਨਾਲੇ ਮਾਸੀ ਵੀ ਨੇੜੇ ਰਹਿੰਦੀ ਏ, ਉਸ ਕੋਲ ਵੀ ਜਾਣਾ ਪੈਣੈ।

ਬੇਟਾ, ਪਰ ਕੀ ਹੋਇਆ? ਮੇਰੇ ਨਾਲ ਤਾਂ ਤੇਰੀ ਭੂਆ ਅਤੇ ਮਾਸੀ ਨੇ ਅਜੇ ਤੱਕ ਕਦੇ ਕੋਈ ਗੱਲ ਨਹੀਂ ਕੀਤੀ ਕਿ ਉਹ ਬਿਮਾਰ ਏ? ਤੈਨੂੰ ਉਨ੍ਹਾਂ ਦਾ ਫੋਨ ਆਇਆ। ਮੈਨੂੰ ਕਦੀ ਕਿਸੇ ਦਾ ਫੋਨ ਨਹੀਂ ਆਇਆ।

ਮਾਤਾ ਜੀ ਉਹ ਸਮਾਂ ਨਹੀਂ ਕਿ ਤੁਹਾਨੂੰ ਕੋਈ ਮੂੰਹ ਨਾਲ ਹਰ ਗੱਲ ਬੋਲ ਕੇ ਦੱਸੇ, ਇਹ ਤਾਂ ਤੁਹਾਡੀ ਸਮਝਦਾਰੀ ਏ ਸਟੇਟਸ ਤੋਂ ਪੜ੍ਹ ਕੇ ਉਸ ਨੂੰ ਸਮਝਣਾ।

ਤੂੰ ਕਿੱਦਾਂ ਕਹਿੰਦਾ ਏਂ? ਮੈਨੂੰ ਤੇਰੇ ਗੱਲ ਦੀ ਭੋਰਾ ਸਮਝ ਨਹੀਂ ਆਈ। ਸਿੱਧੀ ਤਰ੍ਹਾਂ ਦੱਸ ਤੈਨੂੰ ਕਿਸ ਨੇ ਦੱਸਿਆ?

ਮਾਤਾ ਜੀ ਮੈਨੂੰ ਵੀ ਮੋਬਾਈਲ ਨੇ ਦੱਸਿਆ ਏ।

ਕੀ ਇਹ ਬੋਲਦਾ ਏ? ਮੈਨੂੰ ਤਾਂ ਅੱਜ ਤੇਰੇ ਕੋਲੋਂ ਪਤਾ ਲੱਗਾ ਪੁੱਤ।

ਨਹੀਂ ਮਾਂ, ਅੱਜਕੱਲ੍ਹ ਜ਼ਿਆਦਾ ਲੋਕ ਆਪਣੇ ਦਿਲ ਦੀ ਭੜਾਸ ਮੋਬਾਈਲ ਉੱਤੇ ਸਟੇਟਸ ਪਾ ਕੇ ਕੱਢ ਲੈਂਦੇ ਨੇ ਜਿੱਥੋਂ ਪਤਾ ਲੱਗ ਜਾਂਦੈ ਕਿ ਉਸ ਦੀ ਜ਼ਿੰਦਗੀ ਵਿੱਚ ਕੀ ਚੱਲ ਰਿਹਾ ਹੈ?

ਮੈਂ ਦੇਖਿਆ ਕਿ ਭੂਆ ਦੇ ਨਿਰੰਤਰ ਪੈ ਰਹੇ ਸਟੇਟਸਾਂ ਤੋਂ ਲੱਗਦਾ ਹੈ ਕਿ ਉਸ ਨੂੰ ਕੋਈ ਬੰਦਾ ਧੋਖਾ ਦੇ ਗਿਆ, ਜਿਸ ਉੱਤੇ ਉਸ ਨੇ ਰੱਬ ਜਿੰਨਾ ਵਿਸ਼ਵਾਸ ਕੀਤਾ ਤੇ ਮਾਸੀ ਦੇ ਸਟੇਟਸਾਂ ਤੋਂ ਲੱਗਦਾ ਹੈ ਕਿ ਉਹ ਆਪਣੇ ਗ੍ਰਿਹਸਥੀ ਜੀਵਨ ਤੋਂ ਬਹੁਤ ਦੁਖੀ ਹੈ।

ਮਾਂਨੇ ਮੋਬਾਈਲ ਨੂੰ ਫੜ ਕੇ ਭੂਆ ਤੇ ਮਾਸੀ ਨੂੰ ਫੋਨ ਕਰ ਕੇ ਜਦੋਂ ਪੁੱਛਿਆ ਤਾਂ ਦੋਵੇਂ ਫੁੱਟ-ਫੁੱਟ ਕੇ ਰੋਣ ਲੱਗ ਪਈਆਂ। ਪੁੱਤਰ ਦੀਆਂ ਕਹੀਆਂ ਗੱਲਾਂ ਸੱਚ ਹੋਈਆਂ। ਅੱਜ ਮਾਂ ਨੂੰ ਆਪਣੇ ਪੁੱਤਰ ਤੋਂ ਵੱਧ ਮੋਬਾਈਲ ਉੱਤੇ ਜ਼ਿਆਦਾ ਭਰੋਸਾ ਲੱਗਣ ਲੱਗਾ।

# ਤਜ਼ਰਬਾ ਹੀ ਸਹੀ

ਬਾਪੂ ਮਹਾਤਮਾ ਗਾਂਧੀ ਦੇ ਤਿੰਨਾਂ ਗੁਰੂਆਂ ਤੋਂ ਆਪਾਂ ਸਭ ਜਾਣੂੰ ਹਾਂ ਜੋ ਉਹਨਾਂ ਨੇ ਬਾਂਦਰਾਂ ਦੇ ਰੂਪ ਵਿੱਚ ਪੇਸ਼ ਕੀਤੇ ਹੋਏ ਹਨ। ਉਹਨਾਂ ਦੇ ਸੁਨੇਹੇ ਹਨ ਕਿ "ਬੁਰਾ ਮਤ ਬੋਲੋ","ਬੁਰਾ ਮਤ ਸੁਨੋ" ਅਤੇ "ਬੁਰਾ ਮਤ ਦੇਖੋ"।ਚਲੋ ਆਪਾਂ ਇਹਨਾਂ ਤਿੰਨਾਂ ਨਿਰਦੇਸ਼ਾਂ ਉਪਰ ਸੋਚ ਵਿਚਾਰ ਕਰੀਏ। ਇਹਨਾਂ ਵਿਚੋਂ ਸਿਰਫ਼ ਪਹਿਲਾ ਹੀ ਹੈ ਜਿਸ ਉਪਰ ਸਾਡਾ ਆਪਣਾ ਜਾਬਤਾ ਹੈ। ਅਰਥਾਤ ਬੋਲਣਾ ਸਾਡੇਹੱਥ ਵੱਸ ਹੈ ਇੱਕ ਬੋਲਣਾ ਹੀ ਹੈ ਜੋ ਸਾਡੇ ਕਾਬੂ ਵਿੱਚ ਹੋ ਸਕਦਾ ਹੈ।ਕੀ ਬੋਲਣਾ ਹੈ?,ਕਿੰਨਾ ਬੋਲਣਾ ਹੈ?, ਅਤੇ

ਕਿਵੇਂ ਬੋਲਣਾ ਹੈ?ਸਭ ਤੋਂ ਢੰਗ ਜੋ ਮੰਨਿਆ ਗਿਆ ਹੈ ਉਹ ਹੈ:ਜਦੋਂ ਵੀ ਬੋਲਣਾ ਹੈ ਸਹੀ ਬੋਲਣਾ ਹੈ, ਜਿੰਨੀ ਲੋੜ ਹੈ ਉਨਾਂ ਹੀ ਬੋਲਣਾ ਹੈ,ਮਿੱਠਾ ਬੋਲਣਾ ਹੈ,ਪਿਆਰ ਨਾਲ ਬੋਲਣਾ ਹੈ ਅਤੇ ਧੀਮੀ ਆਵਾਜ਼ ਬੋਲਣਾ ਹੈ। ਜੇ ਆਪਾਂ ਸਾਰੇ ਹੀ ਇਹਨਾਂ ਅਸੂਲਾਂ ਨਾਲ ਬੋਲੀਏ ਤਾਂ ਸਪਸ਼ਟ ਹੈ ਕਿ ਬੋਲਣ ਦੀ ਵਜਹ ਨਾਲ ਜੋ ਰਫੜੇ ਹੁੰਦੇ ਹਨ ਉਹ ਬਿਲਕੁਲ ਮੁੱਕ ਜਾਣਗੇ। ਅਗਲੇ ਨਿਰਦੇਸ਼ਾਂ ਵਿਚਾਰ ਕਰਿਏ ਜੋ ਸਾਡੇ ਆਪਣੇ ਹੱਥ ਵੱਸ ਨਹੀਂ ਹਨ।ਇੱਕ ਹੈ ਬੁਰਾ ਮਤ ਸੁਨੋ ਤੇ ਦੂਜਾ ਹੈ ਬੁਰਾ ਮਤ ਦੇਖੋ ।ਇਹ ਦੋਨੋਂ ਹੀ ਅਸੀਂ ਹੋਰਾਂ ਵਲੋਂ ਕੀਤੇ ਹੋਏ ਵਰਤਣੇ ਹਨ ਅਰਥਾਤ ਕਿਸੇ ਦਾ ਬੋਲਿਆ ਹੋਇਆ ਸੁਣਨਾ ਹੈ ਅਤੇ ਕਿਸੇ ਦਾ ਕੁਝ ਕੀਤਾ ਹੋਇਆ ਹੀ ਦੇਖਣਾ ਹੈ ਜਿਸ ਉਤੇ ਸਾਡਾ ਆਪਣਾ ਕੋਈ ਕੰਟਰੋਲ ਨਹੀਂ ਹੈ । ਜੇ ਸੁਣਨ ਉਪਰ ਜਬਤ ਕਰਨਾ ਹੋਵੇ ਤਾਂ ਦੋ ਤਰੀਕੇ ਹਨ, ਪਹਿਲਾ ਇਹ ਹੈ ਕਿ ਉਥੋਂ ਉੱਠ ਕੇ ਹੀ ਚਲੇ ਜਾਈਏ ਜਾਂ ਫਿਰ ਕੰਨਾਂ ਵਿੱਚ ਉਂਗਲਾਂ ਪਾ ਲਈਏ। ਮਤਲਬ ਇਹ ਹੋਇਆ ਕਿ ਕਿਸੇ ਨੂੰ ਬੋਲਣ ਤੋਂ ਹਟਾ ਨਹੀਂ ਸਕਦੇ, ਉਸ ਨੂੰ ਗਲਤ ਮਲ੍ਹਤ ਜਾਂ ਗੰਦਾ ਮੰਦਾ ਬੋਲਣ ਤੋਂ ਰੋਕ ਨਹੀਂ ਸਕਦੇ।ਬਸ ਅਣਸੁਣਿਆ ਹੀ ਕਰ ਸਕਦੇ ਹਾਂ।

ਤੀਜਾ ਨਿਰਦੇਸ਼ ਹੈ ਕਿ ਬੁਰਾ ਮਤ ਦੇਖੋ ਅਰਥਾਤ ਜੋ ਵੀ ਗਲਤ ਮਲ੍ਹਤ ਹੋ ਰਿਹਾ ਹੈ ਸਾਡੇ ਉਪਰ ਉਸ ਨੂੰ ਦੇਖਣ ਤੋਂ ਮਨਾਹੀ ਹੈ।ਜੋ ਵੀ ਗਲਤ ਹੋ ਰਿਹਾ ਹੈ ਹੋਈ ਜਾਵੇ ਪਰ ਅਸੀਂ ਦੇਖਣਾ ਨਹੀਂ ਹੈ। ਸਾਨੂੰ ਇਹ ਕੁਝ ਅਪਨਾਉਣ ਵਾਸਤੇ ਜਾਂ ਤਾਂ ਉਥੋਂ ਉੱਠ ਕੇ ਆ ਜਾਣਾ ਚਾਹੀਦਾ ਹੈ ਜਾਂ ਅੱਖਾਂ ਉਪਰ ਪੱਟੀ ਬੰਨ ਲੈਣੀ ਚਾਹੀਦੀ ਹੈ।ਅਸੀਂ ਸਿਰਫ ਤੇ ਸਿਰਫ ਬੁਰਾ ਦੇਖਣ ਵਾਸਤੇ ਕੰਟਰੋਲ ਕਰ ਸਕਦੇ ਹਾਂ ਪਰ ਬੁਰਾ ਹੋਣ ਨੂੰ ਰੋਕਣ ਵਾਸਤੇ ਕੁਝ ਨਹੀਂ ਸਕਦੇ।

ਧਿਆਨ ਦੇਣ ਵਾਲੀ ਗਲ ਹੈ ਕਿ ਇਹ ਤਿੰਨੇ ਗੁਰੂਆਂ ਨੂੰ ਬਾਂਦਰ ਪ੍ਰਦਰਿਸ਼ਤ ਕਰ ਰਹੇ ਹਨ ਅਤੇ ਅਸੀਂ ਜਾਣਦੇ ਹਾਂ ਕਿ ਬਾਂਦਰ ਸ਼ਰਾਰਤੀ ਅਨਸਰ ਮੰਨੇ ਗਏ ਹਨ।ਇਹੀ ਵਜਹ ਹੈ ਕਿ ਬੁਰਾਈ ਦਿਨੋਂ ਦਿਨ ਵੱਧਦੀ ਜਾ ਰਹੀ ਹੈ ਕਿਉਂਕਿ ਦੇਖ ਸਕਦੇ ਹੋਏ ਵੀ ਦੇਖ ਨਹੀਂ ਰਹੇ। ਸੁਣ ਸਕਦੇ ਹੋਏ ਵੀ ਸੁਣ ਨਹੀਂ ਰਹੇ। ਅਣਦੇਖਿਆ ਅਤੇ ਅਣਸੁਣਿਆ ਹੀ ਕਰਦੇ ਰਹੇ ਹਨ।

ਕਦੇ ਕਦੇ ਸੋਚਣ ਵਾਸਤੇ ਮਜਬੂਰ ਹੋ ਜਾਈਦਾ ਹੈ ਕਿ ਬਾਪੂ ਜੀ ਇੰਨੇ ਵੱਡੇ ਅਤੇ ਮਹਾਨ ਲੀਡਰ ਹੋਣ ਦੇ ਬਾਵਜੂਦ ਵੀ ਸਿਰਫ ਇਹੀ ਤਿੰਨ ਗੁਰੂ ਕਿਉਂ ਚੁਣੇ?ਇਹ ਸਭ ਉਹਨਾਂ ਕੋਲੋਂ ਅਣਜਾਣੇ ਵਿੱਚ ਹੀ ਹੋ ਗਿਆ ਕਿ ਉਹਨਾਂ ਜਾਣ ਬੁਝ ਕੇ ਕੀਤਾ ਜਾਂ ਇਉਂ ਕਹਿ ਲਈਏ ਕਿ ਇਸ ਵਿੱਚ ਵੀ ਕੋਈ ਰਾਜਨੀਤੀ ਹੈ?!ਮੇਰਾ ਸੋਚਣਾ ਹੈ ਕਿ ਉਹਨਾਂ ਨੂੰ ਕੁਝ ਇਸਤਰਾਂ ਤਰਤੀਬ ਦੇਣੀ ਚਾਹੀਦਾ ਸੀ ।ਸਭ ਤੋਂ ਪਹਿਲਾਂ ਬੁਰਾ ਮਤ ਸੋਚੋ ।ਜੇ ਸਾਡੀ ਸੋਚ ਸਹੀ ਰਹੇਗੀ ਤਾਂ ਮੇਰਾ ਖਿਆਲ ਹੈ ਕਿ ਫਿਰ ਕੁਝ ਵੀ ਗਲਤ ਹੋਣ

ਦੇ ਮੌਕੇ ਹੀ ਨਹੀਂ ਪੈਦਾ ਹੋਣਗੇ। ਅਗਲੇ ਸਥਾਨ ਆ ਜਾਵੇ ਬੁਰਾ ਮਤ ਕਰੋ।ਜੇ ਸਾਰੇ ਲੋਕ ਇਹ ਮਹਿਸੂਸ ਕਰਨ ਲੱਗ ਪੈਣ ਕਿ ਬੁਰਾ ਕਰਨਾ ਹੀ ਨਹੀਂ ਤਾਂ ਫਿਰ ਬੁਰਾ ਹੋ ਕਿਵੇਂ ਜਾਊ?ਸਗੋਂ ਬੁਰਾ ਕਰਨ ਦੀ ਲੋੜ ਹੀ ਨਹੀਂ ਜਾਪੇਗੀ।

ਬੈਠੇ ਬੈਠੇ ਇਹ ਸੋਚ ਆ ਜਾਂਦੀ ਹੈ ਕਿ ਹੁਣ ਵੀ ਆਪਾਂ ਲੋਕ ਬਾਪੂ ਦੇ ਗੁਰੂਆਂ ਦੇ ਲੇਬਲ ਸੁਧਾਰ ਸਕਦੇ ਹੋਈਏ ਤਾਂ ਸੁਧਾਰ ਹੀ ਲੈਣੇ ਚਾਹੀਦੇ ਹਨ।ਮੈਨੂੰ ਲਗਦਾ ਹੈ ਕਿ ਜੇ ਤਰਤੀਬ ਬੁਰਾ ਮਤ ਦੇਖੋ, ਬੁਰਾ ਮਤ ਸੁਨੋ ਅਤੇ ਬੁਰਾ ਮਤ ਬੋਲੋ ਦੀ ਜਗ੍ਹਾ ਤੇ ਇੰਝ ਹੋ ਜਾਵੇ ਬੁਰਾ ਮਤ ਸੋਚੋ,ਬੁਰਾ ਮਤ ਕਰੋ ਅਤੇ ਬੁਰਾ ਮਤ ਬੋਲੋ।ਫਿਰ ਸ਼ਾਇਦ ਇਸ ਨਿਘਰਦੀ ਜਾ ਰਹੀ ਦੁਨੀਆ ਨੂੰ ਕੁਝ ਰਾਹਤ ਮਿਲ ਸਕਦੀ ਹੈ। ਚਲੋ ਸਭ ਮਿਲ ਕੇ ਇੱਕ ਹੰਭਲਾ ਮਾਰੀਏ ਤੇ ਨਵਾਂ ਤਜਰਬਾ ਅਜਮਾ ਲਈਏ!

-ਅਮਰਜੀਤ ਕੌਰ ਵੈਨਕੂਵਰ, (ਸੇਵਾ ਮੁਕਤ ਸਟੇਟ ਅਵਾਰਡੀ ਮੁਖ ਅਧਿਆਪਕਾ)

# ਧੋਖੇ ਦੀ ਕੀਮਤ ਤਾਰਦਾ ਅਫਗਾਨਿਸਤਾਨ

-ਬ੍ਰਹਮਾ ਚੇਲਾਨੀ-



ਅਮਰੀਕੀ ਇਤਿਹਾਸ ਵਿੱਚ ਸਭ ਤੋਂ ਬਜ਼ੁਰਗ ਰਾਸ਼ਟਰਪਤੀ ਬਣੇ ਜੋਅ ਬਾਇਡੇਨ ਦੇ ਕੁਝ ਫੈਸਲੇ ਦੁਨੀਆ ਦੀ ਸਭ ਤੋਂ ਵੱਡੀ ਮਹਾਸ਼ਕਤੀ ਨੂੰ ਸ਼ਰਮਿੰਦਾ ਕਰਦੇ ਹਨ। ਕਾਬੁਲ ਉੱਤੇ ਤਾਲਿਬਾਨ ਦੇ ਕਬਜ਼ੇ ਦੇ ਨਾਲ ਹੀ ਜੋਅ ਬਾਇਡੇਨ ਸੰਸਾਰ ਨੁਕਤਾਚੀਨੀ ਦਾ ਸ਼ਿਕਾਰ ਬਣ ਗਏ ਹਨ। ਅਸਲ ਵਿੱਚ ਇਹ ਉਦੋਂ ਹੀ ਤੈਅ ਹੋ ਗਿਆ ਸੀ, ਜਦ ਅਮਰੀਕੀ ਰਾਸ਼ਟਰਪਤੀ ਨੇ ਆਪਣੇ ਫੌਜੀ ਅਫਸਰਾਂ ਅਤੇ ਖੁਫੀਆ ਏਜੰਸੀਆਂ ਦੀ ਰਾਇ ਨੂੰ ਲਾਂਭੇ ਕਰ ਕੇ ਜ਼ਮੀਨੀ ਹਕੀਕਤ ਦੀ ਪ੍ਰਵਾਹ ਕੀਤੇ ਬਿਨਾਂ ਅਫਗਾਨਿਸਤਾਨ ਤੋਂ ਕਾਹਲੀ ਵਿੱਚ ਆਪਣੀਆਂ ਫੌਜਾਂ ਦੀ ਵਾਪਸੀ ਦਾ ਐਲਾਨ ਕਰ ਦਿੱਤਾ ਸੀ। ਇਸ ਦੀ ਕੋਈ ਕਾਰਗਰ ਯੋਜਨਾ ਨਹੀਂ ਸੀ ਬਣਾਈ। ਇਸ ਲਈ ਵਿਦੇਸ਼ ਨੀਤੀ ਦੇ ਪੱਖੋਂ ਇਹੋ ਅਨਰਥ ਹੋਣਾ ਸੀ। ਅਫਗਾਨਿਸਤਾਨ ਉੱਤੇ ਅੱਤਵਾਦੀ ਸ਼ਿਕੰਜੇ ਕਾਰਨ ਅਮਰੀਕਾ ਦੀ ਜੋ ਕੌਮਾਂਤਰੀ ਫਜ਼ੀਹਤ ਹੋ ਰਹੀ ਹੈ, ਉਸ ਦੇ ਦੋਸ਼ੀ ਬਾਇਡੇਨ ਹੀ ਹਨ।

ਅਫਗਾਨਿਸਤਾਨ ਤੋਂ ਕਾਹਲੀ ਵਿੱਚ ਨਿਕਲਣ ਬਾਰੇ ਬਾਇਡੇਨ ਦੇ ਸਾਹ-ਮਣੇ ਕੋਈ ਰਣਨੀਤਕ ਜਾਂ ਘਰੇਲੂ ਮਜਬੂਰੀ ਵੀ ਨਹੀਂ ਸੀ। ਜਦੋਂ ਉਨ੍ਹਾਂ ਨੇ ਸੱਤਾ ਸੰਭਾਲੀ, ਉਦੋਂ ਅਫਗਾਨਿਸਤਾਨ ਵਿੱਚ ਅਮਰੀਕਾ ਦੇ ਸਿਰਫ 2500 ਫੌਜੀ ਸਨ। ਫਿਰ ਵੀ ਬਾਇਡੇਨ ਨੂੰ ਪਤਾ ਨਹੀਂ ਕੀ ਸੁੱਝਿਆ ਕਿ ਉਨ੍ਹਾਂ ਨੇ ਫੌਜਾਂ ਦੀ ਸੰਪੂਰਨ ਵਾਪਸੀ ਉੱਤੇ ਮੋਹਰ ਲਾ ਦਿੱਤੀ। ਮੰਨਿਆ ਜਾਂਦਾ ਹੈ ਕਿ ਅਮਰੀਕਾ ਥੱਕ-ਟੁੱਟ ਚੁੱਕਾ ਸੀ, ਜਦ ਕਿ ਬੀਤੇ ਵੀਹ ਸਾਲਾਂ ਦੌਰਾਨ ਗੈਲਪ ਸਰਵੇਖਣਾਂ ਵਿੱਚ ਅਮਰੀਕੀ ਇਸ ਫੌਜੀ ਸਰਗਰਮੀ ਦੇ ਵਿਰੋਧ ਨਾਲੋਂ ਸਮਰਥਨ ਵਿੱਚ ਵੱਧ ਨਜ਼ਰ ਆਏ। ਅਮਰੀਕੀ ਇਤਿਹਾਸ ਦੀ ਇਸ ਸਭ ਤੋਂ ਲੰਬੀ ਜੰਗ ਨੂੰ ਇੰਨੇ ਵੱਡੇ ਪੱਧਰ ਉੱਤੇ ਮਿਲਿਆ ਸਮਰਥਨ ਕੋਰੀਆ, ਵੀਅਤਨਾਮ ਅਤੇ ਇਰਾਕ ਵਰਗੇ ਹੋਰ ਜੰਗੀ ਪਿੜਾਂ ਤੋਂ ਉਲਟ ਸੀ ਕਿਉਂਕਿ ਜ਼ਿਆਦਾਤਰ ਜਨਤਾ ਇੱਕ ਪੱਧਰ ਉੱਤੇ ਆ ਕੇ ਉਨ੍ਹਾਂ ਜੰਗਾਂ ਦੇ ਖਿਲਾਫ ਹੋ ਗਈ ਸੀ। ਇੱਕ ਜੁਲਾਈ ਨੂੰ ਬਗਰਾਮ ਏਅਰਬੇਸ ਖਾਲੀ ਕਰਨ ਦੇ ਨਾਲ ਬਾਇਡੇਨ ਨੇ ਜਦ ਅਫਗਾਨਿਸਤਾਨ ਤੋਂ ਕਦਮ ਪਿੱਛੇ ਖਿੱਚਣ ਦੀ ਸ਼ੁਰੂਆਤ ਕਰ ਦਿੱਤੀ ਉਦੋਂ ਤੋਂ ਜਨਤਾ ਦੀ ਰਾਇ ਵਿੱਚ ਵੀ ਪਾਟੋਧਾੜ ਦਾ ਆਰੰਭ ਹੋ ਗਿਆ।

ਛੇ ਜੁਲਾਈ ਤੋਂ ਇੱਕੀ ਜੁਲਾਈ ਵਿਚਾਲੇ ਗੈਲਪ ਸਰਵੇ ਵਿੱਚ 47 ਫੀਸਦੀ ਅਮਰੀਕੀਆਂ (ਬਹੁਤੇ ਡੈਮੋਕ੍ਰੇਟ) ਨੇ ਇਹ ਮੰਨਿਆ ਕਿ ਅਫਗਾਨ ਜੰਗ ਇੱਕ ਗਲਤੀ ਸੀ, ਜਦ ਕਿ 46 ਫੀਸਦੀ ਦੀ ਰਾਇ ਇਸ ਦੇ ਉਲਟ ਸੀ। ਪਾਕਿਸਤਾਨੀ ਪਿੱਠੂ ਤਾਲਿਬਾਨ ਦੁਨੀਆ ਦੇ ਸਭ ਤੋਂ ਖੂੰਖਾਰ ਅੱਤਵਾਦੀ ਸੰਗਠਨਾਂ ਵਿੱਚੋਂ ਇੱਕ ਹੈ। ਕਿਉਂਕਿ ਤਾਲਿਬਾਨ ਟਰੰਪ ਦੇ ਨਾਲ ਹੋਏ ਸਮਝੌਤੇ ਦੀ ਖੁੱਲ੍ਹੀ ਉਲੰਘਣਾ ਕਰਦਾ ਰਿਹਾ, ਇਸ ਲਈ ਬਾਇਡੇਨ ਦੇ ਉਸ ਉੱਤੇ ਟਿਕੇ ਰਹਿਣ ਦੀ ਕੋਈ ਤੁਕ ਨਹੀਂ ਸੀ। ਜੇ ਅਮਰੀਕਾ ਅਫਗਾਨਿਸਤਾਨ ਵਿੱਚ ਸੀਮਿਤ ਫੌਜੀ ਮੌਜੂਦਗੀ ਰੱਖਦਾ ਤਾਂ ਇਸ ਨਾਲ ਬਹੁਤਾ ਖਰਚਾ ਨਾ ਵਧਦਾ ਅਤੇ ਅਮਰੀਕੀ ਲੋਕਾਂ ਲਈ ਜੋਖਮ ਵੀ ਘਟਦਾ। ਸੰਨ 2014 ਵਿੱਚ ਅਮਰੀਕਾ ਦੀ ਜੰਗੀ ਭੂਮਿਕਾ ਖਤਮ ਹੋਣ ਨਾਲ ਅਮਰੀਕੀ ਖਰਚਾ ਅਤੇ ਫੌਜਾਂ ਨੂੰ ਪਹੁੰਚਣ ਵਾਲੇ ਨੁਕਸਾਨ ਵਿੱਚ ਨਾਟਕੀ ਢੰਗ ਨਾਲ ਕਮੀ ਆ ਗਈ ਸੀ। ਉਦੋਂ ਤੋਂ ਅਮਰੀਕੀ ਜਾਂ ਨਾਟੋ ਫੌਜਾਂ ਨਹੀਂ, ਬਲਕਿ ਅਫਗਾਨ ਸੁਰੱਖਿਆ ਬਲ ਹੀ ਅਗਲੇ ਮੁਹਾਜ਼ ਉੱਤੇ ਤੈਨਾਤ ਸਨ।

ਬੀਤੇ ਲਗਭਗ ਸਾਢੇ ਸੱਤ ਸਾਲਾਂ ਦੌਰਾਨ ਜਿੱਥੇ ਅਫਗਾਨ ਸੁਰੱਖਿਆ ਫੋਰਸਾਂ ਦੇ ਦਸ ਹਜ਼ਾਰ ਤੋਂ ਵੱਧ ਜਵਾਨਾਂ ਦੀ ਜਾਨ ਗਈ, ਉਥੇ ਅਮਰੀਕਾ ਦੇ 99 ਫੌਜੀ ਮਾਰੇ ਗਏ। ਜੇ ਜੋਅ ਬਾਇਡੇਨ 2500 ਫੌਜੀ ਵੀ ਅਫਗਾਨਿਸਤਾਨ ਵਿੱਚ ਨਹੀਂ ਰੱਖਣਾ ਚਾਹੁੰਦੇ ਸਨ ਤਾਂ ਘੱਟੋ-ਘੱਟ ਇੰਨੇ ਫੌਜੀ ਤੈਨਾਤ ਕਰ ਹੀ ਸਕਦੇ ਸਨ, ਜੋ ਜ਼ਰੂਰਤ ਪੈਣ ਉੱਤੇ ਅਫਗਾਨ ਸੁਰੱਖਿਆ ਦਸਤਿਆਂ ਨੂੰ ਮਹੱਤਵ ਪੂਰਨ ਹਵਾਈ ਸੁਰੱਖਿਆ ਸਹਿਯੋਗ ਕਰ ਦਿੰਦੇ। ਅਜਿਹਾ ਕਰਨ ਨਾਲ ਉਸ ਬਿਪਤਾ ਨੂੰ ਰੋਕਿਆ ਜਾ ਸਕਦਾ ਸੀ, ਜੋ ਭਿਆਨਕ ਆਕਾਰ ਲੈ ਰਹੀ ਹੈ। ਜੇ ਤਾਲਿਬਾਨ ਆਪਣੀ ਮੁਹਿੰਮ ਵਿੱਚ ਸਫਲ ਰਹੇ ਤਾਂ ਇਹ ਅਮਰੀਕਾ ਦੇ ਅਣ-ਐਲਾਨੇ ਸਹਿਯੋਗ ਨਾਲ ਹੋਇਆ ਹੈ। ਅਮਰੀਕਾ ਨੇ ਬੀਤੇ ਸਾਲ ਤੋਂ ਇਸ ਸੰਗਠਨ ਨੂੰ ਇੱਕ ਤਰ੍ਹਾਂ ਮਾਨਤਾ ਦੇਣੀ ਸ਼ੁਰੂ ਕਰ ਦਿੱਤੀ ਸੀ। ਇਸ ਨਾਲ ਅਫਗਾਨ ਸਰਕਾਰ ਦੇ ਵੱਕਾਰ ਨੂੰ ਢਾਹ ਲੱਗੀ। ਅਮਰੀਕਾ ਆਪਣੀ ਸਹਿਯੋਗੀ ਅਫਗਾਨ ਸਰਕਾਰ ਨੂੰ ਲਾਂਭੇ ਕਰ ਕੇ ਦੁਨੀਆ ਦੇ ਸਭ ਤੋਂ ਖਤਰਨਾਕ ਅੱਤਵਾਦੀ ਸੰਗਠਨ ਨਾਲ ਗਲਵੱਕੜੀਆਂ ਪਾਉਣ ਲੱਗਾ। ਇਸ ਹਿਮਾਕਤ ਤੋਂ ਪਹਿਲਾਂ ਅਮਰੀਕਾ ਨੇ ਜ਼ਰਾ ਵੀ ਨਾ ਸੋਚਿਆ ਕਿ ਅੱਤਵਾਦੀਆਂ ਨੇ ਦੋ ਦਹਾਕੇ ਪਹਿਲਾਂ ਉਸ ਦੇ ਜੋੜੇ ਮੀਨਾਰ ਤਹਿਸ-ਨਹਿਸ ਕਰ ਦਿੱਤੇ ਸਨ। ਉਸ ਹਮਲੇ ਪਿੱਛੋਂ ਹੀ ਅਲ ਕਾਇਦਾ ਦੇ ਬਾਨੀ ਓਸਾਮਾ ਬਿਨ ਲਾਦੇਨ ਦੇ ਪਿੱਛੇ ਅਮਰੀਕਾ ਹੱਥ ਧੋ ਕੇ ਪਿਆ ਸੀ। ਅਮਰੀਕੀ ਨੇਵੀ ਦੇ ਸੀਲ ਕਮਾਂਡੋਜ਼ ਨੇ ਲਾਦੇਨ ਨੂੰ ਪਾਕਿਸਤਾਨ ਦੇ ਐਬਟਾਬਾਦ ਵਿੱਚ ਦੋ ਮਈ 2011 ਨੂੰ ਜਾ ਕੇ ਮਾਰਿਆ ਸੀ। ਇਸ ਪਿੱਛੋਂ ਅਮਰੀਕਾ ਅਤੇ ਅਲ ਕਾਇਦਾ, ਤਾਲਿਬਾਨ ਵਿਚਾਲੇ ਜੰਗ ਸਿਖਰ ਉੱਤੇ ਪੁੱਜ ਗਈ, ਜਿਸ ਵਿੱਚ ਹਜ਼ਾਰਾਂ ਤਾਲਿਬਾਨ ਮਾਰੇ ਗਏ, ਜਦ ਕਿ ਅਮਰੀਕਾ ਨੂੰ ਵੀ ਮਾਲੀ ਦੇ ਨਾਲ ਜਾਨੀ ਨੁਕਸਾਨ ਸਹਾਰਨਾ ਪਿਆ। ਅਮਰੀਕਾ ਦੇ ਵਿਸ਼ਵਾਸਘਾਤ ਦਾ ਅੰਦਾਜ਼ਾ ਏਥੋਂ ਲੱਗ ਸਕਦਾ ਹੈ ਕਿ ਉਸ ਨੇ ਅਫਗਾਨ ਸਰਕਾਰ ਦੀ ਪਿੱਠ ਪਿੱਛੇ ਫਰਵਰੀ 2020 ਵਿੱਚ ਤਾਲਿਬਾਨ ਨਾਲ ਸਮਝੌਤਾ ਕੀਤਾ। ਇਸ ਪਿੱਛੋਂ ਕਾਬੁਲ ਉੱਤੇ 5000 ਤਾਲਿਬਾਨੀ ਕੈਦੀਆਂ ਛੱਡਣ ਲਈ ਦਬਾਅ ਪਾਇਆ ਗਿਆ। ਉਨ੍ਹਾਂ ਦੀ ਗਿਣਤੀ ਅਫਗਾਨਿਸਤਾਨ ਵਿੱਚ ਤੈਨਾਤ ਅਮਰੀਕੀ ਫੌਜਾਂ ਦੇ ਬਰਾਬਰ ਸੀ। ਇਹ ਤਾਲਿਬਾਨੀ ਰਿਹਾਅ ਹੋ ਕੇ ਖੂਨ ਖਰਾਬਾ ਕਰਨ ਲੱਗ ਪਏ। ਇਹ ਠੀਕ ਉਸੇ ਤਰ੍ਹਾਂ ਸੀ ਜਿਵੇਂ 2019 ਵਿੱਚ ਅਮਰੀਕਾ ਨੇ ਸੀਰੀਆ ਵਿੱਚ ਆਪਣੇ ਕੁਰਦਿਸ਼ ਸਾਥੀਆਂ ਦਾ ਸਾਥ ਛੱਡ ਦਿੱਤਾ ਸੀ।

ਅਮਰੀਕੀ ਵਿਸ਼ਵਾਸਘਾਤ ਨੇ ਅਫਗਾਨ ਫੌਜ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕਾ ਦਿੱਤੀ ਸੀ। ਫੌਜ ਦੀ ਵਾਪਸੀ ਨਾਲ ਜੁੜਿਆ ਬਾਇਡੇਨ ਦਾ ਫੈਸਲਾ ਮਾਰੂ ਅਸਰ ਪਾਉਣ ਵਾਲਾ ਸੀ। ਇਸ ਨਾਲ ਨਾਟੋ ਗਠਜੋੜ ਦੇ 8500 ਫੌਜੀ ਤੇ ਲਗਭਗ 18000 ਅਮਰੀਕੀ ਫੌਜੀ ਕੰਟਰੈਕਟਰਾਂ ਦੀ ਵਾਪਸੀ ਦਾ ਰਾਹ ਖੁੱਲ੍ਹ ਗਿਆ। ਇਨ੍ਹਾਂ ਠੇਕੇਦਾਰਾਂ ਦੀ ਅਫਗਾਨ ਹਵਾਈ ਫੌਜ ਤੇ ਅਮਰੀਕੀ ਸਪਲਾਈ ਵਾਲੀ ਗੋਲੀ-ਸਿੱਕਾ ਤੰਤਰ ਦੀ ਸਪਲਾਈ ਵਿੱਚ ਅਹਿਮ ਭੂਮਿਕਾ ਸੀ। ਅਮਰੀਕਾ ਨੇ ਅਫਗਾਨ ਫੌਜੀ ਫੋਰਸਾਂ ਨੂੰ ਸੁਤੰਤਰ ਤੌਰ ਉੱਤੇ ਭੂਮਿਕਾ ਨਿਭਾਉਣ ਲਈ ਨਾ ਜ਼ਰੂਰੀ ਹਥਿਆਰਾਂ ਨਾਲ ਲੈਸ ਕੀਤਾ ਅਤੇ ਨਾ ਢੁੱਕਵੀਂ ਸਿਖਲਾਈ ਦਿੱਤੀ। ਉਹ ਅਮਰੀਕੀ ਤੇ ਨਾਟੋ ਦੇ ਸਮਰਥਨ ਉੱਤੇ ਨਿਰਭਰ ਸਨ। ਇਸ ਅਚਾਨਕ ਵਾਪਸੀ ਨੇ ਅਫਗਾਨ ਫੌਜੀ ਦਸਤਿਆਂ ਦੇ ਹੱਥ-ਪੈਰ ਫੁਲਾ ਦਿੱਤੇ। ਠੇਕੇਦਾਰਾਂ ਦੀ ਵਾਪਸੀ ਨੇ ਅਫਗਾਨ ਹਵਾਈ ਫੌਜੀ ਦੀ ਸਮਰੱਥਾ ਉੱਤੇ ਸਵਾਲੀਆ ਨਿਸ਼ਾਨ ਲਾ ਦਿੱਤੇ, ਜੋ ਆਪਣੀਆਂ ਰੋਜ਼ਮਰਾ ਦੀਆਂ ਜ਼ਰੂਰਤਾਂ ਲਈ ਉਨ੍ਹਾਂ ਉੱਤੇ ਨਿਰਭਰ ਸੀ।

ਸੀ ਆਈ ਏ ਦੇ ਸਾਬਕਾ ਡਾਇਰੈਕਟਰ ਜਨਰਲ ਡੇਵਿਡ ਪੈਤਰੋਸ ਦਾ ਕਹਿਣਾ ਹੈ ਕਿ ਜਦ ਤੱਕ ਅਮਰੀਕਾ ਨੇ ਅਚਾਨਕ ਆਪਣਾ ਸਮਰਥਨ ਪਿੱਛੇ ਨਹੀਂ ਖਿੱਚਿਆ, ਉਦੋਂ ਤੱਕ ਅਫਗਾਨ ਫੌਜੀ ਬੜੀ ਬਹਾਦਰੀ ਨਾਲ ਲੜਦੇ ਅਤੇ ਆਪਣੀ ਸ਼ਹਾਦਤ ਦਿੰਦੇ ਰਹੇ। ਅਮਰੀਕੀ ਫੈਸਲੇ ਨੇ ਉਨ੍ਹਾਂ ਨੂੰ ਵੱਡਾ ਮਾਨਸਿਕ ਸਦਮਾ ਪਹੁੰਚਾਇਆ ਤੇ ਅਫਗਾਨ ਸੁਰੱਖਿਆ ਤੰਤਰ ਤਾਸ਼ ਦੇ ਪੱਤਿਆਂ ਵਾਂਗ ਢਹਿ-ਢੇਰੀ ਹੋ ਗਿਆ। ਬੇਸ਼ੱਕ ਤਾਲਿਬਾਨ ਦੀ ਵਾਪਸੀ ਨਾਲ ਸਭ ਤੋਂ ਵੱਧ ਨੁਕਸਾਨ ਅਮਰੀਕਾ ਨੂੰ ਪਹੁੰਚਿਆ ਹੈ। ਦੁਨੀਆ ਦੀ ਸਭ ਤੋਂ ਵੱਡੀ ਮਹਾਸ਼ਕਤੀ ਨੂੰ ਇੱਕ ਅੱਤਵਾਦੀ ਧੜੇ ਦੇ ਹੱਥੋਂ ਹਾਰ ਦਾ ਮੂੰਹ ਦੇਖਣਾ ਪਿਆ।

ਦੋ ਦਹਾਕੇ ਲੰਬੀ ਅਮਰੀਕੀ ਜੰਗ ਦਾ ਨਤੀਜਾ ਵਿਰੋਧੀ ਖੇਮੇ ਦੀ ਮੁੜ ਸੱਤਾ ਵਿੱਚ ਵਾਪਸੀ ਦੇ ਰੂਪ ਵਿੱਚ ਨਿਕਲਿਆ ਹੈ। ਅਫਗਾਨਿਸਤਾਨ ਵਿੱਚ ਅਮਰੀਕੀ ਹਾਰ ਦੇ ਨਤੀਜੇ ਭੂ-ਰਾਜਨੀਤਕ ਮੰਚ ਉੱਤੇ ਉਸ ਦੀ ਵੀਅਤਨਾਮ ਵਿੱਚ ਹੋਈ ਹਾਰ ਨਾਲੋਂ ਕਿਤੇ ਵੱਧ ਵਿਆਪਕ ਅਸਰ ਵਾਲੇ ਹਨ। ਅਮਰੀਕਾ ਨੂੰ ਖਦੇੜਨ ਵਿੱਚ ਤਾਲਿਬਾਨ ਨੂੰ ਮਿਲੀ ਸਫਲਤਾ ਨਾਲ ਸੰਸਾਰ ਪੱਧਰ ਉੱਤੇ ਜਹਾਦੀ ਮੁ-ਹਿੰਮ ਨਾਲ ਜੁੜੇ ਧੜਿਆਂ ਨੂੰ ਨਵੀਂ ਊਰਜਾ ਮਿਲੇਗੀ। ਅਫਗਾਨ ਧਰਤੀ ਉਨ੍ਹਾਂ ਦੀ ਐਸ਼ਗਾਹ ਬਣ ਸਕਦੀ ਹੈ। ਅਫਗਾਨਿਸਤਾਨ ਦੀ ਸੱਤਾ ਵਿੱਚ ਤਾਲਿਬਾਨ ਦੀ ਵਾਪਸੀ ਨੇ ਭਾਰਤ ਦੀਆਂ ਚੁਣੌਤੀਆਂ ਬਹੁਤ ਵਧਾ ਦਿੱਤੀਆਂ ਹਨ। ਖਾਸ ਤੌਰ ਉੱਤੇ ਪਾਕਿਸਤਾਨ ਦੇ ਪਹਿਲੂ ਨੂੰ ਦੇਖਦੇ ਹੋਏ, ਜੋ ਤਾਲਿਬਾਨ ਦਾ ਇਸਤੇਮਾਲ ਭਾਰਤੀ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਲਈ ਕਰ ਸਕਦਾ ਹੈ। ਵੈਸੇ ਵੀ ਅਮਰੀਕਾ ਦੀ ਉਥੋਂ ਰੁਖ਼ਸਤਗੀ ਕਾਰਨ ਭਾਰਤ ਵਿਰੁੱਧ ਚੀਨ-ਪਾਕਿਸਤਾਨ ਰਣਨੀਤਕ ਗੱਠਜੋੜ ਹੋਰ ਮਜ਼ਬੂਤ ਹੀ ਹੋਵੇਗਾ।



# ਖ਼ਬਰਾਂ ਪੰਜਾਬ ਦੀਆਂ



## ਮੁੱਖ ਮੰਤਰੀ ਦਾ ਇੱਕ ਸਲਾਹਕਾਰ ਅਤੇ ਪੰਜਾਬ ਕਾਂਗਰਸ ਪ੍ਰਧਾਨ ਦੇ ਦੋ



ਚੰਡੀਗੜ੍ਹ, 19 ਅਗਸਤ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕੱਲ੍ਹ ਅਚਾਨਕ ਆਪਣੇ ਲਈ ਦੋ ਮੀਡੀਆ ਸਲਾਹਕਾਰਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ।

ਇਸ ਸਬੰਧ ਵਿੱਚ ਨਵਜੋਤ ਸਿੰਘ ਸਿੱਧੂ ਨੇ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਹੈ। ਨਿਯੁਕਤ ਕੀਤੇ ਗਏ ਦੋਵੇਂ ਮੀਡੀਆ ਸਲਾਹਕਾਰਾਂ ਦੇ ਨਾਂਅ ਜਗਤਾਰ ਸਿੰਘ ਸਿੱਧੂ ਤੇ ਸੁਰਿੰਦਰ ਡੱਲਾ ਹਨ। ਦੋਵੇਂ ਪੱਤਰਕਾਰੀ ਨਾਲ ਸਬੰਧ ਰੱਖਦੇ ਹਨ। ਸਿੱਧੂ ਦੇ ਇਸ ਫ਼ੈਸਲੇ ਤੋਂ ਬਾਅਦ ਸੂਬੇ ਵਿੱਚ ਕਾਂਗਰਸ ਸਰਕਾਰ ਚਲਾ ਰਹੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਜਿੱਥੇ ਇੱਕ ਮੀਡੀਆ ਸਲਾਹਕਾਰ ਹੈ, ਉਥੇ ਪੰਜਾਬ ਕਾਂਗਰਸ ਦੇ ਪ੍ਰਧਾਨ ਦੇ ਦੋ ਮੀਡੀਆ ਸਲਾਹਕਾਰ ਹੋਣਗੇ। ਵਰਨਣ ਯੋਗ ਹੈ ਕਿ ਪਿਛਲੇ ਹਫ਼ਤੇ ਕੈਪਟਨ ਅਮਰਿੰਦਰ ਸਿੰਘ ਅਤੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਵਿਚਾਲੇ ਦਿੱਲੀ ਵਿੱਚ ਹੋਈ ਬੈਠਕ ਤੇ ਕੈਪਟਨ ਨੂੰ ਆਪਣੇ ਮੰਤਰੀ ਮੰਡਲ ਵਿੱਚਵਾਧੇ ਦੀ ਮਿਲੀ ਹਰੀ ਝੰਡੀ ਤੋਂ ਬਾਅਦ ਸਿੱਧੂ ਨੇ ਸੂਬਾ ਕਾਂਗਰਸ ਵਿੱਚ ਤੇਜ਼ੀ ਨਾਲ ਸਰਗਰਮੀ ਵਧਾ ਦਿੱਤੀ ਅਤੇ ਚਾਰ ਸਲਹਾਕਾਰਾਂ ਮਗਰੋਂ ਇੱਕ ਜਨਰਲ ਸਕੱਤਰ ਅਤੇ ਦੋ ਮੀਡੀਆ ਸਲਾਹਕਾਰ ਲਾ ਕੇ ਆਪਣੇ ਲਈ ਸਲਾਹਕਾਰਾਂ ਦੀ ਫ਼ੌਜ ਤਿਆਰ ਕਰ ਲਈ ਹੈ। ਕੈਪਟਨ ਅਮਰਿੰਦਰ ਸਿੰਘ ਦੇ ਦਿੱਲੀ ਵੱਲੋਂ ਪਰਤਣ ਤੋਂ ਪਹਿਲਾਂ ਸਿੱਧੂ ਨੇ ਚਾਰ ਸਲਾਹਕਾਰਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਅਤੇ ਕੈਪਟਨ ਦੇ ਚੰਡੀਗੜ੍ਹ ਪਰਤਦੇ ਹੀ ਕਾਂਗਰਸ ਵਿਧਾਇਕਾਂ ਦੀ ਬੈਠਕ ਬੁਲਾਈ, ਜਿਸ ਵਿੱਚਮੁੱਖ ਮੰਤਰੀ ਦਫਤਰ ਦੇ ਰਾਹੀਂ ਪਟਿਆਲਾ ਤੋਂ ਵਿਧਾਇਕ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਆਉਣ ਲਈ ਸੱਦਾ ਦਿੱਤਾ ਗਿਆ। ਕੈਪਟਨ ਅਮਰਿੰਦਰ ਸਿੰਘ ਨਹੀਂ ਸਨ ਪੁੱਜੇ।

## ਜਨਮ ਦਿਨ ਪਾਰਟੀ ਵਿੱਚ ਦੋ ਨੌਜਵਾਨਾਂ ਦੀ ਗੋਲੀਆਂ ਮਾਰ ਕੇ ਹੱਤਿਆ

ਅੰਮ੍ਰਿਤਸਰ, 19 ਅਗਸਤ (ਪੋਸਟ ਬਿਊਰੋ)- ਮਜੀਠਾ ਰੋਡ ਉੱਤੇ ਇੱਕ ਨਿੱਜੀ ਰੈਸਟੋਰੈਂਟ ਵਿੱਚ ਜਨਮ ਦਿਨ ਦੀ ਪਾਰਟੀ ਵਿੱਚ ਆਏ ਦੋ ਨੌਜਵਾਨਾਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਇਸ ਦਾ ਪਤਾ ਲੱਗਦਿਆਂਸਾਰ ਡੀ ਸੀ ਪੀ ਮੁਖਵਿੰਦਰ ਸਿੰਘ ਭੁੱਲਰ ਤੇ ਹੋਰ ਅਧਿਕਾਰੀਮੌਕੇ 'ਤੇ ਪਹੁੰਚੇ। ਮ੍ਰਿਤਕਾਂ ਦੀ ਪਛਾਣ ਮਨੀ ਸੁਨਿਆਰਾ (35) ਵਾਸੀ ਗੁਰੂ ਗੋਬਿੰਦ ਸਿੰਘ ਨਗਰ ਤਰਨ-ਤਾਰਨ ਰੋਡ ਤੇ ਵਿਕਰਮ ਸਿੰਘ ਵਾਸੀ ਸੁਦਰਸ਼ਨ ਨਗਰ 100 ਫੁੱਟੀ ਰੋਡ ਅੰਮ੍ਰਿਤਸਰ ਵਜੋਂ ਦੱਸੀ ਗਈ ਹੈ, ਜੋ ਕਿ ਸੋਨੇ ਦੇ ਕਾਰੋਬਾਰੀ ਸਨ।



ਮਿਲੀ ਜਾਣਕਾਰੀ ਮੁਤਾਬਕ ਤਰੁਣਪ੍ਰੀਤ ਸਿੰਘ ਨਾਮਕ ਨੌਜਵਾਨ ਦੇ ਜਨਮ ਦਿਨ ਦੀ ਪਾਰਟੀ ਦੌਰਾਨ ਕੇਕ ਲਾਉਣ ਤੋਂ ਧੱਕਾ-ਮੁੱਕੀ ਹੋ ਗਈ। ਫਿਰ ਮਨੀ ਸੁਨਿਆਰਾ ਤੇ ਵਿਕਰਮ (ਦੋਵੇਂ ਦੋਸਤ) ਰੈਸਟੋਰੈਂਟ ਤੋਂ ਬਾਹਰ ਆ ਗਏ। ਇੰਨੇ ਨੂੰ ਇੱਕ ਨੌਜਵਾਨ ਨੇ ਉਨ੍ਹਾਂ ਦੋਹਾਂ ਉੱਤੇ ਗੋਲੀਆਂ ਚਲਾ ਦਿੱਤੀਆਂ। ਮਨੀ ਦੇ ਸਿਰ ਨੇੜੇ ਗੋਲੀ ਲੱਗਣ ਨਾਲ ਉਸ ਦੀ ਮੌਕੇ ਉੱਤੇਮੌਤ ਹੋ ਗਈ ਅਤੇ ਵਿਕਰਮ ਨੂੰ ਨੇੜੇ ਦੇ ਇੱਕ ਨਿੱਜੀ ਹਸਪਤਾਲਲਿਜ-ਾਇਆ ਗਿਆ, ਪਰ ਉਸਦੀ ਵੀ ਜਾਨ ਨਹੀਂ ਬਚ ਸਕੀ। ਪੁਲਸ ਵੱਲੋਂ 4-5 ਨੌਜਵਾਨਾਂ ਨੂੰ ਸ਼ੱਕ ਦੇ ਆਧਾਰ ਉੱਤੇ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

## ਟਾਇਰ ਕਾਰੋਬਾਰੀ ਤੋਂ ਲੁਟੇਰਿਆਂ ਨੇ ਪਿਸਤੌਲ ਦਿਖਾ ਕੇ 4.50 ਲੱਖ ਰੁਪਏ ਲੁੱਟੇ



ਫਿਰੋਜ਼ਪੁਰ, 19 ਅਗਸਤ (ਪੋਸਟ ਬਿਊਰੋ)- ਕੱਲ੍ਹ ਸ਼ਾਮ ਫਿਰੋਜ਼ਪੁਰਛਾਉਣੀ ਦੇ ਰੇਲਵੇ ਰੋਡ ਉੱਤੇ ਲੁਧਿਆਣੇ ਦੇ ਇੱਕ ਵਪਾਰੀ ਨਾਲ ਸਾਢੇ ਚਾਰ ਲੱਖ ਰੁਪਏ ਦੀ ਲੁੱਟ ਹੋ ਗਈ। ਇਹ ਵਪਾਰੀ ਫਿਰੋਜ਼ਪੁਰ ਵਿੱਚ ਆਪਣਾ ਕੰਮ ਮੁਕਾ ਕੇ ਛਾਉਣੀ ਬੱਸ ਸਟੈਂਡ ਤੋਂ ਲੁਧਿਆਣੇ ਵਾਪਸੀ ਲਈ ਆਟੋ ਵਿੱਚ ਜਾ ਰਿਹਾ ਸੀ ਕਿ ਇਸੇ ਦੌਰਾਨ ਪਿੱਛੋਂ ਬਾਈਕ ਉੱਤੇ ਆਏ ਤਿੰਨ ਅਣਪਛਾਤੇ ਲੁਟੇਰਿਆਂ ਨੇ ਪਿਸਤੌਲ ਦੀ ਨੋਕ ਉੱਤੇ ਆਟੋ ਨੂੰ ਰੁਕਵਾਇਆ ਅਤੇ ਉਸ ਵਿੱਚ ਬੈਠੇ ਵਪਾਰੀ ਕੋਲੋਂ 4.50 ਲੱਖ ਨਾਲ ਭਰੀ ਅਟੈਚੀ ਖੋਹ ਕੇ ਫਰਾਰ ਹੋ ਗਏ।

ਲੁਧਿਆਣਾ ਦੇ ਸ਼ਹਿਜ਼ਾਦਾ ਨਗਰ ਮੁਹੱਲਾ ਦੇ ਵਾਸੀ ਕਿਸ਼ੋਰ ਕੁਮਾਰ ਪੁੱਤਰ ਕਰਮਚੰਦ ਨੇ ਦੱਸਿਆ ਕਿ ਉਹ ਪੁਰਾਣੇ ਅਤੇ ਨਵੇਂ ਟਾਇਰਾਂ ਦੀ ਖਰੀਦ-ਵੇਚ ਦਾ ਵਪਾਰ ਕਰਦਾ ਹੈ। ਕੰਮ ਦੇ ਸਿਲਸਿਲੇ ਵਿੱਚ ਉਹ ਕੱਲ੍ਹ ਫਿਰੋਜ਼ਪੁਰ ਆਇਆ ਸੀ। ਸ਼ਾਮ ਨੂੰ ਪੇਮੈਂਟ ਲੈ ਕੇ ਕਰੀਬ ਸਾਢੇ ਚਾਰ ਵਜੇ ਸ਼ਹਿਰ ਤੋਂ ਆਟੋ ਵਿੱਚ ਛਾਉਣੀ ਬੱਸ ਸਟੈਂਡ ਜਾ ਰਿਹਾ ਸੀ। ਰੇਲਵੇ ਰੋਡ ਉੱਤੇ ਡੀ ਆਰ ਐਮ ਦਫਤਰ ਤੋਂ ਥੋੜ੍ਹਾ ਅੱਗੇ ਭਾਰਤੀ ਮਿੱਤਲ ਚੌਕ ਨੇੜੇ ਬਾਈਕ ਉੱਤੇ ਤਿੰਨ ਅਣਪਛਾਤੇ ਲੁਟੇਰਿਆਂ ਨੇ ਪਿਸਤੌਲ ਦੀ ਨੋਕ ਉੱਤੇ ਆਟੋ ਰੁਕਵਾਇਆ। ਆਟੋ ਚਾਲਕ ਨੇ ਜਦੋਂ ਆਟੋ ਹੌਲੀ ਕੀਤਾ ਤਾਂ ਲੁਟੇਰਿਆਂ ਨੇ ਉਸ ਦਾ ਅਟੈਚੀ ਖੋਹਣ ਦੀ ਕੋਸ਼ਿਸ਼ ਕੀਤੀ। ਉਸ ਨੇ ਵਿਰੋਧ ਕੀਤਾ ਤਾਂ ਲੁਟੇਰਿਆਂ ਨੇ ਪਿਸਤੌਲ ਦਿਖਾਈ। ਇਸ ਦੌਰਾਨ ਅਟੈਚੀ ਦਾ ਹੈਂਡਲ ਟੁੱਟ ਜਾਣ ਕਾਰਨ ਉਸ ਦੇ ਹੱਥ ਵਿੱਚ ਕੁਝ ਸੱਟ ਲੱਗੀ, ਪਰ ਉਕਤ ਲੁਟੇਰੇ ਅਟੈਚੀ ਖੋਹ ਕੇ ਲੈ ਗਏ। ਇਸ ਦੇ ਬਾਅਦ ਉਹ ਆਟੋ ਵਿੱਚੋਂ ਉਤਰ ਗਿਆ ਅਤੇ ਉਸ ਨੇ ਇੱਕ ਬਾਈਕ ਸਵਾਰ ਤੋਂ ਲਿਫਟ ਲੈ ਕੇ ਲੁਟੇਰਿਆਂ ਦਾ ਪਿੱਛਾ ਕੀਤਾ, ਪਰ ਲੁਟੇਰੇ ਰਫੂਚੱਕਰ ਹੋ ਗਏ। ਇਸ ਦੇ ਬਾਅਦ ਉਸ ਨੇ ਪੁਲਸ ਕੰਟਰੋਲ ਰੂਮ ਉੱਤੇ ਸੂਚਨਾ ਦਿੱਤੀ। ਸੂਚਨਾ ਮਿਲਣ ਉੱਤੇ ਪਹੁੰਚੇ ਥਾਣਾ ਕੈਂਟ ਐਸ ਐਚ ਓ ਨੇ ਪੀੜਤ ਤੋਂ ਮਾਮਲੇ ਦੇ ਬਾਰੇ ਵਿੱਚ ਜਾਣਕਾਰੀ ਹਾਸਲ ਕੀਤੀ।

## ਡਿਊਟੀ ਦੌਰਾਨ ਗੋਲੀ ਲੱਗਣ ਨਾਲ ਫ਼ੌਜੀ ਦੀ ਮੌਤ

ਕਾਦੀਆਂ, 19 ਅਗਸਤ (ਪੋਸਟ ਬਿਊਰੋ)- ਪਿੰਡ ਕੀੜੀ ਅਫ਼ਗਾਨਾ ਦੇ ਫ਼ੌਜੀ ਦੀ ਜੰਮੂ ਕਸ਼ਮੀਰ ਵਿਖੇ ਗੋਲੀ ਲੱਗਣ ਦੇ ਨਾਲ ਮੌਤ ਹੋਣ ਦਾ ਦੁਖਦਾਈ ਸਮਾਚਾਰ ਮਿਲਿਆ ਹੈ। ਮਿਲੀ ਜਾਣਕਾਰੀ ਅਨੁਸਾਰ ਗੁਰਵਿੰਦਰ ਸਿੰਘ (21) ਪੁੱਤਰ ਭਜਨ ਸਿੰਘ ਪਿੰਡ ਕੀੜੀ ਅਫ਼ਗਾਨਾ ਪਿਛਲੇ ਡੇਢ ਸਾਲ ਤੋਂ ਜੰਮੂ ਕਸ਼ਮੀਰ ਵਿਖੇ ਦੇਸ਼ ਦੀ ਸੇਵਾ ਕਰ ਰਿਹਾ ਸੀ। ਉਸ ਦੇ ਅਚਾਨਕ ਡਿਊਟੀ ਦੌਰਾਨ ਗੋਲੀ ਲੱਗ ਗਈ, ਜਿਸ ਨਾਲ ਉਸ ਦੀ ਮੌਤ ਹੋ ਗਈ। ਫ਼ੌਜੀ ਗੁਰਵਿੰਦਰ ਸਿੰਘ ਦੀ ਮ੍ਰਿਤਕ ਦੇਹ ਕੱਲ੍ਹ ਪਿੰਡ ਕੀੜੀ ਅਫ਼ਗਾਨਾ ਵਿਖੇ ਪਹੁੰਚੀ, ਜਿੱਥੇ ਸਰਕਾਰੀ ਸਨਮਾਨਾਂ ਨਾਲ ਉਸਦਾ ਅੰਤਿਮ ਸੰਸਕਾਰ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਜੰਮੂ ਕਸ਼ਮੀਰ ਤੋਂ ਆਏ ਡਿਊਟੀ ਅਫ਼ਸਰਾਂ ਅਤੇ ਫ਼ੌਜੀਆਂ ਨੇ ਗੁਰਵਿੰਦਰ ਸਿੰਘ ਨੂੰ ਸਲਾਮੀ ਦਿੱਤੀ ਅਤੇ ਨਾਲ ਹੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।

## ਪਾਕਿਸਤਾਨ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਤੋੜਨ ਦੀ ਬੀਬੀ ਜਗੀਰ ਕੌਰ ਨੇ ਕੀਤੀ ਸਖ਼ਤ ਨਿੰਦਾ

ਅੰਮ੍ਰਿਤਸਰ, 19 ਅਗਸਤ (ਗਿਆਨ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਲਾਹੌਰ (ਪਾਕਿਸਤਾਨ) ਵਿਚ ਸ਼ਾਹੀ ਕਿਲ੍ਹੇ ਵਿਚਲੀ ਸਿੱਖ ਗੈਲਰੀ ਦੇ ਬਾਹਰ ਸਥਾਪਤ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਤੋੜਨ ਦੀ ਸ਼ਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਦਫ਼ਤਰ ਤੋਂ ਜਾਰੀ ਬਿਆਨ ਵਿਚ ਬੀਬੀ ਜਗੀਰ ਕੌਰ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਅਜਿਹਾ ਸਿੱਖ ਰਾਜਾ ਸੀ ਜਿਸ ਦੇ ਰਾਜ ਵਿਚ ਸਭ ਨੂੰ ਬਰਾਬਰ ਹੱਕ ਸਨ ਅਤੇ ਕਿਸੇ ਨਾਲ ਵੀ ਵਿਤਕਰਾ ਨਹੀਂ ਕੀਤਾ ਜਾਂਦਾ ਸੀ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਗੁਰੂ ਸਾਹਿਬਾਨਾਂ ਦੇ ਮੂਲ ਸਿਧਾਂਤਾਂ ਦੇ ਅਧਾਰਿਤ ਸੀ, ਜਿਸ ਵਿਚ ਸਮਾਜਿਕ ਸਮਾਨਤਾ ਤੇ ਸਭ ਨੂੰ ਧਾਰਮਿਕ ਅਜ਼ਾਦੀ ਸੀ। ਉਨ੍ਹਾਂ ਦੇ ਦਰਬਾਰ ਵਿਚ ਸਿੱਖਾਂ ਤੋਂ ਇਲਾਵਾ ਹੋਰਨਾਂ ਧਰਮਾਂ ਦੇ ਅਧਿਕਾਰੀ ਵੀ ਤੈਨਾਤ ਸਨ। ਬੀਬੀ ਜਗੀਰ ਕੌਰ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਜਿਥੇ ਗੁਰਦੁਆਰਾ ਸਾਹਿਬਾਨ ਦੇ ਨਾਮ ਜਗੀਰਾਂ ਲਗਾਈਆਂ, ਉਥੇ ਧਰਮ ਨਿਰਪੱਖਤਾ ਦੀ ਮਿਸਾਲ ਪੈਦਾ ਕਰਦਿਆਂ ਦੂਸਰੇ ਧਰਮਾਂ ਦਾ ਵੀ ਵੱਡਾ ਸਤਿਕਾਰ ਕੀਤਾ ਅਤੇ ਲੋੜ ਅਨੁਸਾਰ ਕਾਰਜ ਕਰਵਾਏ।



ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦਾ ਨਾਮ ਦੁਨੀਆਂ ਦੇ ਚੋਣਵੇਂ ਸ਼ਾਸਕਾਂ ਵਿਚ ਸ਼ੁਮਾਰ ਹੈ ਜਿਨ੍ਹਾਂ ਨੇ ਮਨੁੱਖਤਾ ਦੀ ਭਲਾਈ ਲਈ ਵੱਡੇ ਕਾਰਜ ਕੀਤੇ। ਉਨ੍ਹਾਂ ਕਿਹਾ ਕਿ ਵਿਸ਼ਵ ਮਾਨਤਾ ਵਾਲੇ ਸਿੱਖ ਸ਼ਾਸਕ ਦਾ ਬੁੱਤ ਤੋੜ ਕੇ ਨਫਰਤ ਦਾ ਪ੍ਰਗਟਾਵਾ ਕਰਨਾ ਮਨੁੱਖੀ ਸਰੋਕਾਰਾਂ ਦੇ ਵਿਰੁੱਧ ਕਾਰਵਾਈ ਹੈ। ਉਨ੍ਹਾਂ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਨਿਰਾਦਰੀ ਕਰਨ ਵਾਲੇ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਅੱਗੋਂ ਅਜਿਹੀ ਕੋਈ ਘਿਨਾਉਣੀ ਹਰਕਤ ਨਾ ਕਰੇ।

## ਜਗਮੀਤ ਸਿੰਘ ਬਰਾੜ ਅਗਲੀ ਅਸੈਂਬਲੀ ਚੋਣ ਲਈ ਮੌੜ ਮੰਡੀ ਹਲਕੇ ਤੋਂ ਸਿਆਸੀ ਮਸ਼ਕਾਂ ਕਰਨ ਲੱਗੇ

ਮਾਨਸਾ, 19 ਅਗਸਤ (ਪੋਸਟ ਬਿਊਰੋ)- ਸਾਬਕਾ ਪਾਰਲੀਮੈਂਟ ਮੈਂਬਰ ਜਗਮੀਤ ਸਿੰਘ ਬਰਾੜ ਲੋਕ ਸਭਾ ਹਲਕਾ ਬਠਿੰਡਾ ਵਿਚਲੇ ਵਿਧਾਨ ਸਭਾ ਹਲਕਾ ਮੌੜ ਮੰਡੀ ਤੋਂ ਸਿਆਸੀ ਮਸ਼ਕਾਂ ਕਰਨ ਲੱਗੇ ਸੁਣੀਂਦੇ ਹਨ।ਉਨ੍ਹਾਂ ਨੇ ਪਿਛਲੇ ਦਿਨਾਂ ਦੌਰਾਨ ਸ਼ਹਿਰ ਤੋਂ ਇਲਾਵਾ ਹਲਕੇ ਦੇ ਤਿੰਨ ਪਿੰਡਾਂ ਵਿੱਚ ਮੀਟਿੰਗਾਂ ਵੀ ਕੀਤੀਆਂ ਹਨ, ਜਦਕਿ ਉਨ੍ਹਾਂ ਦੇ ਨੇੜਲੇ ਵਿਅਕਤੀ ਹਲਕੇ ਦੇ ਪਿੰਡਾਂ ਵਿੱਚ ਮੁਹਿੰਮ ਚਲਾਉਣ ਵਾਂਗ ਅਗੇਤੇ ਹੀ ਵਿਚਰਨ ਲੱਗ ਪਏ ਹਨ।

ਜਾਣਕਾਰ ਸੂਤਰਾਂ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਉਨ੍ਹਾਂ ਨੂੰ ਇਸ ਹਲਕੇ ਲਈ ਇੰਚਾਰਜ ਐਲਾਨ ਕਰ ਕੇ 2022 ਦੀਆਂ ਚੋਣਾਂ ਲਈ ਸਰਗਰਮੀਆਂ ਸ਼ੁਰੂ ਕਰਨ ਦੀ ਹਰੀ ਝੰਡੀ ਦੇ ਸਕਦੇ ਹਨ। ਵਰਨਣ ਯੋਗ ਹੈ ਕਿ ਨਵੀਂ ਹਲਕਾ ਬੰਦੀ ਪਿੱਛੋਂ ਪਹਿਲੀ ਵਾਰ ਇਸ ਹਲਕੇ ਤੋਂ 2012 ਵਿੱਚ ਅਕਾਲੀ ਦਲ ਦੇ ਜਨਮੇਜਾ ਸਿੰਘ ਸੇਖੋਂ ਚੋਣ ਜਿੱਤੇ ਸਨ ਅਤੇ ਸਿੰਚਾਈ ਮੰਤਰੀ ਹੁੰਦਿਆਂ ਉਨ੍ਹਾਂ ਨੇ ਚੋਖੇ ਕੰਮ ਕੀਤੇ ਸਨ, ਪਰ ਉਹ 2017 ਦੀਆਂ ਚੋਣਾਂ ਵਿੱਚਆਮ ਆਦਮੀ ਪਾਰਟੀ ਦੇ ਜਗਦੇਵ ਸਿੰਘ ਕਮਾਲੂ ਤੋਂ ਹਾਰ ਗਏ ਸਨ। ਫਿਰ ਉਹ ਆਪਣੇ ਜ਼ਿਲ੍ਹੇ ਫ਼ਿਰੋਜ਼ਪੁਰ ਨੂੰ ਮੁੜ ਗਏ। ਇਸ ਹਲਕੇ ਉੱਤੇ ਪਿਛਲੇ ਕੁਝ ਮਹੀਨਿਆਂ ਤੋਂ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾਵੀ ਸਰਗਰਮੀਆਂ ਕਰ ਰਹੇ ਹਨ ਅਤੇ ਮਾਨਸਾ ਹਲਕੇ ਦੇ ਇੰਚਾਰਜ ਜਗਦੀਪ ਸਿੰਘ ਨਕੱਈ ਵੀ ਏਥੋਂ ਹੀ ਚੋਣ ਲੜਨਾ ਚਾਹੁੰਦੇ ਹਨ। ਉਹ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਬਠਿੰਡਾ ਦੇ ਦਿਹਾਤੀ ਪ੍ਰਧਾਨ ਹਨ, ਪਰ ਜਗਮੀਤ ਸਿੰਘ ਬਰਾੜ ਨੂੰ ਅਕਾਲੀ ਦਲ ਵੱਲੋਂ ਹਲਕਾ ਇੰਚਾਰਜ ਬਣਾਉਣ ਦੀਆਂ ਕਨਸੋਆਂ ਦੇ ਕਾਰਨ ਇਹ ਆਗੂ ਵੀ ਉਲਝਣ ਵਿੱਚ ਹਨ। ਜਗਮੀਤ ਸਿੰਘ ਬਰਾੜ ਦੇ ਨੇੜਲਿਆਂ ਨੇ ਇਸ ਦੀ ਪੁਸ਼ਟੀ ਕੀਤੀ ਹੈ ਕਿ ਉਹ ਮੌੜ ਮੰਡੀ ਤੋਂ ਚੋਣ ਲੜਨਗੇ। ਇਸ ਵਾਰ ਕਾਂਗਰਸ ਵੱਲੋਂ ਇਸ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਬਾਗ਼ੀ ਵਿਧਾਇਕ ਜਗਦੇਵ ਸਿੰਘ ਕਮਾਲੂ, ਜਿਹੜੇ ਪਿਛਲੇ ਦਿਨੀਂ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿੱਚ ਕਾਂਗਰਸ ਵਿੱਚ ਸ਼ਾਮਲ ਹੋਏ ਹਨ, ਨੂੰ ਚੋਣ ਮੈਦਾਨ ਵਿੱਚ ਉਤਾਰਿਆ ਜਾ ਸਕਦਾ ਹੈ। ਇਸੇ ਕਰ ਕੇ ਮਾਨਸਾ ਜ਼ਿਲ੍ਹਾ ਕਾਂਗਰਸ ਦੀ ਸਾਬਕਾ ਪ੍ਰਧਾਨ ਡਾ. ਮਨੋਜ ਬਾਲਾ ਬਾਂਸਲ, ਜੋ ਮੌੜ ਮੰਡੀ ਵਿੱਚ ਹਲਕਾ ਇੰਚਾਰਜ ਵਜੋਂ ਕੰਮ ਕਰਦੇ ਰਹੇ ਹਨ, ਨੇ ਆਪਣੀਆਂ ਰੁਖ ਫਿਰ ਮਾਨਸਾ ਨੂੰ ਮੋੜ ਲਿਆ ਹਨ। ਡਾ. ਬਾਲਾ 2017 ਵਿੱਚ ਮਾਨਸਾ ਹਲਕੇ ਤੋਂ ਕਾਂਗਰਸ ਉਮੀਦਵਾਰ ਸਨ।



## ਪ੍ਰਵਾਸੀ ਪੰਜਾਬੀ ਦੀ ਜ਼ਮੀਨ ਦਾ ਝੂਠਾ ਮਾਲਕ ਬਣ ਕੇ ਦੋ ਰਜਿਸਟਰੀਆਂ ਕਰਵਾ ਲਈਆਂ

*** ਵਸੀਕਾ, ਨੰਬਰਦਾਰ ਤੇ ਪਟਵਾਰੀ ਸਮੇਤ ਛੇ ਜਣਿਆਂ ਉੱਤੇ ਕੇਸ ਦਰਜ**

ਨਕੋਦਰ, 19 ਅਗਸਤ (ਪੋਸਟ ਬਿਊਰੋ)- ਨਕੋਦਰ ਤਹਿਸੀਲ ਵਿੱਚ ਲੱਖਾਂ ਰੁਪਏ ਦੀਆਂ ਜ਼ਮੀਨਾਂ ਦਾ ਇੱਕ ਵੱਡਾ ਸਕੈਂਡਲ ਬੇਪਰਦ ਹੋਇਆ ਹੈ। ਇਸ ਬਾਰੇ ਡੀ ਐਸ ਪੀ ਕ੍ਰਾਈਮ ਅਗੇਂਸਟ ਪ੍ਰਾਪਰਟੀ ਸੁਰਿੰਦਰਪਾਲ ਸਿੰਘ ਨੇ ਉਕਤ ਮਾਮਲੇ ਵਿੱਚ ਸ਼ਾਮਲ ਫਰਜ਼ੀ ਜ਼ਮੀਨ ਖਰੀਦਣ ਅਤੇ ਵੇਚਣ ਵਾਲੇ ਨਾਲ ਨਕੋਦਰ ਦੇ ਇੱਕ ਵਸੀਕਾ ਨਵੀਸ, ਨੰਬਰਦਾਰ ਅਤੇ ਪਟਵਾਰੀ ਸਮੇਤ ਛੇ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕਰਵ-ਾਇਆ ਹੈ।

ਸ਼ਿੰਦਰਪਾਲ ਪੁੱਤਰ ਦਾਰਾ ਸਿੰਘ ਵਾਸੀ ਗੋਲਡਨ ਐਵੀਨਿਊ ਫੇਸ-2 ਜਲੰਧਰ ਨੇ ਐਸ ਐਸ ਪੀ ਜਲੰਧਰ ਦਿਹਾਤੀ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸਦਾ ਭਰਾ ਬਲਵਿੰਦਰ ਲੰਬੇ ਸਮੇਂ ਤੋਂ ਵਿਦੇਸ਼ ਵਿੱਚ ਹੈ ਅਤੇ ਪਿੰਡ ਮੀਰਪੁਰ ਅਤੇ ਨਕੋਦਰ ਵਿਖੇ ਉਸ ਦੀ ਕੀਮਤੀ ਜ਼ਮੀਨ ਦੀਆਂ ਦੋ ਰਜਿਸਟਰੀਆਂ ਗ਼ੈਰ-ਕਾਨੂੰਨੀ ਢੰਗ ਨਾਲ ਫਰਜ਼ੀ ਵਿਅਕਤੀ ਖੜ੍ਹਾ ਕਰ ਕੇ ਕੁਝ ਲੋਕਾਂ ਨੇ ਕਰਵਾ ਲਈਆਂ ਹਨ। ਸੱਚਾਈ ਇਹ ਹੈ ਕਿ ਉਸ ਦੇ ਵਿਦੇਸ਼ ਰਹਿੰਦੇ ਭਰਾ ਬਲਵਿੰਦਰ ਨੂੰ ਖ਼ੁਦ ਇਸ ਦਾ ਪਤਾ ਨਹੀਂ ਕਿ ਉਸ ਦੀ ਜ਼ਮੀਨ ਦਾ ਸੌਦਾ ਕਦੋਂ ਤੇ ਕਿਨ੍ਹਾਂ ਲੋਕਾਂ ਨੇ ਆਪੋ ਵਿੱਚ ਸਾਜ਼ਿਸ਼ ਰਚ ਕੇ ਕੀਤਾ ਹੈ, ਜਦ ਕਿ ਉਕਤ ਜ਼ਮੀਨ ਦੀ ਪਾਵਰ ਆਫ ਅਟਾਰਨੀ ਮੇਰੇ ਕੋਲ ਹੈ। ਉਸ ਨੇ ਦੱਸਿਆ ਕਿ ਇਸ ਸਕੈਂਡਲ ਵਿੱਚ ਸ਼ਾਮਲ ਲੋਕਾਂ ਨੇ ਉਸ ਦੇ ਭਰਾ ਬਲਵਿੰਦਰ ਦੀ ਜਾਇਦਾਦ ਧੋਖੇ ਨਾਲ ਗੁਰਪਿਆਰ ਸਿੰਘ ਪੁੱਤਰ ਅਲਬੇਲ ਸਿੰਘ ਪੁੱਤਰ ਬੂੜ ਸਿੰਘ ਵਾਸੀ ਕੋਟ ਈਸੇ ਖਾ ਤਹਿਸੀਲ ਜ਼ਿਲ੍ਹਾ ਮੋਗਾ ਨੂੰ ਇਸ ਦੀਆਂ ਦੋ ਵੱਖ-ਵੱਖ ਰਜਿਸਟਰੀ ਕਰਵਾ ਕੇਵੇਚ ਦਿੱਤੀ ਹੈ।

ਇਸ ਸਕੈਂਡਲ ਦੀ ਜਾਂਚ ਐਸ ਐਸ ਪੀ ਜਲੰਧਰ ਦਿਹਾਤੀ ਨੇ ਸੁਰਿੰ-ਦਰਪਾਲ ਸਿੰਘ ਨੂੰ ਸੌਂਪੀ, ਜਿਨ੍ਹਾਂ ਦੇ ਜਾਂਚ ਕਰਨ ਪਿੱਛੋਂ ਡੀ ਏ ਲੀਗਲ ਦੀ ਸਲਾਹ ਪਿੱਛੋਂ ਐਸ ਐਸ ਪੀ ਜਲੰਧਰ ਦਿਹਾਤੀ ਨੇ ਸਕੈਂਡਲ ਵਿੱਚ ਸ਼ਾਮਲ ਛੇ ਲੋਕਾਂ, ਬਲਵਿੰਦਰ ਸਿੰਘ (ਫਰਜ਼ੀ), (ਖਰੀਦਦਾਰ) ਗੁਰਪਿਆਰ ਸਿੰਘ ਪੁੱਤਰ ਅਲਬੇਲ ਸਿੰਘ ਪੁੱਤਰ ਬੂੜ ਸਿੰਘ ਵਾਸੀ ਕੋਟ ਈਸੇ ਖਾਂ ਤਸੀਲ ਜ਼ਿਲ੍ਹਾ ਮੋਗਾ, (ਗਵਾਹ) ਜਗਦੇਵ ਸਿੰਘ ਪੁੱਤਰ ਹਰੀ ਸਿੰਘ ਵਾਸੀ ਟਾਵਰ ਐਨਕਲੇਵ ਜਲੰਧਰ, ਨੰਬਰਦਾਰ ਬ੍ਰਿਜ ਮੋਹਨ, ਮਨਜੀਤ ਕੁਮਾਰ (ਵਸੀਕਾ ਨਵੀਸ) ਤੇ ਪਟਵਾਰੀ ਸੁਖਵੰਤ ਸਿੰਘ ਖ਼ਿਲਾਫ਼ ਥਾਣਾ ਸਿਟੀ ਪੁਲਸ ਨੇਕੇਸ ਦਰਜ ਕਰ ਲਿਆ ਹੈ, ਪਰ ਅਜੇ ਤਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਕੀਤੀ ਗਈ। ਇਸ ਬਾਰੇ ਇੱਕ ਵੱਡੇ ਪੁਲਸ ਅਧਿਕਾਰੀ ਨੇ ਕਿਹਾ ਕਿ ਇਸ ਦੀ ਹਰ ਪੱਖੋਂ ਜਾਂਚ ਹੋ ਰਹੀ ਹੈ ਅਤੇ ਇਸ ਸਕੈਂਡਲ ਵਿੱਚ ਸ਼ਾਮਲ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

## ਤਾਮਿਲਨਾਡੂ ਤੋਂ ਮਨਾਲੀ ਤਕ ਯਾਤਰਾ ਵਾਲੀ ਗੱਡੀ ਉਤੇ ਮੋਦੀ ਦੀ ਫੋਟੋ ਦੇਖ ਕੇ ਕਿਸਾਨਾਂ ਨੇ ਪੋਸਟਰ ਪਾੜੇ

ਰੋਪੜ, 19 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਕਿਸਾਨਾਂ ਦਾ ਗੁੱਸਾ ਵਧੀ ਜਾ ਰਿਹਾ ਹੈ। ਕਿਤੇ ਵੀ ਭਾਜਪਾ ਵੱਲੋਂ ਕਰਵਾਏ ਜਾ ਰਹੇ ਕਿਸੇ ਪ੍ਰੋਗਰਾਮ ਦੀ ਭਿਣਕ ਲੱਗਦੇ ਸਾਰ ਉਹ ਵਿਰੋਧ ਕਰਨ ਪਹੁੰਚ ਜਾਂਦੇ ਹਨ। ਅਜਿਹਾ ਇੱਕ ਮਾਮਲਾ ਬੀਤੀ ਰਾਤ ਰੋਪੜ ਵਿੱਚ ਦੇਖਣ ਨੂੰ ਮਿ-ਲਿਆ।

ਕੱਲ੍ਹ ਰਾਤ ਕਰੀਬ ਸਾਢੇ ਦਸ ਵਜੇ ਤਾਮਿਲਨਾਡੂ ਤੋਂ ਹਿਮਾਚਲ ਦੀ ਯਾਤਰਾ ਉੱਤੇ ਜਾਂਦੀ ਇੱਕ ਗੱਡੀ ਉੱਤੇ ਮੋਦੀ ਦੀ ਫੋਟੋ ਲੱਗੀ ਸੀ। ਇਹ ਗੱਡੀ ਰੋਪੜ ਦੇ ਬਾਜ ਹੋਟਲ ਨੇੜੇ ਖੜ੍ਹੀ ਸੀ। ਜਦੋਂ ਕਿਸਾਨਾਂ ਨੂੰ ਭਿਣਕ ਲੱਗੀ ਤਾਂਓਥੇ ਪਹੁੰਚ ਗਏ ਅਤੇ 'ਮੋਦੀ ਸਰਕਾਰ ਮੁਰਦਾਬਾਦ' ਦੇ ਨਾਅਰੇ ਲਾਉਂਦੇ ਹੋਏ ਗੱਡੀ ਉੱਤੇ ਲੱਗੀ ਪ੍ਰਧਾਨ ਮੰਤਰੀ ਮੋਦੀ ਦੀ ਫੋਟੋ ਪਾੜ ਦਿੱਤੀ। ਇਸ ਦੌਰਾਨ ਕਿਸਾਨਾਂ ਨੇ ਕਰੀਬ ਇੱਕ ਘੰਟਾ ਲਗਾਤਾਰ ਮੋਦੀ ਸਰਕਾਰ ਦੇ ਖਿਲਾਫ ਨਾਅਰੇਬਾਜ਼ੀ ਕੀਤੀ।

ਇਸ ਪਿੱਛੋਂ ਸਿਟੀ ਪੁਲਸ ਰੋਪੜ ਅਤੇ ਸਦਰ ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਕਿਸਾਨਾਂ ਨੂੰ ਸ਼ਾਂਤ ਕੀਤਾ ਤੇ ਉਨ੍ਹਾਂ ਨੂੰ ਵਾਪਸ ਘਰਾਂ ਨੂੰ ਭੇਜ ਦਿੱਤਾ।ਕਿਸਾਨ ਨੇਤਾ ਕੁਲਵਿੰਦਰ ਸਿੰਘ ਪੰਜੋਲਾ ਤੇ ਹੋਰਨਾਂ ਨੇ ਕਿਹਾ ਕਿ ਉਕਤ ਲੋਕਾਂ ਵੱਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮੋਦੀ ਨੰਬਰ-1 ਪ੍ਰਧਾਨ ਮੰਤਰੀ ਹਨ, ਜਦ ਕਿ ਸਾਡੇ ਕਿਸਾਨ ਅੱਠ ਮਹੀਨਿਆਂ ਤੋਂ ਦਿੱਲੀ ਬਾਰਡਰਾਂ ਉੱਤੇ ਧਰਨੇ ਉੱਤੇ ਬੈਠੇ ਹਨ ਅਤੇ ਮੋਦੀ ਸਰਕਾਰ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਨਹੀਂ ਕਰ ਰਹੀ। ਇਸ ਲਈ ਅਸੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦੇ ਹਾਂ ਕਿ ਇਹ ਸਭ ਦੇਖਦੇ ਹੋਏ ਵੀ ਮੋਦੀ ਕਿਵੇਂ ਨੰਬਰ ਇੱਕ ਪ੍ਰਧਾਨ ਮੰਤਰੀ ਹਨ।

## ਨਸ਼ੇੜੀ ਨੇ ਸੂਏ ਮਾਰ ਕੇ ਪਤਨੀ ਦਾ ਕਤਲ ਕਰ ਸੁੱਟਿਆ

ਬਰਨਾਲਾ, 19 ਅਗਸਤ (ਪੋਸਟ ਬਿਊਰੋ)- ਇੱਕ ਨਸ਼ੇੜੀ ਵੱਲੋਂ ਆਪਣੀ ਪਤਨੀ ਦਾ ਸੂਏ ਮਾਰ ਕੇ ਕਤਲ ਕਰ ਦੇਣ ਦੀ ਖ਼ਬਰ ਹੈ। ਕਤਲ ਕਰ ਕੇ ਦੋਸ਼ੀ ਨੇ ਕਮਰੇ ਨੂੰ ਬਾਹਰੋਂ ਜਿੰਦਾ ਲਾ ਦਿੱਤਾ ਤੇ ਫਰਾਰ ਹੋ ਗਿਆ। ਘਟਨਾ ਦਾ ਪਤਾ ਉਦੋਂ ਲੱਗਾ ਜਦੋਂ ਉਸਦੇ ਬੱਚੇ ਸਕੂਲੋਂ ਘਰ ਆਏ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਸ ਮੌਕੇ ਉੱਤੇ ਪੁੱਜੀ।

ਮ੍ਰਿਤਕਾ ਦਲਜੀਤ ਕੌਰ ਦੇ ਬੱਚਿਆਂ ਦਮਨਪ੍ਰੀਤ ਸਿੰਘ ਅਤੇ ਸਿਮਰਨਜੀਤ ਕੌਰ ਨੇ ਦੱਸਿਆ ਕਿ ਅਸੀਂ ਸਕੂਲ ਗਏ ਹੋਏ ਸੀ। ਜਦੋਂ ਸਕੂਲੋਂ ਆਏ ਤਾਂ ਕਮਰੇ ਨੂੰ ਬਾਹਰੋਂ ਜਿੰਦਾ ਲੱਗਾ ਹੋਇਆ ਸੀ। ਅਸੀਂ ਜਿੰਦਾ ਖੋਲ੍ਹਿਆ ਤਾਂ ਸਾਡੀ ਮੰਮੀ ਬੈਡ ਉੱਤੇ ਖ਼ੂਨ ਨਾਲ ਲਥਪਥ ਪਈ ਸੀ। ਉਸਦੇ ਗਲ ਉੱਤੇ ਸੂਏ ਨਾਲ ਵਾਰ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਸਾਡਾ ਪਿਤਾ ਵਿਕਰਮਜੀਤ ਸਿੰਘ ਨਸ਼ਾ ਕਰਦਾ ਹੈ, ਜਿਸ ਕਾਰਨ ਘਰ ਵਿੱਚ ਕਲੇਸ਼ ਰਹਿੰਦਾ ਸੀ। ਵਰਨਣ ਯੋਗ ਹੈ ਕਿ ਦਲਜੀਤ ਕੌਰ ਤੇ ਵਿਕਰਮਜੀਤ ਸਿੰਘ ਦਾ ਇਹ ਦੂਜਾ ਵਿਆਹ ਸੀ। ਮ੍ਰਿਤਕਾ ਦਲਜੀਤ ਕੌਰ ਛੋਟੀਆਂ-ਮੋਟੀਆਂ ਟੈਲੀ ਫਿਲਮਾਂਦੇ ਕਲਾਕਾਰ ਵਜੋਂ ਕੰਮ ਕਰਦੀ ਸੀ। ਥਾਣਾ ਸਿਟੀ 1 ਦੇ ਪੁਲਸ ਅਧਿਕਾਰੀ ਲਖਵਿੰਦਰ ਸਿੰਘ ਨੇ ਦਸਿਆ ਕਿ ਮ੍ਰਿਤਕਾ ਦੀ ਮਾਤਾ ਸ਼ਿੰਦਰ ਕੌਰ ਦੇ ਬਿਆਨਾਂ ਉੱਤੇ ਵਿਕਰਮਜੀਤ ਸਿੰਘ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਕੇ ਭਾਲ ਸ਼ੁਰੂ ਕਰ ਦਿੱਤੀ ਹੈ।



## ਜ਼ਿਲ੍ਹਾ ਮੋਗਾ 'ਚ ਘਰ ਬੈਠਿਆਂ ਮਿਲਣਗੀਆਂ ਸੇਵਾ ਕੇਂਦਰ ਦੀਆਂ ਸੇਵਾਵਾਂ

*** ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਵੱਲੋਂ ਦੋ ਜ਼ਿਲ੍ਹਿਆਂ ਵਿੱਚ ਪਾਇਲਟ ਪ੍ਰੋਜੈਕਟ ਦੀ ਸ਼ੁਰੂਆਤ * ਡਿਪਟੀ ਕਮਿਸ਼ਨਰ ਵੱਲੋਂ 4 ਸੇਵਾਵਾਂ ਦੀ ਸ਼ੁਰੂਆਤ**

ਮੋਗਾ, 19 ਅਗਸਤ (ਗਿਆਨ ਸਿੰਘ): ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਵੱਲੋਂ ਲੋਕਾਂ ਨੂੰ ਇੱਕੋ ਛੱਤ ਥੱਲੇ ਸਰਕਾਰੀ ਸੇਵਾਵਾਂ ਡਿਜੀਟਲ ਤਰੀਕੇ ਨਾਲ ਮੁਹੱਈਆ ਕਰਵਾਉਣ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਸੇਵਾ ਕੇਂਦਰਾਂ ਵਿਖੇ 3 ਹੋਰ ਸਹੂਲਤਾਂ ਦਾ ਇਜ਼ਾਫਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜਿਲ੍ਹਾ ਮੋਗਾ ਅਤੇ ਕਪੂਰਥਲਾ ਵਿੱਚ ਸੇਵਾ ਕੇਂਦਰਾਂ ਦੀਆਂ ਸੇਵਾਵਾਂ ਹੁਣ ਲੋਕਾਂ ਦੇ ਦਰਾਂ ਉੱਤੇ ਹੀ ਮਿਲਿਆ ਕਰਨਗੀਆਂ। ਉਕਤ ਦੋਵੇਂ ਜਿਲ੍ਹਿਆਂ ਵਿੱਚ ਇਹ ਪ੍ਰੋਜੈਕਟ ਦੇ ਸਫ਼ਲ ਹੋਣ ਉੱਤੇ ਇਸ ਨੂੰ ਬਾਕੀ ਜਿਲ੍ਹਿਆਂ ਵਿੱਚ ਵੀ ਲਾਗੂ ਕਰ ਦਿੱਤਾ ਜਾਵੇਗਾ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਦੱਸਿਆ ਕਿ ਚਾਲੂ ਕੀਤੀਆਂ ਚਾਰ ਸਕੀਮਾਂ 'ਚ ਐਨ.ਆਰ.ਆਈ. ਸੈੱਲ ਪੰਜਾਬ ਤੋਂ ਦਸਤਾਵੇਜ਼ਾਂ ਦੀ ਤਸਦੀਕ ਕਰਵਾਉਣ ਦੀ ਸੇਵਾ, ਸੂਚਨਾ ਦੇ ਅਧਿਕਾਰ ਐਕਟ (ਆਰ.ਟੀ.ਆਈ.ਐਕਟ ) ਸਬੰਧੀ, ਜਨਮ ਅਤੇ ਮੌਤ ਦਾ ਸਰਟੀਫਿਕੇਟ ਪ੍ਰਾਈਵੇਟ ਹਸਪਤਾਲਾਂ ਤੋ ਲੈਣ ਸਬੰਧੀ ਸ਼ਾਮਿਲ ਹੈ। ਇਸ ਤੋਂ ਇਲਾਵਾ ਚੌਥੀ ਸੇਵਾ ਕੇਂਦਰਾਂ ਰਾਹੀਂ ਘਰ ਜਾ ਕੇ ਸਰਵਿਸ ਮੁਹੱਈਆ ਕਰਵਾਉਣ ਸਬੰਧੀ ਹੈ, ਜੋ ਇਕ ਫਿਲਹਾਲ ਜਿਲ੍ਹਾ ਮੋਗਾ ਅਤੇ ਕਪੂਰਥਲਾ ਵਿੱਚ ਹੀ ਸ਼ੁਰੂ ਕੀਤੀ ਜਾ ਰਹੀ ਹੈ।



ਉਹਨਾਂ ਦੱਸਿਆ ਕਿ ਉਕਤ ਦੋਹਾਂ ਜਿਲ੍ਹਿਆਂ ਵਿੱਚ ਡੋਰ ਸਟੈਪ ਡਿਲਿਵਰੀ ਲੈਣ ਲਈ ਅਰਜ਼ੀਕਰਤਾ ਨੂੰ ਪੰਜ ਕਿਲੋਮੀਟਰ ਦੇ ਦਾਇਰੇ ਵਿਚ 50 ਰੁਪਏ, ਪੰਜ ਤੋਂ 10 ਕਿਲੋਮੀਟਰ ਦੇ ਦਾਇਰੇ ਵਿਚ 100 ਰੁਪਏ ਅਤੇ ਦਸ ਕਿਲੋਮੀਟਰ ਤੋਂ ਵੱਧ ਦਾਇਰੇ ਵਿਚ 200 ਰੁਪਏ ਦੇਣੇ ਪੈਣਗੇ। ਉਹਨਾਂ ਸਪੱਸ਼ਟ ਕੀਤਾ ਕਿ ਇਹ ਸੇਵਾ ਲੈਣ ਲਈ ਕਿਸੇ ਵੀ ਨਾਗਰਿਕ ਨੂੰ ਮਜ਼ਬੂਰ ਨਹੀਂ ਕੀਤਾ ਜਾਵੇਗਾ।

ਹੰਸ ਨੇ ਦੱਸਿਆ ਕਿ ਹੁਣ ਐਨ.ਆਰ.ਆਈ. ਨੂੰ ਆਪਣੇ ਦਸਤਾਵੇਜ ਤਸਦੀਕ ਕਰਵਾਉਣ ਲਈ ਚੰਡੀਗੜ੍ਹ ਦੇ ਚੱਕਰ ਲਾਉਣ ਦੀ ਲੋੜ ਨਹੀਂ। ਜਿਲ੍ਹਾ ਵਾਸੀ ਕਿਸੇ ਵੀ ਸੇਵਾ ਕੇਂਦਰ 'ਤੇ ਪਹੁੰਚ ਕੇ ਇਹ ਸਹੂਲਤ ਲੈ ਸਕਦੇ ਹਨ।

ਜਨਮ ਅਤੇ ਮੌਤ ਦਸਤਾਵੇਜ਼ਾਂ ਦੀ ਪ੍ਰਦਾਨਗੀ ਨੂੰ ਸਰਲ ਕਰਦਿਆਂ ਇਹ ਦਸਤਾਵੇਜ ਹੁਣ ਰਜਿਸਟਰਾਰ ਦਫ਼ਤਰ ਤੋਂ ਇਲਾਵਾ ਪ੍ਰਾਈਵੇਟ ਹਸਪਤਾਲਾਂ ਪਾਸੋਂ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ। ਸਿਹਤ ਵਿਭਾਗ ਅਤੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਦੇ ਸਾਂਝੇ ਯਤਨਾਂ ਤਹਿਤ ਹੁਣ ਪ੍ਰਾਈਵੇਟ ਹਸਪਤਾਲਾਂ ਵੱਲੋਂ ਜਨਮ ਤੇ ਮੌਤ ਰਜਿਸਟ੍ਰੇਸ਼ਨ ਸਬੰਧੀ ਜਾਣਕਾਰੀ ਰਜਿਸਟਰਾਰ ਦਫ਼ਤਰ ਨੂੰ ਆਨਲਾਈਨ ਪੋਰਟਲ ਦੁਆਰਾ ਭੇਜੀ ਜਾਇਗੀ, ਜਿਸ ਨਾਲ ਕੰਮ-ਕਾਜ ਵਿੱਚ ਹੋਰ ਤੇਜ਼ੀ ਅਤੇ ਪਾਰਦਰਸ਼ਤਾ ਆਏਗੀ.

ਇਸ ਆਨਲਾਇਨ ਪ੍ਰਕਿਰਿਆ ਦੇ ਲਾਗੂ ਹੋਣ ਤੋਂ ਪਹਿਲਾਂ ਜਨਮ ਅਤੇ ਮੌਤ ਸਬੰਧੀ ਜਾਣਕਾਰੀ ਪ੍ਰਾਈਵੇਟ ਹਸਪਤਾਲਾਂ ਵੱਲੋਂ ਸਬੰਧਿਤ ਰਜਿਸਟਰਾਰ ਦਫਤਰ ਨੂੰ ਮੈਨੂਅਲ ਫਾਰਮ ਭਰਕੇ ਭੇਜੀ ਜਾਂਦੀ ਸੀ। ਜਿਸ ਉਪਰੰਤ ਇਸ ਜਾਣਕਾਰੀ ਨੂੰ ਸਬੰਧਿਤ ਰਿਜਸਟਰਾਰ ਦਫਤਰ ਵੱਲੋਂ ਆਨਲਾਈਨ ਦਰਜ ਕੀਤਾ ਜਾਂਦਾ ਸੀ। ਜਿਸ ਕਾਰਨ ਆਮ ਲੋਕਾਂ ਨੂੰ ਜਨਮ ਅਤੇ ਮੌਤ ਸਰਟੀਫਿਕੇਟ ਜਾਰੀ ਹੋਣ ਵਿੱਚ ਦੇਰ ਹੋ ਜਾਂਦੀ ਸੀ।

ਰਾਜ ਦੇ ਲਗਭਗ 390 ਪ੍ਰਾਈਵੇਟ ਹਸਪਤਾਲਾਂ ਵਿੱਚ ਇਸ ਆਨਲਾਈਨ ਵਿਧੀ ਨੂੰ ਲਾਗੂ ਕਰ ਦਿੱਤਾ ਗਿਆ ਹੈ। ਹੁਣ ਤੱਕ ਪ੍ਰਾਈਵੇਟ ਹਸਪਤਾਲਾਂ ਵੱਲੋਂ ਲਗਭਗ 10000 ਜਨਮ ਸਰਟੀਫਿਕੇਟ ਸਬੰਧੀ ਐਪਲੀਕੇਸ਼ਨਾਂ ਆਨਲਾਈਨ ਪੋਰਟਲ ਰਾਹੀਂ ਰਜਿਸਟਰਾਰ ਦਫਤਰ ਪਾਸ ਭੇਜੀਆਂ ਗਈਆਂ ਹਨ। ਜਿਨ੍ਹਾਂ ਵਿੱਚੋਂ ਲਗਭਗ 9600 ਜਨਮ ਐਪਲੀਕੇਸ਼ਨਾਂ ਪ੍ਰਵਾਨ ਹੋ ਗਈਆਂ ਹਨ ਅਤੇ ਲਗਭਗ 4000 ਸਰਟੀਫਿਕੇਟ ਨਾਗਰੀਕਾਂ ਵੱਲੋਂ ਬਿਨਾਂ ਕਿਸੇ ਖੱਜਲ ਖੁਆਰੀ ਦੇ ਪ੍ਰਾਪਤ ਕੀਤੇ ਜਾ ਚੁੱਕੇ ਹਨ। ਇਸੇ ਤਰ੍ਹਾਂ ਆਨਲਾਈਨ ਪੋਰਟਲ ਰਾਹੀਂ 3000 ਮੌਤ ਸਰਟੀਫਿਕੇਟ ਦੀਆ ਐਪਲੀਕੇਸ਼ਨਾਂ ਰਜਿਸਟਰਾਰ ਦਫਤਰਾਂ ਪਾਸ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 2300 ਦੇ ਕਰੀਬ ਸਰਟੀਫਿਕੇਟ ਨਾਗਰਿਕਾਂ ਨੂੰ ਮੁਹੱਈਆ ਕਰਵਾ ਦਿੱਤੇ ਗਏ ਹਨ।



### ਰਾਮ ਰਹੀਮ ਦੀਆਂ ਮੁਸ਼ਕਲਾਂ ਵਧੀਆਂ:

## ਡੇਰਾ ਮੈਨੇਜਰ ਰਣਜੀਤ ਸਿੰਘ ਦੇ ਕਤਲ ਕੇਸ ਵਿੱਚ ਪੰਚਕੂਲਾ ਕੋਰਟ ਨੇ ਫ਼ੈਸਲਾ ਰਿਜ਼ਰਵ ਰੱਖ ਲਿਆ

*** ਕੇਸ ਦੀ ਅਗਲੀ ਸੁਣਵਾਈ 24 ਅਗਸਤ ਨੂੰ**



ਪੰਚਕੂਲਾ, 19 ਅਗਸਤ, (ਪੋਸਟ ਬਿਊਰੋ)- ਹਰਿਆਣਾ ਦੇ ਜ਼ਿਲਾ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚਸਜ਼ਾ ਭੁਗਤਦੇ ਪਏ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਹਨ। ਅੱਜਉਸ ਦੇ ਸਿਰਸੇ ਡੇਰੇ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਦੇ ਕਤਲ ਦੇ ਕੇਸ ਵਿੱਚ ਪੰਚਕੂਲਾ ਦੀ ਵਿਸ਼ੇਸ਼ ਸੀਬੀਆਈ ਕੋਰਟ ਨੇ ਫ਼ੈਸਲਾ ਰਾਖਵਾਂ ਰੱਖ ਲਿਆ ਹੈ ਅਤੇ ਇਸ ਕੇਸਦਾ ਫੈਸਲਾ 24 ਅਗਸਤ ਨੂੰ ਆ ਸਕਦਾ ਹੈ। ਇਸਕਤਲ ਕੇਸਦੇ ਦੋਸ਼ੀਆਂ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਮੁੱਖ ਦੋਸ਼ੀ ਹੈ ਅਤੇ ਪੰਜ ਸੇਵਾਦਾਰ ਵੀ ਦੋਸ਼ੀ ਹਨ।

ਵਰਨਣ ਯੋਗ ਹੈ ਕਿ ਡੇਰਾ ਸਿਰਸਾ ਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਇਸ ਵਕਤ ਸਾਧਵੀਆਂ ਦੇਬਲਾਤਕਾਰਦੇ ਕੇਸਤੇ ਪੱਤਰਕਾਰ ਰਾਮਚੰਦਰ ਛਤਰਪਤੀ ਦੇ ਕਤਲ ਕੇਸ ਵਿੱਚ ਰੋਹਤਕ ਜਿਲ੍ਹੇ ਦੀ ਸੁਨਾਰੀਆ ਜੇਲ੍ਹ ਵਿੱਚ ਸਜ਼ਾ ਕੱਟ ਰਿਹਾ ਹੈ। ਪੰਚਕੂਲਾ ਦੀ ਅਦਾਲਤ ਵਿੱਚ ਅੱਜਉਸ ਦੇ ਸਿਰਸੇ ਡੇਰੇ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਦੇ ਕਤਲ ਕੇਸ ਵਿੱਚ ਸੁਣਵਾਈ ਪੂਰੀ ਹੋ ਗਈ ਅਤੇ ਇਸ ਸੀਬੀਆਈ ਅਦਾਲਤ ਨੇ ਅੱਜ ਬੁੱਧਵਾਰ ਸੁਣਵਾਈ ਪਿੱਛੋਂਰਣਜੀਤ ਸਿੰਘ ਕਤਲ ਕੇਸਦਾ ਫ਼ੈਸਲਾ ਰਾਖਵਾਂ ਰੱਖ ਲਿਆ ਹੈ। ਪਿਛਲੀ ਸੁਣਵਾਈ ਵਿੱਚ ਬਹਿਸ ਪੂਰੀ ਹੋ ਚੁੱਕੀ ਹੋਣ ਕਾਰਨ ਅੱਜ ਵਾਲੀ ਸੁਣਵਾਈ ਦੌਰਾਨ ਅਦਾਲਤ ਨੇਇਸ ਕੇਸ ਵਿੱਚ ਅਗਲੀ ਤਰੀਕ 24 ਅਗਸਤ ਤੈਅ ਕਰ ਦਿੱਤੀ ਹੈ, ਜਿਸ ਦਿਨ ਸੀਬੀ ਆਈ ਕੋਰਟ ਵੱਲੋਂ ਇਸ ਕੇਸਦਾ ਆਖਰੀ ਫ਼ੈਸਲਾ ਸੁਣਾਇਆ ਜਾ ਸਕਦਾ ਹੈ।

ਕੇਸ ਦੇ ਵੇਰਵੇ ਅਨੁਸਾਰ 10 ਜੁਲਾਈ 2002 ਨੂੰ ਇਸ ਡੇਰੇ ਦੀ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਤੇ ਜ਼ਿਲਾ ਕੁਰੂਕਸ਼ੇਤਰ ਦੇ ਵਾਸੀ ਰਣਜੀਤ ਸਿੰਘ ਦਾ ਕਤਲ ਹੋ ਗਿਆ ਸੀ। ਡੇਰਾ ਮੈਨੇਜਮੈਂਟ ਨੂੰ ਇਹ ਸ਼ੱਕ ਸੀ ਕਿ ਰਣਜੀਤ ਸਿੰਘ ਨੇ ਸਾਧਵੀਆਂ ਨਾਲ ਬਲਾਤਕਾਰ ਦੀ ਗੁੰਮਨਾਮ ਚਿੱਠੀ ਆਪਣੀ ਭੈਣ ਤੋਂ ਲਿਖਵਾਈ ਸੀ। ਪੁਲਿਸਜਾਂਚ ਤੋਂ ਤਸੱਲੀ ਨਾ ਹੋਣ ਕਾਰਨ ਰਣਜੀਤ ਸਿੰਘ ਦੇ ਪਿਤਾ ਨੇ ਜਨਵਰੀ 2003 ਵਿੱਚ ਹਾਈ ਕੋਰਟਨੂੰਅਰਜ਼ੀ ਦੇ ਕੇ ਇਸ ਕੇਸ ਦੀ ਸੀਬੀਆਈ ਜਾਂਚ ਦੀ ਮੰਗ ਕੀਤੀ ਸੀ।ਉਸ ਨੇ ਦੋਸ਼ ਲਾਇਆ ਸੀ ਕਿ ਡੇਰਾ ਸਿਰਸਾ ਦੇ ਪੰਜ ਮੈਂਬਰਾਂ ਅਵਤਾਰ, ਇੰਦਰ ਸੈਣੀ, ਕ੍ਰਿਸ਼ਨ ਲਾਲ, ਜਸਬੀਰ ਸਿੰਘ ਤੇ ਸ਼ਬਦਿਲ ਸਿੰਘ ਨੇਰਾਮ ਰਹੀਮ ਦੇ ਕਹਿਣ ਉੱਤੇ ਰਣਜੀਤ ਸਿੰਘ ਨੂੰ ਮਾਰਨ ਦੀ ਸਾਜ਼ਿਸ਼ ਘੜੀ ਸੀ।ਇਸ ਕੇਸ ਦੇਤਿੰਨ ਅਹਿਮ ਗਵਾਹਾਂ ਵਿਚੋਂ ਦੋ ਜਣਿਆਂ ਸੁਖਦੇਵ ਸਿੰਘ ਤੇ ਜੋਗਿੰਦਰ ਸਿੰਘ ਨੇ ਦੋਸ਼ੀਆਂ ਨੂੰ ਰਣਜੀਤ ਸਿੰਘ ਉੱਤੇ ਗੋਲ਼ੀ ਚਲਾਉਂਦੇ ਦੇਖਿਆ ਸੀ। ਤੀਸਰਾ ਗਵਾਹ ਗੁਰਮੀਤ ਰਾਮ ਰਹੀਮ ਸਿੰਘ ਦਾ ਸਾਬਕਾ ਡਰਾਈਵਰ ਖੱਟਾ ਸਿੰਘ ਸੀ, ਜਿਸ ਦਾ ਕਹਿਣਾ ਹੈ ਕਿ ਉਸ ਦੇ ਸਾਹਮਣੇ ਡੇਰਾ ਮੁਖੀ ਨੇ ਰਣਜੀਤ ਸਿੰਘ ਨੂੰ ਮਾਰਨ ਲਈ ਕਿਹਾ ਸੀ।

## ਕਾਂਗਰਸ ਆਗੂ ਸ਼ਸ਼ੀ ਥਰੂਰ ਪਤਨੀ ਸੁਨੰਦਾ ਦੀ ਮੌਤ ਦੇ ਕੇਸ ਵਿੱਚ ਬਰੀ



ਨਵੀਂ ਦਿੱਲੀ, 19 ਅਗਸਤ (ਪੋਸਟ ਬਿਊਰੋ)- ਦਿੱਲੀ ਦੀ ਰਾਊਜ਼ ਐਵੇਨਿਊ ਸਪੈਸ਼ਲ ਅਦਾਲਤ ਦੀ ਜੱਜ ਗੀਤਾਂਜਲੀ ਗੋਇਲ ਨੇ ਕਾਂਗਰਸ ਦੇ ਸੀਨੀਅਰ ਨੇਤਾ ਸ਼ਸ਼ੀ ਥਰੂਰ ਨੂੰ ਉਸ ਦੀ ਪਤਨੀ ਸੁਨੰਦਾ ਪੁਸ਼ਕਰ ਦੀ ਏਥੋਂ ਦੇ ਇੱਕ ਹੋਟਲ ਵਿੱਚ ਸਾਢੇ ਸੱਤ ਸਾਲ ਪਹਿਲਾਂ ਹੋਈ ਮੌਤ ਦੇ ਕੇਸ ਵਿੱਚ ਸੁਣਵਾਈ ਦੇ ਬਾਅਦ ਬਰੀ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਸ਼ਸ਼ੀ ਥਰੂਰ ਉੱਤੇਆਪਣੀ ਪਤਨੀ ਸੁਨੰਦਾ ਪੁਸ਼ਕਰ ਨੂੰ ਮਾਨਸਿਕ ਤੌਰ ਉੱਤੇ ਪ੍ਰੇਸ਼ਾਨ ਕਰਨ ਅਤੇ ਖੁਦਕੁਸ਼ੀ ਲਈ ਉਕਸਾਉਣ ਦਾ ਦੋਸ਼ ਸੀ। ਅਦਾਲਤ ਦੇ ਫ਼ੈਸਲੇ ਪਿੱਛੋਂ ਸ਼ਸ਼ੀ ਥਰੂਰ ਨੇ ਜੱਜ ਗੀਤਾਂਜਲੀ ਗੋਇਲਦਾ ਧੰਨਵਾਦ ਕਰਦਿਆਂ ਕਿਹਾ ਕਿ ਮੇਰੇ ਪਿਛਲੇ ਸਾਢੇ ਸੱਤ ਸਾਲ ਟਾਰਚਰ ਵਿੱਚ ਬੀਤੇ ਹਨ ਅਤੇ ਇਹ ਫ਼ੈਸਲਾ ਉਸ ਦੇ ਲਈ ਵੱਡੀ ਰਾਹਤ ਲੈ ਕੇ ਆਇਆ ਹੈ। ਸ਼ਸ਼ੀ ਥਰੂਰ ਨੇ ਕਿਹਾ ਕਿ ਸਾਡਾ ਅਦਾਲਤੀ ਸਿਸਟਮ ਅਕਸਰ ਸਜ਼ਾ ਬਣ ਜਾਂਦਾ ਹੈ, ਪਰ ਸੱਚਾਈ ਇਹ ਹੈ ਕਿ ਆਖਰ ਨੂੰ ਇਨਸਾਫ ਹੋਇਆ ਹੈ ਅਤੇ ਸਾਡਾ ਪੂਰਾ ਪਰਵਾਰ ਸੁਨੰਦਾ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕਰੇਗਾ। ਉਨ੍ਹਾ ਕਿਹਾ ਕਿ ਮੈਨੂੰ ਕਈ ਤਰ੍ਹਾਂ ਦੇ ਬੇਬੁਨਿਆਦ ਦੋਸ਼ ਸਹਿਣੇ ਪਏ ਅਤੇ ਮੀਡੀਆ ਵੱਲੋਂ ਵੀ ਬਦਨਾਮੀ ਦਾ ਸਾਹਮਣਾ ਕਰਨਾ ਪਿਆ, ਪਰ ਮੈਨੂੰ ਨਿਆਂਪਾਲਿਕਾ ਉੱਤੇ ਪੂਰਾ ਭਰੋਸਾ ਸੀ।

ਸੁਨੰਦਾ ਪੁਸ਼ਕਰ 17 ਜਨਵਰੀ 2014 ਦੀ ਰਾਤ ਦਿੱਲੀ ਦੇ ਇੱਕ ਲਗਜ਼ਰੀ ਹੋਟਲ ਦੇ ਕਮਰੇ ਵਿੱਚ ਮ੍ਰਿਤਕ ਮਿਲੀ ਸੀ। ਸ਼ਸ਼ੀ ਥਰੂਰ ਅਤੇ ਪੁਸ਼ਕਰ ਉਸ ਹੋਟਲ ਵਿੱਚ ਠਹਿਰੇ ਹੋਏ ਸਨ, ਜਦੋਂ ਉਨ੍ਹਾਂ ਦੇ ਸਰਕਾਰੀ ਘਰ ਦਾ ਨਵੀਨੀਕਰਨ ਹੋ ਰਿਹਾ ਸੀ। ਸ਼ਸ਼ੀ ਥਰੂਰ ਉੱਤੇ ਦਿੱਲੀ ਪੁਲਸ ਨੇ ਧਾਰਾ 498-ਏ (ਔਰਤ ਦੇ ਪਤੀ ਜਾਂ ਪਤੀ ਦੇ ਰਿਸ਼ਤੇਦਾਰ ਵੱਲੋਂ ਉਸ ਉੱਤੇ ਜ਼ੁਲਮ ਕਰਨੇ) ਅਤੇ ਧਾਰਾ 306 (ਖ਼ੁਦਕੁਸ਼ੀ ਲਈ ਉਕਸਾਉਣ) ਅਧੀਨ ਦੋਸ਼ ਲਾਏ ਸਨ।

## ਔਰਤਾਂ ਨੂੰ ਐਨ ਡੀ ਏ ਟੈਸਟ ਵਿੱਚ ਬੈਠਣ ਦੀ ਇਜਾਜ਼ਤ ਮਿਲੀ



ਨਵੀਂ ਦਿੱਲੀ, 19 ਅਗਸਤ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਨੈਸ਼ਨਲ ਡਿਫੈਂਸ ਅਕੈਡਮੀ (ਐਨ ਡੀ ਏ) ਦੇ ਪੰਜ ਸਤੰਬਰ ਨੂੰ ਹੋਣ ਵਾਲੇ ਟੈਸਟ ਵਿੱਚ ਯੋਗ ਔਰਤਾਂ ਨੂੰ ਬੈਠਣ ਦੀ ਇਜਾਜ਼ਤ ਦੇ ਦਿੱਤੀ ਹੈ। ਫਿਰ ਵੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਟੈਸਟਦਾ ਨਤੀਜਾ ਪਟੀਸ਼ਨ ਦੇ ਅੰਤਿਮ ਫੈਸਲੇ ਉੱਤੇ ਨਿਰਭਰ ਕਰੇਗਾ।

ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਰਿਸ਼ੀਕੇਸ਼ ਰੌਏ ਦੇ ਬੈਂਚ ਨੇ ਕੁਸ਼ ਕਾਲੜਾ ਵੱਲੋਂ ਦਾਖਲ ਪਟੀਸ਼ਨ ਉੱਤੇ ਅੰਤ੍ਰਿਮ ਹੁਕਮ ਜਾਰੀ ਕੀਤੇ ਹਨ, ਜਿਸ ਨੇ ਮੰਗ ਕੀਤੀ ਸੀ ਕਿ ਯੋਗ ਮਹਿਲਾ ਉਮੀਦਵਾਰਾਂ ਨੂੰ ਨੈਸ਼ਨਲ ਡਿਫੈਂਸ ਅਕੈਡਮੀ ਅਤੇ ਨੇਵਲ ਅਕੈਡਮੀ ਐਗਜ਼ਾਮੀਨੇਸ਼ਨ ਵਿੱਚ ਬੈਠਣ ਦੀ ਖੁੱਲ੍ਹ ਦਿੱਤੀ ਜਾਵੇ। ਇਸ ਬੈਂਚ ਨੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ ਪੀ ਐਸ ਸੀ) ਨੂੰ ਵੀ ਨਿਰਦੇਸ਼ ਦਿੱਤੇ ਕਿ ਉਹ ਇਸ ਦਾ ਨੋਟੀਫਕੇਸ਼ਨ ਜਾਰੀ ਕਰ ਕੇ ਉਸ ਦਾ ਯੋਗ ਪ੍ਰਚਾਰ ਕਰੇ। ਕੇਸ ਦੀ ਸੁਣਵਾਈ ਦੌਰਾਨ ਕਾਲੜਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਚਿਨਮੌਏ ਪ੍ਰਦੀਪ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੂੰ ਕੇਂਦਰ ਸਰਕਾਰ ਦਾ ਜਵਾਬੀ ਐਫੀਡੇਵਿਟ ਮੰਗਲਵਾਰ ਮਿਲਿਆ ਹੈ, ਜਿਸ ਵਿੱਚ ਸਰਕਾਰ ਨੇ ਕਿਹਾ ਕਿ ਇਹ ਬਿਲਕੁਲ ਨੀਤੀਆਧਾਰਤ ਫੈਸਲਾ ਹੈ ਅਤੇ ਅਦਾਲਤ ਨੂੰ ਉਸ ਵਿੱਚ ਦਖਲ ਦੇਣਾ ਨਹੀਂ ਚਾਹੀਦਾ। ਬੈਂਚ ਨੇ ਐਡੀਸ਼ਨਲ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਨੂੰ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਫੌਜ ਅਤੇ ਜਲ ਸੈਨਾ ਵਿੱਚ ਔਰਤਾਂ ਨੂੰ ਸਥਾਈ ਕਮਿਸ਼ਨ ਦੇਣ ਨਾਲ ਸਬੰਧਤ ਕਈ ਫੈਸਲੇ ਸੁਣਾਏ ਗਏ ਹਨ, ਪਰ ਸਰਕਾਰ ਫਿਰ ਵੀ ਔਰਤਾਂ ਨੂੰ ਐਨ ਡੀ ਏ ਟੈਸਟਵਿੱਚ ਬੈਠਣ ਦੀ ਇਜਾਜ਼ਤ ਕਿਉਂ ਨਹੀਂ ਦੇ ਰਹੀ। ਬੈਂਚ ਨੇ ਕਿਹਾ, ‘‘ਕੀ ਫੌਜ ਜੁਡੀਸ਼ਲ ਹੁਕਮ ਜਾਰੀ ਹੋਣ ਮਗਰੋਂ ਕਾਰਵਾਈ ਕਰੇਗੀ? ਜੇ ਤੁਸੀਂ ਇੰਝ ਹੀ ਚਾਹੁੰਦੇ ਹੋ ਤਾਂ ਅਸੀਂ ਹੁਕਮ ਜਾਰੀ ਕਰਾਂਗੇ। ਹਾਈ ਕੋਰਟ ਤੋਂ ਲੈ ਕੇ ਇੱਥੇ ਇਹੋ ਪ੍ਰਭਾਵ ਮਿਲ ਰਿਹਾ ਹੈ ਕਿ ਜਦੋਂ ਤਕ ਕੋਈ ਹੁਕਮ ਪਾਸ ਨਾ ਹੋਵੇ, ਫੌਜ ਆਪਣੀ ਮਰਜ਼ੀ ਨਾਲ ਕੋਈ ਫੈਸਲਾ ਲੈਣ ਵਿੱਚ ਯਕੀਨ ਨਹੀਂ ਰੱਖਦੀ।" ਬੈਂਚ ਨੇ ਕਿਹਾ ਕਿ ਐਨ ਡੀ ਏ ਰਾਹੀਂ ਔਰਤਾਂ ਦੇ ਫੌਜ ਵਿੱਚ ਦਾਖਲੇ ਬਾਰੇ ਕਿਉਂ ਨਹੀਂ ਵਿਚਾਰਿਆ ਜਾ ਸਕਦਾ। ‘ਕੀ ਕੋ-ਐਜੂਕੇਸ਼ਨ ਕੋਈ ਸਮੱਸਿਆ ਹੈ?' ਭਾਟੀ ਨੇ ਕਿਹਾ ਕਿ ਇਹ ਨੀਤੀਗਤ ਫੈਸਲਾ ਹੈ ਕਿ ਔਰਤਾਂ ਨੂੰ ਐਨ ਡੀ ਏ ਵਿੱਚ ਬੈਠਣ ਦੀ ਇਜਾਜ਼ਤ ਨਹੀਂ ਹੈ। ਸਿਖਰਲੀ ਅਦਾਲਤ ਨੇ ਕਿਹਾ ਕਿ ਨੀਤੀਗਤ ਫੈਸਲਾ ਲਿੰਗ ਭੇਦ ਉੱਤੇ ਆਧਾਰਤ ਹੈ।

## ਭ੍ਰਿਸ਼ਟਾਚਾਰ ਦੇ ਕੇਸ ਲਈ ਮਹਿਬੂਬਾ ਮੁਫਤੀ ਦੀ ਮਾਂ ਈ ਡੀ ਅੱਗੇ ਪੇਸ਼



ਸ੍ਰੀਨਗਰ, 19 ਅਗਸਤ (ਪੋਸਟ ਬਿਊਰੋ)- ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਦੀ ਮਾਂ ਕਾਲੇ ਧਨ ਨੂੰ ਸਫੈਦ ਕਰਨ ਨਾਲ ਜੁੜੇ ਕੇਸ ਵਿੱਚ ਕੱਲ੍ਹ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਅੱਗੇ ਪੇਸ਼ ਹੋਈ। ਅਧਿਕਾਰੀਆਂ ਨੇ ਕਿਹਾ ਕਿ ਸੱਤਰ ਸਾਲ ਤੋਂ ਵੱਧ ਉਮਰ ਦੀ ਗੁਲਸ਼ਨ ਨਜ਼ੀਰ ਸ਼ਹਿਰ ਦੇ ਸਿਵਲ ਲਾਈਨਜ਼ ਖੇਤਰ ਦੇ ਈ ਡੀ ਦਫਤਰ ਵਿੱਚ ਆਪਣੀ ਧੀ ਨਾਲ ਆਈ। ਜਾਂਚ ਏਜੰਸੀ, ਸਾਬਕਾ ਕੇਂਦਰੀ ਗ੍ਰਹਿ ਮੰਤਰੀ ਤੇ ਸਾਬਕਾ ਮੁੱਖ ਮੰਤਰੀ ਮੁਫਤੀ ਮੁਹੰਮਦ ਸਈਦ ਦੀ ਪਤਨੀ ਨਜ਼ਰ ਨੂੰ ਇਸ ਤੋਂ ਪਹਿਲਾਂ ਤਿੰਨ ਵਾਰ ਸੰਮਨ ਕਰ ਚੁੱਕੀ ਹੈ। ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਨੇ ਸਰਕਾਰ ਦੀ ਇਸ ਕੋਸ਼ਿਸ਼ ਨੂੰ ਪਾਰਟੀ ਖਿਲਾਫ ਸਿਆਸੀ ਬਦਲੇ ਦੀ ਕਾਰਵਾਈ ਕਰਾਰ ਦਿੱਤਾ ਹੈ। ਪਾਰਟੀ ਦਾ ਕਹਿਣਾ ਹੈ ਕਿ ਜੰਮੂ ਕਸ਼ਮੀਰ ਨੂੰ ਮਿਲਿਆ ਵਿਸ਼ੇਸ਼ ਧਾਰਾ 370 ਦਾ ਰੁਤਬਾ ਰੱਦ ਕੀਤੇ ਜਾਣ ਦੇ ਫੈਸਲੇ ਦਾ ਵਿਰੋਧ ਕਰਨ ਕਰ ਕੇ ਉਸ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਾਲੇ ਧਨ ਨੂੰ ਸਫੈਦ ਕਰਨ ਤੋਂ ਰੋਕਣ ਲਈ ਬਣੇ ਐਕਟ (ਪੀ ਐਮ ਐਲ ਏ) ਹੇਠ ਦਰਜ ਫੌਜਦਾਰੀ ਕੇਸ ਈ ਡੀ ਵੱਲੋਂ ਮਹਿਬੂਬਾ ਦੇ ਸਹਾਇਕ ਉੱਤੇ ਮਾਰੇ ਛਾਪੇ ਦੌਰਾਨ ਬਰਾਮਦ ਦੋ ਡਾਇਰੀਆਂ ਨਾਲ ਜੁੜਿਆ ਹੈ। ਇਨ੍ਹਾਂ ਡਾਇਰੀਆਂ ਵਿੱਚ ਮੁੱਖ ਮੰਤਰੀ ਦੇ ਅਧਿਕਾਰ ਵਾਲੇ ਫੰਡ ਵਿੱਚੋਂ ਨੇਮਾਂ ਨੂੰ ਤੋੜ ਮਰੋੜ ਕੇ ਕੀਤੀਆਂ ਅਦਾਇਗੀਆਂ ਦਾ ਵੇਰਵਾ ਦਰਜ ਹੈ। ਈ ਡੀ ਦਾ ਦਾਅਵਾ ਹੈ ਕਿ ਇਹ ਫੰਡ ਸੂਬੇ ਵਿੱਚ ਪੀਪਲਜ਼ ਡੈਮੋਕਰੇਟਿਕ ਪਾਰਟੀ ਦੀ ਸਰਕਾਰ ਮੌਕੇ ਤਬਦੀਲ ਕੀਤੇ ਗਏ ਸਨ ਅਤੇ ਇਨ੍ਹਾਂ ਵਿੱਚੋਂ ਕੁਝ ਲੱਖ ਰੁਪਏ ਨਜ਼ੀਰ ਤੇ ਕੁਝ ਹੋਰਨਾਂ ਦੇ ਖਾਤਿਆਂ ਵਿੱਚ ਵੀ ਤਬਦੀਲ ਕੀਤੇ ਗਏ ਸਨ।

## ਭਾਰਤ ਨੂੰ 2027 ਵਿੱਚ ਪਹਿਲੀ ਔਰਤ ਚੀਫ਼ ਜਸਟਿਸ ਮਿਲਣ ਦੀ ਆਸ



ਨਵੀਂ ਦਿੱਲੀ, 19 ਅਗਸਤ (ਪੋਸਟ ਬਿਊਰੋ)- ਜਸਟਿਸ ਬੀ ਵੀ ਨਾਗਰਤਨਾ ਸਾਲ 2027 ਵਿੱਚ ਭਾਰਤ ਦੇਸ਼ ਦੀ ਪਹਿਲੀ ਔਰਤ ਚੀਫ਼ ਜਸਟਿਸ ਬਣ ਸਕਦੀ ਹੈ। ਮੌਜੂਦਾ ਚੀਫ਼ ਜਸਟਿਸ ਐਨ ਵੀ ਰਮੰਨਾ ਦੀ ਅਗਵਾਈ ਹੇਠ ਭਾਰਤ ਦੀ ਸੁਪਰੀਮ ਕੋਰਟ ਦੇ ਕਾਲੇਜੀਅਮ ਨੇ ਕੇਂਦਰ ਸਰਕਾਰ ਨੂੰ 9 ਜੱਜਾਂ ਦੇ ਨਾਂਵਾਂ ਦੀ ਸਿਫ਼ਾਰਸ਼ ਕੀਤੀ ਹੈ ਜਿਨ੍ਹਾਂ ਵਿੱਚ ਜਸਟਿਸ ਬੀ ਵੀ ਨਾਗਰਤਨਾ ਸਮੇਤ ਤਿੰਨ ਔਰਤ ਜੱਜਾਂ ਦੇ ਨਾਂਅ ਵੀ ਸ਼ਾਮਲ ਹਨ।

ਸੁਪਰੀਮ ਕੋਰਟ ਦੀ ਕਾਲੇਜੀਅਮ ਨੇ 22 ਮਹੀਨੇ ਬਾਅਦ ਜੱਜਾਂ ਦੇ ਨਾਂਅ ਦੀ ਸਿਫ਼ਾਰਿਸ਼ ਕੀਤੀਹੈ। ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਤੋਂ 12 ਅਗਸਤ ਨੂੰ ਜਸਟਿਸ ਆਰ ਐਫ ਨਰੀਮਨ ਤੇ 18 ਅਗਸਤ ਨੂੰ ਜਸਟਿਸ ਨਵੀਨ ਸਿਨਹਾ ਦੀ ਸੇਵਾਮੁਕਤ ਹੋਣ ਤੋਂ ਬਾਅਦ ਜੱਜਾਂ ਦੀ ਗਿਣਤੀ ਘਟ ਕੇ 24 ਰਹਿ ਗਈ ਹੈ, ਜਦਕਿ ਸੁਪਰੀਮ ਕੋਰਟ ਵਿੱਚ ਚੀਫ਼ ਜਸਟਿਸ ਸਮੇਤ 34 ਜੱਜਾਂ ਦੀਆਂ ਪੋਸਟਾਂ ਹਨ। ਜੇ ਇਹ ਸਿਫ਼ਾਰਿਸ਼ਾਂ ਮੰਨ ਲਈਆਂ ਗਈਆਂ ਤਾਂ ਸੁਪਰੀਮ ਕੋਰਟ ਵਿੱਚ ਕੁੱਲ ਜੱਜਾਂ ਦੀ ਗਿਣਤੀ 33 ਹੋ ਜਾਵੇਗੀ। ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਦੀ 19 ਮਾਰਚ 2019 ਨੂੰ ਹੋਈ ਸੇਵਾਮੁਕਤੀ ਤੋਂ ਬਾਅਦ ਅੱਜ ਤਕ ਸੁਪਰੀਮ ਕੋਰਟ ਵਿੱਚ ਇੱਕ ਵੀ ਨਵੀਂ ਨਿਯੁਕਤੀ ਨਹੀਂ ਸੀ ਕੀਤੀ ਗਈ।

ਕਾਲੇਜੀਅਮ ਵੱਲੋਂ ਕੀਤੀਆਂ ਸਿਫ਼ਾਰਿਸ਼ਾਂ ਵਿੱਚ ਜਿਹੜੇ 9 ਜੱਜਾਂ ਦੇ ਨਾਂਅ ਸ਼ਾਮਲ ਹਨ, ਉਨ੍ਹਾਂ ਵਿੱਚੋਂ ਕਰਨਾਟਕ ਹਾਈ ਕੋਰਟ ਦੀ ਜਸਟਿਸ ਬੀ ਵੀ ਨਾਗਰਤਨਾ, ਤੇਲੰਗਾਨਾ ਹਾਈ ਕੋਰਟ ਦੀ ਚੀਫ਼ ਜਸਟਿਸ ਹਿਮਾ ਕੋਹਲੀ ਅਤੇ ਗੁਜਰਾਤ ਹਾਈ ਕੋਰਟ ਦੀ ਜਸਟਿਸ ਬੇਲਾ ਤ੍ਰਿਵੇਦੀ ਤਿੰਨ ਔਰਤ ਜੱਜਹਨ। ਇਨ੍ਹਾਂ ਤੋਂ ਇਲਾਵਾ ਕਰਨਾਟਕ ਹਾਈ ਕੋਰਟ ਦੇ ਚੀਫ਼ ਜਸਟਿਸ ਅਭੈ ਸ੍ਰੀਨਿਵਾਸ ਓਕਾ, ਗੁਜਰਾਤ ਹਾਈ ਕੋਰਟ ਦੇ ਚੀਫ਼ ਜਸਟਿਸ ਵਿਕਰਮ ਨਾਥ, ਸਿੱਕਮ ਹਾਈ ਕੋਰਟ ਦੇ ਚੀਫ਼ ਜਸਟਿਸ ਜਿਤੇਂਦਰ ਕੁਮਾਰ ਮਹੇਸ਼ਵਰੀ, ਕੇਰਲ ਹਾਈ ਕੋਰਟ ਦੇ ਜਸਟਿਸ ਸੀ ਟੀ ਰਵੀ ਤੇ ਜਸਟਿਸ ਐਮ ਐਮ ਸੁੰਦਰੇਸ਼ ਦੇ ਨਾਵਾਂ ਦੀ ਵੀ ਸਿਫ਼ਾਰਿਸ਼ ਕੀਤੀ ਗਈ ਹੈ। ਸੁਪਰੀਮ ਕੋਰਟ ਦੇ ਕਾਲੇਜੀਅਮ ਵਿੱਚ ਚੀਫ਼ ਜਸਟਿਸ ਰਮੰਨਾ ਤੋਂ ਇਲਾਵਾ ਜਸਟਿਸ ਯੂ ਯੂ ਲਲਿਤ, ਜਸਟਿਸ ਏ ਐਮ ਖਾਨਵਿਲਕਰ, ਜਸਟਿਸ ਧੰਨਜਯ, ਵਾਈ ਚੰਦਰਚੂਹੜ ਅਤੇ ਜਸਟਿਸ ਐਲ ਨਾਗੇਸ਼ਵਰ ਰਾਓ ਸ਼ਾਮਲ ਹਨ। ਇਸ ਕਾਲਜੀਅਮ ਦੀਆਂ ਸਿਫ਼ਾਰਿਸ਼ਾਂ ਉੱਤੇ ਜੇ ਕਾਨੂੰਨ ਮੰਤਰਾਲੇ ਦੀ ਮੋਹਰ ਲੱਗ ਗਈ ਤਾਂ ਸਾਲ 2027 ਵਿੱਚ ਜਸਟਿਸ ਬੀ ਵੀ ਨਾਗਰਤਨਾ ਸੁਪਰੀਮ ਕੋਰਟ ਦੀ ਪਹਿਲੀ ਚੀਫ਼ ਜਸਟਿਸ ਬਣ ਸਕਦੇ ਹਨ। ਉਨ੍ਹਾਂ ਦਾ ਕਾਰਜਕਾਲ ਉਸ ਵੇਲੇ ਇੱਕ ਮਹੀਨੇ ਤੋਂ ਕੁਝ ਹੀ ਵੱਧ ਹੋਵੇਗਾ।

ਜਸਟਿਸ ਨਾਗਰਤਨਾ ਸਾਲ 2008 ਵਿੱਚ ਕਰਨਾਟਕ ਹਾਈ ਕੋਰਟ ਵਿੱਚਐਡੀਸ਼ਨਲ ਜੱਜ ਵੱਜੋਂ ਨਿਯੁਕਤ ਹੋਏ ਸਨ ਅਤੇ 2010 ਵਿੱਚ ਉਨ੍ਹਾਂ ਨੂੰ ਜੱਜ ਨਿਯੁਕਤ ਕੀਤਾ ਗਿਆ ਸੀ। ਜਸਟਿਸ ਨਾਗਰਤਨਾ ਨੂੰ ਕਈ ਅਹਿਮ ਫ਼ੈਸਲਿਆਂ ਲਈ ਜਾਣਿ-ਆ ਜਾਂਦਾ ਹੈ, ਜਿਨ੍ਹਾਂ ਵਿੱਚ 2012 ਵਿੱਚ ਮੀਡੀਆ ਰੈਗੂਲੇਸ਼ਨ ਸਿਸਟਮ ਕਾਇਮ ਕਰਨ ਦਾ ਆਦੇਸ਼ ਵੀ ਕਾਫ਼ੀ ਚਰਚਾ ਵਿੱਚ ਰਿਹਾ ਸੀ। ਜਸਟਿਸ ਨਾਗਰਤਨਾ ਨੇ ਕੇਂਦਰ ਸਰਕਾਰ ਨੂੰ ਫ਼ਰਜ਼ੀ ਖ਼ਬਰਾਂ ਬਾਰੇ ਮੀਡੀਆ ਪ੍ਰਸਾਰਨ ਨੂੰ ਨਿਯਮਬੱਧ ਕਰਨ ਦੀਆਂ ਸੰਭਾਵਨਾਵਾਂ ਦੀ ਜਾਂਚ ਕਰਨ ਨੂੰ ਕਿਹਾ ਤੇ ਮੀਡੀਆ ਉਤੇ ਸਰਕਾਰੀ ਕੰਟਰੋਲ ਦੇ ਖ਼ਤਰੇ ਪ੍ਰਤੀ ਵੀ ਚੌਕਸ ਕੀਤਾ ਸੀ। ਜਸਟਿਸ ਨਾਗਰਤਨਾ ਦੇ ਪਿਤਾ ਜਸਟਿਸ ਈ ਐਸ ਵੈਂਕਟਰਮੈਯਾ ਵੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਰਹਿ ਚੁੱਕੇ ਹਨ। ਉਨ੍ਹਾਂ ਨੇ 19 ਜੂਨ 1989 ਤੋਂ 17 ਦਸੰਬਰ 1989 ਤਕ ਇਹ ਅਹੁਦਾ ਸੰਭਾਲਿਆ ਸੀ।

## ਜੰਤਰ-ਮੰਤਰ ਉਤੇ ਨਾਅਰੇ ਬਾਰੇ ਪੱਤਰਕਾਰ ਤੋਂ ਪੁੱਛ-ਗਿੱਛ ਨਾ ਕਰਨ ’ਤੇ ਪੁਲਸ ਦੀ ਖਿਚਾਈ

ਨਵੀਂ ਦਿੱਲੀ, 19 ਅਗਸਤ (ਪੋਸਟ ਬਿਊਰੋ)- ਇੱਥੋਂ ਦੀ ਅਦਾਲਤ ਨੇ ਹਿੰਦੂ ਰਕਸ਼ਾ ਦਲ ਦੇ ਮੁਖੀ ਪਿੰਕੀ ਚੌਧਰੀ ਦੀ ਜ਼ਮਾਨਤ ਅਰਜ਼ੀ ਉੱਤੇ ਸੁਣਵਾਈ ਦੌਰਾਨ ਯੂ-ਟਿਊਬ ਨਿਊਜ਼ ਚੈਨਲ ਦੇ ਪੱਤਰਕਾਰ ਵੱਲੋਂ ਲੋਕਾਂ ਨੂੰ ਭੜਕਾਉਣ ਦੀ ਕੋਸ਼ਿਸ਼ ਬਾਰੇ ਪੁੱਛ-ਗਿੱਛ ਨਾ ਕੀਤੇ ਜਾਣ ਉੱਤੇ ਦਿੱਲੀ ਪੁਲਸ ਦੀ ਖਿਚਾਈ ਕੀਤੀ ਹੈ। ਐਡੀਸ਼ਨਲ ਸੈਸ਼ਨ ਜੱਜ ਅਨਿਲ ਅੰਤਿਲ ਨੇ ਪਿੰਕੀ ਚੌਧਰੀ ਦੀ ਪੇਸ਼ਗੀ ਜ਼ਮਾਨਤ ਅਰਜ਼ੀਦਾ ਫੈਸਲਾ ਰਾਖਵਾਂ ਰੱਖ ਕੇ ਸ਼ਨੀਵਾਰ ਤਕ ਉਸ ਨੂੰ ਗ੍ਰਿਫਤਾਰੀ ਤੋਂ ਰਾਹਤ ਦੇ ਦਿੱਤੀ ਹੈ। ਜੱਜ ਦਾ ਇਹ ਪ੍ਰਤੀਕਰਮ ਓਦੋਂ ਆਇਆ ਜਦੋਂ ਚੌਧਰੀ ਦੇ ਵਕੀਲ ਵਿਸ਼ਨੂੰ ਸ਼ੰਕਰ ਜੈਨ ਨੇ ਦਲੀਲ ਦਿੱਤੀ ਕਿ ਜਾਂਚ ਅਧਿਕਾਰੀ ਨੇ ਯੂ-ਟਿਊਬ ਚੈਨਲ ਖਬਰ ਇੰਡੀਆ ਦੇ ਪੱਤਰਕਾਰ ਵੱਲੋਂ ਉਸ ਦੀ ਇੰਟਰਵਿਊ ਉੱਤੇ ਕਾਰਵਾਈ ਕੀਤੀ ਹੈ। ਕੇਸ ਦੇ ਜਾਂਚ ਅਧਿਕਾਰੀ ਨੇ ਜੰਤਰ-ਮੰਤਰ ਉੱਤੇ 11 ਮਿੰਟ ਦੇ ਵੀਡੀਓ ਦਾ ਵੇਰਵਾ ਸੌਂਪਿਆ ਸੀ। ਜੱਜ ਅੰਤਿਲ ਨੇ ਪੁਲਸ ਨੂੰ ਸਵਾਲ ਕੀਤਾ, ‘ਕੀ ਤੁਸੀਂ ਪੱਤਰਕਾਰ ਨੂੰ ਨੋਟਿਸ ਭੇਜਿਆ ਹੈ? ਉਹ ਹਿੰਸਾ ਭੜਕਾਉਣ ਵਾਲੇ ਸਵਾਲ ਪੁੱਛ ਰਿਹਾ ਸੀ ਤਾਂ ਜੋ ਉਹ (ਪਿੰਕੀ ਚੌਧਰੀ) ਕੁਝ ਭੜਕਾਊ ਬਿਆਨ ਦੇਵੇ। ਉਸ ਨੂੰ ਸਭ ਤੋਂ ਪਹਿਲਾਂ ਸੱਦਿਆ ਜਾਣਾ ਚਾਹੀਦਾ ਹੈ।’ ਅਦਾਲਤ ਨੇ ਜੈਨ ਨੂੰ ਇਹ ਵੀ ਕਿਹਾ ਕਿ ਚੌਧਰੀ ਵੱਲੋਂ ਵੀਡੀਓ ਵਿੱਚ ਬੋਲੇ ਗਏ ਸ਼ਬਦ ਕੀ ਉਸ ਦੇ ਕਲਾਈਂਟ ਦੇ ਹੀ ਹਨ। ਜੈਨ ਨੇ ਕਿਹਾ ਕਿ ਉਸ ਦਾ ਇਰਾਦਾ ਹਿੰਸਾ ਫੈਲਾਉਣ ਦਾ ਨਹੀਂ ਸੀ, ਇਹ ਸ਼ਬਦ ਉਸ ਦੇ ਹੀ ਹਨ। ਜੇ ਪੂਰਾ ਵੀਡੀਓ ਦੇਖੋ ਤਾਂ ਉਹ ਬੇਕਸੂਰ ਹੈ।

## ਉਤਰ ਪ੍ਰਦੇਸ਼ ਸਰਕਾਰ ਦਾ ਭਰੋਸਾ: ਜਾਂਚ ਪੂਰੀ ਹੁੰਦੇ ਸਾਰ ਰਾਖਵਾਂਕਰਨ ਲਾਗੂ ਹੋ ਜਾਵੇਗਾ




ਲਖਨਊ, 19 ਅਗਸਤ (ਪੋਸਟ ਬਿਊਰੋ)-ਉਤਰ ਪ੍ਰਦੇਸ਼ ਦੀ ਰਾਜਨੀਤੀ ਵਿੱਚ ਇਨ੍ਹੀਂ ਦਿਨੀਂ ਰਾਖਵਾਂਕਰਨ ਦਾ ਮੁੱਦਾ ‘ਹਾਟ-ਕੇਕ' ਬ ਕੇ ਵਿਧਾਨ ਸਭਾ ਵਿੱਚ ਵੀ ਛਾਇਆ ਰਿਹਾ ਹੈ। ਪਿਛੜਿਆਂ ਨੂੰ ਅਨੁਸੂਚਿਤ ਜਾਤੀ ਵਿੱਚ ਸ਼ਾਮਲ ਕੀਤੇ ਜਾਣ ਦੀ ਚਰਚਾ ਸੁਣ ਕੇ ਵਿਰੋਧੀ ਧਿਰ ਨੇ ਜੀਅ ਤੋੜ ਕੋਸ਼ਿਸ਼ ਕੀਤੀ ਕਿ ਕਰੈਡਿਟ ਲੈਣ ਵੱਲ ਵਧ ਰਹੀ ਸਰਕਾਰ ਨੂੰ ਸੱਜਿਓਂ-ਖੱਬਿਓਂ ਘੇਰਿਆ ਜਾਏ। ਸਮਾਜਕ ਨਿਆਂ ਕਮੇਟੀ ਦੀ ਰਿਪੋਰਟ ਦਬਾਈ ਰੱਖਣ ਦੇ ਦੋਸ਼ ਲਗਾਏ, ਪ੍ਰੰਤੂ ‘ਪਿਛੜਾ-ਪ੍ਰੇਮ' ਦੇ ਫੈਸਲੇ ਗਿਣਾਉਂਦੇ ਹੋਏ ਆਪਣੀ ਨੀਤੀ ਅਤੇ ਨੀਅਤ ਸਮਝਾਉਣ ਨਾਲ ਸਰਕਾਰ ਨੇ ਸਪੱਸ਼ਟ ਕਹਿ ਦਿੱਤਾ ਕਿ ਕਮੇਟੀ ਦੀ ਰਿਪੋਰਟ ਬਾਰੇ ਜਾਂਚ ਚੱਲ ਰਹੀ ਹੈ ਅਤੇ ਇਸੇ ਕਾਰਜਕਾਲ ਵਿੱਚ ਉਸ ਦਾ ਨਤੀਜਾ ਮਿਲ ਜਾਏਗਾ।

ਸੁਹੇਲਦੇਵ ਭਾਰਤੀ ਸਮਾਜ ਪਾਰਟੀ ਦੇ ਮੈਂਬਰ ਓਮ ਪ੍ਰਕਾਸ਼ ਰਾਜਭਰ ਨੇ ਉੱਤਰ ਪ੍ਰਦੇਸ਼ ਵਿਧਾਨ ਸਭਾ ਸੈਸ਼ਨ ਦੇ ਦੂਸਰੇ ਦਿਨ ਪਿਛੜਿਆਂ ਨੂੰ ਰਾਖਵਾਂਕਰਨ ਦਾ ਮੁੱਦਾ ਉਠਾ ਕੇ ਭਾਜਪਾ ਸਰਕਾਰ ਉੱਤੇ ਤਿੱਖੀ ਟਿੱਪਣੀ ਕੀਤੀ। ਉਨ੍ਹਾਂ ਕਿਹਾ ਕਿ ਪਿਛੜਿਆਂ ਦਾ ਵੋਟ ਲੈਣ ਤੋਂ ਹਟ ਜਾਓ, ਉਹ ਇਸ ਵਾਰਦੱਸਣਗੇ। ਸਮਾਜਕ ਨਿਆਂ ਕਮੇਟੀ 2018 ਵਿੱਚ ਆਪਣੀ ਰਿਪੋਰਟ ਸੌਂਪ ਚੁੱਕੀ ਹੈ, ਪਰ ਉਸ ਨੂੰ ਲਾਗੂ ਨਹੀਂ ਕੀਤਾ ਗਿਆ। ਪਿਛੜੀਆਂ ਜਾਤੀਆਂ ਨਾਲ ਅਨਿਆਂ ਹੋ ਰਿਹਾ ਹੈ। ਉਨ੍ਹਾਂ ਨੇ ਸਵਾਲ ਉਛਾਲਿਆ ਕਿ ਸਰਕਾਰ ਉਸ ਰਿਪੋਰਟ ਨੂੰ ਲਾਗੂ ਕਰੇਗੀ ਜਾਂ ਨਹੀਂ? ਇਸ ਉੱਤੇ ਪਿਛੜਾ ਵਰਗ ਕਲਿਆਣ ਮੰਤਰੀ ਅਨਿਲ ਰਾਜਭਰ ਨੇ ਕਿਹਾ ਕਿ ਸਮਾਜਕ ਨਿਆਂ ਵੱਡਾ ਵਿਸ਼ਾ ਹੈ। ਸਰਕਾਰ ਗੰਭੀਰ ਹੈ। ਉਨ੍ਹਾਂ ਨੇ ਵਿਰੋਧੀ ਨੂੰ ਸ਼ੀਸ਼ਾ ਦਿਖਾਉਂਦੇ ਹੋਏ ਕਿਹਾ ਕਿ ਪਹਿਲਾਂ ਪਿਛੜਿਆਂ ਦਾ ਕੰਮ ਹੋਇਆ ਹੁੰਦਾ ਤਾਂ ਇਹ ਸਥਿਤੀ ਨਾ ਹੁੰਦੀ।

ਵਿਰੋਧੀ ਆਗੂ ਅਤੇ ਮੰਤਰੀ ਰਾਜਭਰ ਬਨਾਮ ਰਾਜਭਰ ਹੋਣ ’ਤੇ ਸਦਨ ਇਸ ਮੁੱਦੇ ਤੋਂ ਇਲਾਵਾ ਹੋਰ ਵਿਸ਼ੇ ਉੱਤੇਵੀ ਭਖ ਗਿਆ। ਓਮ ਪ੍ਰਕਾਸ਼ ਰਾਜਭਰ ਦੇ ਸਵਾਲਾਂ ਦਾ ਜਵਾਬ ਦੇਣ ਦੇ ਨਾਲ ਅਨਿਲ ਰਾਜਭਰ ਨੇ ਉਨ੍ਹਾਂ ਨੂੰ ਆਪਣੀ ਮੰਜੀ ਹੇਠ ਝਾਕਣ ਦੀ ਨਸੀਹਤ ਦਿੱਤੀ ਅਤੇ ਕਿਹਾ ਕਿ ਇਹ ਵਿਦੇਸ਼ੀ ਲੀਡਰ ਸਾਲਾਰ ਮਸਾਊਦ ਦੀ ਮਜ਼ਾਰ ਉੱਤੇ ਜਾਂਦੇ ਹਨ। ਕਈ ਮੁਸਲਿਮ ਨੇਤਾ ਭਾਰਤ ਮਾਤਾ ਦੀ ਜੈ ਬੋਲਦੇ ਹਨ। ਓਵੈਸੀ ਤੋਂ ਭਾਰਤ ਮਾਤਾ ਦੀ ਜੈ ਬੁਲਵਾ ਕੇ ਦਿਖਾਓ। ਓਮ ਪ੍ਰਕਾਸ਼ ਰਾਜਭਰ ਭੜਕ ਗਏ ਅਤੇ ਉਨ੍ਹਾਂ ਨੇ ਕਿਹਾ ਕਿ ਗੱਲ ਕਿੱਥੇ ਦੀ ਕਿੱਥੇ ਲੈ ਕੇ ਜਾ ਰਹੇ ਹੋ। ਓਵੈਸੀ ਅਜਿਹੀ ਕਿਹੜੀ ਬਿਮਾਰੀ ਬਣ ਗਏ ਹਨ, ਜਿਹੜੀ ਤੁਹਾਨੂੰ ਸਾਰਿਆਂ ਨੂੰ ਸਤਾ ਰਹੀ ਹੈ।

## ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲੇ ਨੇ ਦਸਵੀਂ ਦਾ ਕੰਪਾਰਟਮੈਂਟ ਦਾ ਇਮਤਿਹਾਨ ਦਿੱਤਾ



ਸਿਰਸਾ, 19 ਅਗਸਤ (ਪੋਸਟ ਬਿਊਰੋ)- ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਕੱਲ੍ਹ ਸਿਰਸਾ ਦੇ ਆਰੀਆ ਕੰਨਿਆ ਸੀਨੀਅਰ ਸੈਕਡੰਰੀ ਸਕੂਲ ਵਿੱਚ 10ਵੀਂ ਜਮਾਤ ਦਾ ਅੰਗਰੇਜ਼ੀ ਦਾ ਪੇਪਰ ਦਿੱਤਾ।

ਪ੍ਰੀਖਿਆ ਕੇਂਦਰ ਵਿੱਚ ਪੁੱਜਣ ਉੱਤੇਸਾਬਕਾ ਮੁੱਖ ਮੰਤਰੀ ਚੌਟਾਲਾ ਨੇ ਮੀਡੀਆ ਨੂੰ ‘ਆਈ ਐਮ ਏ ਸਟੂਡੈਂਟ, ਨੋ ਕੁਮੈਂਟਸ' ਕਿਹਾ ਤੇਇਮਤਿਹਾਨ ਕੇਂਦਰ ਦੇ ਅੰਦਰ ਚਲੇ ਗਏ। ਉਹ ਇੱਕ ਆਮ ਵਿਦਿਆਰਥੀ ਵਾਂਗ ਪ੍ਰੀਖਿਆ ਦੇਣ ਆਏ ਅਤੇ ਉਨ੍ਹਾਂ ਕੋਈ ਵੀ ਸਿਆਸੀ ਗੱਲ ਨਹੀਂ ਕੀਤੀ। ਵਰਨਣ ਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਸਿੱਖਿਆ ਵਿਭਾਗ ਤੋਂ ਰਾਈਟਰ ਦੀ ਮੰਗ ਕੀਤੀ ਸੀ, ਜਿਸ ਨੂੰ ਮੰਨ ਕੇ ਵਿਭਾਗ ਨੇ ਉਨ੍ਹਾਂ ਨੂੰ ਰਾਈਟਰ ਦੇ ਦਿੱਤਾ ਸੀ। ਦੋ ਘੰਟੇ ਵਿੱਚ ਇਮਤਿਹਾਨ ਦੇ ਕੇ ਓਮ ਪ੍ਰਕਾਸ਼ ਚੌਟਾਲਾ ਕੇਂਦਰ ਤੋਂ ਰਵਾਨਾ ਹੋ ਗਏ। ਚੌਟਾਲਾ 10ਵੀਂ ਜਮਾਤ ਪਾਸ ਕਰ ਚੁੱਕੇ ਹਨ, ਪਰ ਸਿੱਖਿਆ ਵਿਭਾਗ ਨੇ ਉਨ੍ਹਾਂ ਦਾ 12ਵੀਂ ਦਾ ਨਤੀਜਾ ਰੋਕਿਆ ਹੈ, ਜਿਸ ਨੂੰ ਜਾਰੀ ਕਰਵਾਉਣ ਦੇ ਲਈ ਨਿਯਮਾਂ ਮੁਤਾਬਕ ਉਨ੍ਹਾਂ ਲਈ ਪਹਿਲਾਂ 10ਵੀਂ ਵਿੱਚ ਅੰਗਰੇਜ਼ੀ ਦਾ ਪੇਪਰ ਪਾਸ ਕਰਨਾ ਜ਼ਰੂਰੀ ਹੈ। ਚੌਟਾਲਾ ਨੇ 82 ਸਾਲ ਉਮਰ ਵਿੱਚ 2017 ਵਿੱਚ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲ ਤੋਂ ਉਰਦੂ, ਸਾਇੰਸ, ਸੋਸ਼ਲ ਸਟੱਡੀਜ਼ ਅਤੇ ਇੰਡੀਅਨ ਕਲਚਰ ਐਂਡ ਹੈਰੀਟੇਜ਼ ਵਿਸ਼ੇ ਵਿੱਚ 53.40 ਫੀਸਦੀ ਨੰਬਰ ਹਾਸਲ ਕਰ ਕੇ 10ਵੀਂ ਪਾਸ ਕੀਤੀ ਸੀ। ਬੀਤੀ ਪੰਜ ਅਗਸਤ ਨੂੰ ਬੋਰਡ ਵੱਲੋਂ ਜਾਰੀ ਓਪਨ 12ਵੀਂ ਦੇ ਨਤੀਜੇ ਵਿੱਚ ਚੌਟਾਲਾ ਦਾ ਨਤੀਜਾ ਰੋਕ ਦਿੱਤਾ ਗਿਆ ਸੀ।


ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

4165618882, 4164544587

A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀਜ਼ ਇੰਸਟਰਕਟਰ

647-998-7500 ਬਲਵਿੰਦਰ



# ਲਾਹੌਰ ਵਿੱਚ ਭੀੜ ਨੇ ਲੜਕੀ ਨੂੰ ਜਿਨਸੀ ਹਿੰਸਾ ਦੀ ਸ਼ਿਕਾਰ ਬਣਾਇਆ

ਲਾਹੌਰ, 19 ਅਗਸਤ (ਪੋਸਟ ਬਿਊਰੋ)- ਲਾਹੌਰ ਵਿੱਚ ਮੀਨਾਰ-ਏ-ਪਾਕਿਸਤਾਨ ਕੋਲ ਆਜ਼ਾਦੀ ਦਿਨ ਮੌਕੇ ਜਸ਼ਨ ਮਨਾ ਰਹੇ ਲੋਕਾਂ ਦੀ ਭੀੜ ਨੇ ਉਥੇ ਮੌਜੂਦ ਇੱਕ ਲੜਕੀ ਨੂੰ ਘੇਰੇ ਵਿੱਚ ਲੈ ਕੇ ਉਸ ਨਾਲ ਜਿਨਸੀ ਜ਼ਿਆਦਤੀਆਂ ਕਰ ਕੇ ਪੂਰੀ ਦੁਨੀਆ ਵਿੱਚ ਪਾਕਿ-ਸਤਾਨ ਨੂੰ ਸ਼ਰਮਸਾਰ ਕਰ ਦਿੱਤਾ ਹੈ। ਲਾਹੌਰ ਪੁਲਸ ਨੇ ਸ਼ਹਿਰ ਦੇ ਗ੍ਰੇਟਰ ਇਕਬਾਲ ਪਾਰਕ ਵਿਖੇ ਟਿਕਟੌਕ ਬਣਾ ਰਹੀ ਆਇਸ਼ਾ ਨਾਂਅ ਦੀ ਲੜਕੀ ਨਾਲ ਲੱਗਭਗ 400 ਲੋਕਾਂ ਦੀ ਭੀੜ ਵੱਲੋਂ ਅਸ਼ਲੀਲ ਹਰਕਤਾਂ ਤੇ ਕੁੱਟਮਾਰ ਕਰਨ ਬਾਰੇ ਸੈਂਕੜੇ ਅਣਪਛਾਤੇ ਲੋਕਾਂ ਉੱਤੇ ਕੇਸ ਦਰਜ ਕੀਤਾ ਹੈ ਅਤੇ ਚਾਰ ਨੂੰ ਫੜ ਲਿਆ ਹੈ।



ਪਤਾ ਲੱਗਾ ਹੈ ਕਿ ਲਾਹੌਰ ਦੇ ਸ਼ਾਹੀ ਕਿਲ੍ਹੇ ਦੇ ਨੇੜੇ ਲਾਰੀ (ਬੱਸ) ਅੱਡਾ ਪੁਲਸ ਸਟੇਸ਼ਨ ਵਿੱਚ ਦਰਜ ਕੀਤੀ ਗਈ ਸ਼ਿਕਾਇਤ ਵਿੱਚ ਲੜਕੀ ਨੇ ਦੱਸਿਆ ਕਿ ਉਹ ਆਪਣੇ ਛੇ ਸਾਥੀਆਂ ਨਾਲ ਆਜ਼ਾਦੀ ਦਿਹਾੜੇ ਮੌਕੇ ਮੀਨਾਰ-ਏ-ਪਾਕਿਸਤਾਨ ਕੋਲ ਵੀਡੀਓ ਬਣਾ ਰਹੀ ਸੀ ਤਾਂ ਉਸ ਉੱਤੇ ਲੋਕਾਂ ਦੀ ਭੀੜ ਨੇ ਹਮਲਾ ਕਰ ਦਿੱਤਾ। ਲੋਕਾਂ ਨੇ ਉਸ ਦੇ ਕੱਪੜੇ ਪਾੜ ਕੇ ਉਸ ਨੂੰ ਹਵਾ ਵਿੱਚ ਉਛਾਲਣਾ ਸ਼ੁਰੂ ਕਰ ਦਿੱਤਾ ਤੇ ਉਸ ਨਾਲ ਇਤਰਾਜ਼ਯੋਗ ਜਿਨਸੀ ਹਰਕਤਾਂ ਕੀਤੀਆਂ। ਉਸ ਨੇ ਦੱਸਿਆ ਕਿ ਉਸ ਨੂੰ ਛੁਡਾਉਣ ਦੀ ਕੋਸ਼ਿਸ਼ ਕਰਨ ਉੱਤੇ ਭੀੜ ਨੇ ਉਸ ਦੇ ਸਾਥੀਆਂ ਉੱਤੇ ਵੀ ਹਿੰਸਕ ਹਮਲਾ ਕੀਤਾ ਅਤੇ ਇਸ ਦੌਰਾਨ ਉਨ੍ਹਾਂ ਦੀਆਂ ਮੁੰਦਰੀਆਂ, ਸੋਨੇ ਦੀਆਂ ਚੈਨਾਂ, ਮੋਬਾਈਲ ਫ਼ੋਨ, ਸ਼ਨਾਖ਼ਤੀ ਕਾਰਡ ਤੇ ਬਟੂਏ ਜ਼ਬਰਦਸਤੀ ਖੋਹ ਲਏ। ਲਾਹੌਰ ਦੇ ਡੀ ਆਈ ਜੀ ਆਪ੍ਰੇਸ਼ਨ ਸਾਜਿਦ ਕਿਆਨੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਪੁਲਸ ਸੁਪਰਡੈਂਟ ਨੂੰ ਘਟਨਾ ਵਿੱਚ ਸ਼ਾਮਲ ਸ਼ੱਕੀ ਲੋਕਾਂ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਗਏ ਹਨ।

# ਬਾਈਡੇਨ ਨਹੀਂ ਚਾਹੁੰਦੇ ਕਿ ਅਮਰੀਕੀ ਨੌਜਵਾਨ ਕਿਸੇ ਜੰਗ ਵਿੱਚ ਲੜਨ ਤੇ ਮਰਨ : ਸੁਲਿਵਾਨ

ਵਾਸ਼ਿੰਗਟਨ, 19 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਤੋਂ ਅਮਰੀਕੀ ਫ਼ੌਜ ਦੀ ਵਾਪਸੀ ਬਾਰੇ ਰਾਸ਼ਟਰਪਤੀ ਜੋਅ ਬਾਈਡੇਨ ਦੇ ਫੈਸਲੇ ਦਾ ਬਚਾਅ ਕਰਦੇ ਹੋਏ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੈਤਕ ਸੁਲਿ-ਵਾਨ ਨੇ ਕਿਹਾ ਕਿ ਬਾਈਡੇਨ ਦਾ ਮੰਨਣਾ ਹੈ ਕਿ ਤਾਜਿਕਿਸਤਾਨ ਜਾਂ ਪਾਕਿਸਤਾਨ ਜਾਂ ਈਰਾਨ ਕੋਲ ਅਮਰੀਕੀ ਫ਼ੌਜ ਦੀ ਮੌਜੂਦਗੀ ਬਣਾਈ ਰੱਖਣ ਲਈ ਦੇਸ਼ ਨੂੰ ਜੰਗ ਵਿੱਚ 'ਲੜਨ ਅਤੇ ਮਰਨ' ਦੀ ਲੋੜ ਨਹੀਂ ਹੈ।

ਵਰਨਣ ਯੋਗ ਹੈ ਕਿ ਜੋ ਬਾਈਡੇਨ ਨੇ ਅਪ੍ਰੈਲ ਵਿੱਚ ਐਲਾਨ ਕੀਤਾ ਸੀ ਕਿ ਅਮਰੀਕੀ ਫ਼ੌਜ ਇਸ ਸਾਲ 11 ਸਤੰਬਰ ਤਕ ਅਫਗਾਨਿਸਤਾਨ ਤੋਂ ਵਾਪਸ ਬੁਲਾਈ ਜਾਏਗਾ, ਜਿਸ ਨਾਲ ਦੋ ਦਹਾਕੇ ਤਕ ਚੱਲੀ ਦੇਸ਼ ਦੀ ਸਭ ਤੋਂ ਲੰਬੀ ਜੰਗ ਦਾ ਅੰਤ ਹੋ ਗਿਆ ਹੈ। ਅਮਰੀਕਾ ਨੇ ਪਹਿਲਾਂ ਹੀ ਆਪਣੇ ਜ਼ਿਆਦਾਤਰ ਫ਼ੌਜੀਆਂ ਵਾਪਸ ਬੁਲਾ ਲਏ ਸਨ ਤੇ 31 ਅਗਸਤ ਤਕ ਸਾਰੇ ਫ਼ੌਜੀਆਂ ਨੂੰ ਵਾਪਸ ਬੁਲਾਉਣ ਦੀ ਯੋਜਨਾ ਹੈ।ਸੁਲਿਵਾਨ ਨੇ ਵ੍ਹਾਈਟ ਹਾਊਸ ਵਿੱਚ ਪੱਤਰਕਾਰ ਸੰਮੇਲਨ ਵਿੱਚ ਕਿਹਾ ਕਿ ਰਾਸ਼ਟਰਪਤੀ ਬਾਇਡੇਨ ਇਹ ਨਹੀਂ ਮੰਨਦੇ ਕਿ ਅਮਰੀਕਾ ਨੂੰ ਤਾਜਿਕਿਸਤਾਨ ਜਾਂ ਪਾਕਿਸਤਾਨ ਜਾਂ ਈਰਾਨ ਦੇ ਕੋਲ ਅਮਰੀਕੀ ਫ਼ੌਜ ਦੀ ਮੌਜੂਦਗੀ ਬਣਾਈ ਰੱਖਣ ਲਈ ਜੰਗ ਵਿੱਚ ਲੜਨਾ ਅਤੇ ਮਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਨਾਲ ਸਹਿਮਤ ਨਹੀਂ ਹੋਵਾਂਗੇ ਕਿ ਅਮਰੀਕੀ ਫ਼ੌਜੀਆਂ ਨੂੰ ਤਾਜਿਕਿਸਤਾਨ ਕੋਲ ਮੌਜੂਦਗੀ ਬਣਾਏ ਰੱਖਣ ਦੇ ਉਦੇਸ਼ ਲਈ ਆਪਣੀ ਜਾਨ



# ਤਾਲਿਬਾਨ ਨੂੰ ਇੱਕ ਪਾਸੜ ਮਾਨਤਾ ਨਹੀਂ ਦੇਵਾਂਗੇ : ਬੌਰਿਸ ਜੌਹਨਸਨ

ਲੰਡਨ, 19 ਅਗਸਤ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਦੋ ਟੁੱਕ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਅਫਗਾਨਿਸਤਾਨ ਵਿੱਚ ਨਵੀਂ ਸਰਕਾਰ ਨੂੰ ਇਕਪਾਸੜ ਤੌਰ ਉੱਤੇ ਮਾਨਤਾ ਨਹੀਂ ਹੋਣੀ ਚਾਹੀਦੀ। ਬੌਰਿਸ ਜੌਹਨਸਨ ਨੇ ਸੰਕਟ ਨਾਲ ਜੂਝ ਰਹੇ ਅਫਗਾਨਿਸਤਾਨ ਬਾਰੇ ਮੌਜੂਦਾ ਸਥਿਤੀ ਉੱਤੇ ਚਰਚਾ ਕਰਦਿਆਂ ਇਹ ਗੱਲ ਸਪੱਸ਼ਟ ਸ਼ਬਦਾਂ ਵਿੱਚ ਕਹੀ ਹੈ।



ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਸੰਕਟ ਵਿੱਚ ਤਾਲਮੇਲ ਵਾਲੀ ਰਣਨੀਤੀ ਲਈ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨਾਲ ਗੱਲਬਾਤ ਕੀਤੀ। ਦੂਜੇ ਪਾਸੇ ਕੱਲ੍ਹ ਬ੍ਰਿਟੇਨ ਦੀ ਪਾਰਲੀਮੈਂਟ ਵਿੱਚ ਵੀ ਅਫ਼ਗਾਨਿਸਤਾਨ ਦੇ ਮਸਲੇ ਉਤੇ ਬਹਿਸ ਹੋਈ, ਜਿਸ ਦੌਰਾਨ 20 ਹਜ਼ਾਰ ਅਫ਼ਗਾਨਾ ਨੂੰ ਨਾਗਰਿਕਤਾ ਦੇਣ ਦੀ ਯੋਜਨਾ ਦੇ ਬਾਰੇ ਵਿਚਾਰ ਕੀਤਾ ਗਿਆ। ਪ੍ਰਧਾਨ ਮੰਤਰੀ ਦੀ ਰਿਹਾਇਸ਼ ਡਾਊਨਿੰਗ ਸਟਰੀਟ ਨੇ ਕਿਹਾ ਕਿ ਮਨੁੱਖਤਾ ਦੀ ਤਬਾਹੀ ਤੋਂ ਬਚਣ ਲਈ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਸੰਸਾਰ ਭਾਈਚਾਰੇ ਨਾਲ ਕੰਮ ਕਰਨ ਦੀ ਆਪਣੀ ਵਚਨਬੱਧਤਾ ਉੱਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਵਿੱਚ ਨਵੀਂ ਸਰਕਾਰ ਦੀ ਕੋਈ ਵੀ ਮਾਨਤਾ ਸੰਸਾਰ ਪੱਧਰ ਉੱਤੇ ਹੋਵੇਗੀ, ਨਾ ਕਿ ਇਕਤਰਫਾ। ਪ੍ਰਧਾਨ ਮੰਤਰੀ ਨੇ ਪਾਕਿਸਤਾਨ ਨੂੰ ਤਾਲਿਬਾਨ ਦੇ ਕਬਜ਼ੇ ਤੋਂ ਲੈ ਕੇ ਖਿੱਤੇ ਦੀ ਉਭਰ ਰਹੀ ਸਥਿਤੀ ਬਾਰੇ ਆਉਂਦੇ ਦਿਨਾਂ ਵਿੱਚ ਤਾਲਿਬਾਨ ਨਾਲ ਸੰਪਰਕ ਰੱਖਣ ਦੀ ਸਹਿਮਤੀ ਦਿੱਤੀ ਹੈ। ਜੌਹਨਸਨ ਨੇ ਅਮਰੀਕੀ ਰਾਸ਼ਟਰਪਤੀ ਨਾਲ ਨਾਗਰਿਕਾਂ ਨੂੰ ਕੱਢਣ ਬਾਰੇ ਵੀ ਵਿਚਾਰਾਂ ਕੀਤੀਆਂ।

ਦੂਜੇ ਪਾਸੇ ਵਿਦੇਸ਼ ਮੰਤਰੀ ਡੌਮਨਿਕ ਰਾਬ ਨੇ ਕਿਹਾ ਕਿ ਭਾਰਤ ਯੂ ਐੱਨ ਸੈਂਕਸ਼ਨ ਕਮੇਟੀ ਦਾ ਚੇਅਰਮੈਨ ਹੈ ਤੇ ਅਫ਼ਗਾਨਿਸਤਾਨ ਸੰਕਟ ਨਾਲ ਨਜਿੱਠਣ ਲਈ ਭਾਰਤ ਦਾ ਮਹੱਤਵ ਪੂਰਰ ਰੋਲ ਹੋਵੇਗਾ। ਉਨ੍ਹਾਂ ਕਿਹਾ ਕਿ ਯੂ ਕੇ ਹਮਖਿਆਲ ਤੇ ਭਾਈਵਾਲ ਦੇਸ਼ਾਂ ਨਾਲ ਮਿਲ ਕੇ ਸਥਿਤੀ ਉੱਤੇ ਨਜ਼ਰ ਰੱਖ ਰਿਹਾ ਹੈ।

# ਅਮਰੀਕੀ ਹਵਾਈ ਫੌਜ ਦੇ ਜਹਾਜ਼ ਦੇ ਪਹੀਏ ਵਿੱਚੋਂ ਮਨੁੱਖੀ ਹੱਡੀਆਂ ਤੇ ਮਾਸ ਮਿਲਿਆ




ਵਾਸ਼ਿੰਗਟਨ, 19 ਅਗਸਤ (ਪੋਸਟ ਬਿਊਰੋ)- ਅਮਰੀਕੀ ਹਵਾਈ ਫੌਜ ਨੇ ਕੱਲ੍ਹ ਇੱਥੇ ਦੱਸਿਆ ਹੈ ਕਿ ਉਸ ਦੇ ਸੀ-17 ਗਲੋਬਮਾਸਟਰ ਕਾਰਗੋ ਜਹਾਜ਼ ਦੇ ਪਹੀਏ ਵਿੱਚੋਂ ਮਿਲੀਆਂ ਮਨੁੱਖੀ ਹੱਡੀਆਂ ਅਤੇ ਮਾਸ ਮਾਮਲੇ ਨਾਲ ਜੁੜੇ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਕਾਰਗੋ ਜਹਾਜ਼ ਨੇ ਸੋਮਵਾਰ ਨੂੰ ਕਾਬੁਲ ਹਵਾਈ ਅੱਡੇ ਤੋਂ ਕਤਰ ਲਈ ਉਡਾਣ ਭਰੀ ਸੀ ਤੇ ਉਡਾਣ ਭਰਨ ਤੋਂ ਪਹਿਲਾਂ ਸੈਂਕੜੇ ਅਫਗਾਨਾਂ, ਜੋ ਮੁਲਕ ਛੱਡਣ ਲਈ ਕਾਹਲੇ ਸਨ, ਨੇ ਸੀ-17 ਜਹਾਜ਼ ਵਿੱਚ ਸਵਾਰ ਹੋਣ ਦੀ ਕੋਸ਼ਿਸ਼ ਕੀਤੀ ਤੇ ਇਸ ਦੌਰਾਨ ਉਥੇ ਧੱਕਾ-ਮੁੱਕੀ ਵੀ ਹੋਈ ਸੀ।
ਅਫਗਾਨ ਲੋਕ ਏਨੇ ਕਾਹਲੇ ਸਨ ਕਿ ਕਈ ਜਹਾਜ਼ ਦੇ ਖੰਭਾਂ ਤੇ ਪਹੀਆਂ ਨਾਲ ਲਟਕ ਗਏ। ਸੋਸ਼ਲ ਮੀਡੀਆ ਉੱਤੇ ਨਸ਼ਰ ਵੀਡੀਓਜ਼ ਵਿੱਚ ਅਮਰੀਕੀ ਜਹਾਜ਼ ਦੇ ਉਡਾਣ ਭਰਨ ਮਗਰੋਂ ਦੋ ਵਿਅਕਤੀ ਹੇਠਾਂ ਡਿੱਗਦੇ ਵੀ ਦਿਖਾਈ ਦਿੰਦੇ ਹਨ। ਉਂਝ ਅਮਰੀਕੀ ਹਵਾਈ ਫੌਜ ਨੇ ਇਹ ਨਹੀਂ ਦੱਸਿਆ ਇਸ ਘਟਨਾ ਵਿੱਚ ਕਿੰਨੇ ਲੋਕ ਮਾਰੇ ਗਏ। ਉਨ੍ਹਾਂ ਕਿਹਾ ਕਿ ਜਹਾਜ਼ ਦੇ ਕਤਰ ਦੇ ਅਲ ਉਦੈਦ ਹਵਾਈ ਅੱਡੇ ਉੱਤੇ ਉਤਰਨ ਮਗਰੋਂ ਉਸ ਦੇ ਪਹੀਏ ਵਿੱਚੋਂ ਮਨੁੱਖੀ ਮਾਸ ਤੇ ਹੱਡੀਆਂ ਮਿਲੀਆਂ ਹਨ। ਹਵਾਈ ਫੌਜ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਵੱਲੋਂ ਜਹਾਜ਼ ਬਾਰੇ ਜਾਣਕਾਰੀ ਉੱਤੇਜਾਂਚ ਕੀਤੀ ਜਾ ਰਹੀ ਹੈ। ਆਮ ਲੋਕਾਂ ਦੀਆਂ ਜਾਨਾਂ ਲਈ ਵੀਡੀਓਜ਼ ਤੇ ਸੋਸ਼ਲ ਮੀਡੀਆ ਨੂੰ ਵੀ ਖੰਗਾਲਿਆ ਜਾਵੇਗਾ।

# ਜੰਗ ਲੜਨ ਵਾਲੀ ਗਵਰਨਰ ਬੀਬੀ ਸਲੀਮਾ ਮਜ਼ਾਰੀ ਨੂੰ ਤਾਲਿਬਾਨ ਨੇ ਗ੍ਰਿਫ਼ਤਾਰ ਕੀਤਾ

ਕਾਬੁਲ, 19 ਅਗਸਤ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਉੱਤੇ ਤਾਲਿਬਾਨ ਦੇ ਕਬਜੇ ਪਿੱਛੋਂ ਸਰਕਾਰ ਬਣਾਉਣ ਦੀਆਂ ਕੋਸ਼ਿਸ਼ਾਂ ਦੌਰਾਨ ਵੀ ਬੀਬੀ ਸਲੀਮਾ ਮਜ਼ਾਰੀ ਨੇ ਲੜਾਈ ਜਾਰੀ ਰੱਖੀ ਹੋਈ ਹੈ। ਤਾਜ਼ਾ ਰਿਪੋਰਟਾਂ ਦੇ ਮੁਤਾਬਕ ਤਾਲਿਬਾਨ ਨੇ ਸਲੀਮਾ ਮਜ਼ਾਰੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਹੜੀ ਅਫ਼ਗਾਨਿਸਤਾਨ ਦੀ ਪਹਿਲੀ ਮਹਿਲਾ ਗਵਰਨਰ ਹੈ ਅਤੇ ਉਸ ਨੇ ਪਿਛਲੇ ਕੁਝ ਸਮੇਂ ਤੋਂ ਤਾਲਿਬਾਨ ਦੇ ਖਿਲਾਫ ਲੜਾਈ ਵਿੱਢੀ ਹੋਈ ਸੀ।



ਵਰਨਣ ਯੋਗ ਹੈ ਕਿ ਸਲੀਮਾ ਮਜ਼ਾਰੀ ਨੇ ਤਾਲਿਬਾਨ ਨਾਲ ਲੜਨ ਲਈ ਹਥਿਆਰ ਚੁੱਕੇ ਅਤੇ ਆਖਰੀ ਸਮੇਂ ਤੱਕ ਉਹ ਤਾਲਿਬਾਨ ਦੇ ਖਿਲਾਫ ਲੜਦੀ ਰਹੀ ਸੀ। ਜਦੋਂ ਅਫ਼ਗਾਨਿਸਤਾਨ ਦੇ ਹੋਰ ਨੇਤਾ ਦੇਸ਼ ਛੱਡ ਕੇ ਭੱਜਣ ਲੱਗੇ, ਸਲੀਮਾ ਉਦੋਂ ਵੀ ਆਪਣੇ ਸਮਰਥਕਾਂ ਨਾਲ ਤਾਲਿਬਾਨ ਦੇ ਖਿਲਾਫ ਖੜ੍ਹੀ ਰਹੀ। ਅਫਗਾਨਿਸਤਾਨ ਦਾ ਬਲਖ ਸੂਬਾ ਜਦੋਂ ਤਾਲਿਬਾਨ ਦੇ ਕਬਜ਼ੇ ਵਿਚ ਆਇਆ ਤਾਂ ਓਥੋਂ ਦੇ ਚਹਾਰ ਜ਼ਿਲੇ ਵਿੱਚ ਸਲੀਮਾ ਮਜ਼ਾਰੀ ਉਨ੍ਹਾਂ ਦੀ ਕੈਦ ਵਿੱਚ ਆ ਗਈ। ਇਸ ਦੇਸ਼ ਵਿਚ ਕੁੱਲ ਤਿੰਨ ਗਵਰਨਰ ਬੀਬੀਆਂ ਵਿਚੋਂ ਸਲੀਮਾ ਪਹਿਲੀ ਸੀ। ਉਸ ਦੇ ਸੂਬੇ ਚਹਾਰ ਵਿਚ ਕਰੀਬ 32 ਹਜ਼ਾਰ ਤੋਂ ਵੱਧ ਆਬਾਦੀ ਹੈ, ਜਿੱਥੇ ਅਖੀਰ ਤੱਕ ਉਸ ਨੇ ਤਾਲਿਬਾਨ ਨੂੰ ਕਬਜ਼ਾ ਨਹੀਂ ਸੀ ਕਰਨ ਦਿੱਤਾ।
ਸਲੀਮਾ ਮਜ਼ਾਰੀ ਦਾ ਜਨਮ ਈਰਾਨ ਵਿਚ ਹੋਇਆ ਸੀ, ਪਰ ਸੋਵੀਅਤ ਰੂਸ ਦੀਆਂ ਫੌਜਾਂ ਨਾਲ ਜੰਗ ਦੇ ਸਮੇਂ ਉਹ ਅਫ਼ਗਾਨਿਸਤਾਨ ਵਿਚ ਆਈ ਸੀ। ਉਹ ਤਹਿਰਾਨ ਯੂਨੀਵਰਸਿਟੀ ਤੋਂ ਪੜ੍ਹੀ ਹੋਈ ਹੈ, ਪਰ ਬਾਅਦ ਵਿਚ ਅਫ਼ਗਾਨਿਸਤਾਨ ਲਈ ਉਹ ਰਾਜਨੀਤੀ ਦੇ ਰਾਹ ਪਈ ਤੇ ਫਿਰ ਤਾਲਿਬਾਨ ਨਾਲ ਲੜਨ ਲਈ ਬੰਦੂਕ ਚੁੱਕੀ ਸੀ।

# ਅਮਰੀਕਾ 'ਚ ਮਾਰਚ ਪਿੱਛੋਂ ਇੱਕੋ ਦਿਨ ਕੋਰੋਨਾ ਨਾਲ 1000 ਤੋਂ ਵੱਧ ਮੌਤਾਂ



ਵਾਸ਼ਿੰਗਟਨ, 19 ਅਗਸਤ, (ਪੋਸਟ ਬਿਊਰੋ)- ਅਮਰੀਕਾ ਵਿੱਚ ਕੋਰੋਨਾ ਨਾਲ ਕੱਲ੍ਹ ਇੱਕੋ ਦਿਨ1000 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ।ਖਬਰ ਏਜੰਸੀ ਦੇ ਅਨੁਸਾਰ ਅਮਰੀਕਾ ਵਿੱਚ ਬੀਤੇ ਇੱਕੋ ਦਿਨ1000 ਤੋਂ ਵੱਧ ਕੋਰੋਨਾ ਮੌਤਾਂ ਹੋਈਆਂ ਹਨ, ਜਿਸ ਦਾ ਅਰਥ ਇਕ ਘੰਟੇ ਵਿੱਚ 42 ਮੌਤਾਂ ਬਣਦਾ ਹੈ।ਇਸ ਦਿਨ 1017 ਮੌਤਾਂ ਦਾ ਹੋਣਾ ਅਮਰੀਕਾ ਵਿੱਚ ਮਾਰਚ ਤੋਂ ਬਾਅਦ ਕੋਰੋਨਾ ਨਾਲ ਸਭ ਤੋਂ ਵੱਧ ਮੌਤਾਂ ਦਾ ਅੰਕੜਾ ਹੈ।
ਵਰਨਣ ਯੋਗ ਹੈ ਕਿ ਅਮਰੀਕਾ ਵਿੱਚ ਕੋਰੋਨਾ ਨਾਲ ਅੱਜ ਤਕ 6 ਲੱਖ 30 ਹਜ਼ਾਰ ਤੋਂ ਵੱਧ ਲੋਕਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ ਤੇ ਦੁਨੀਆਵਿੱਚ ਕੋਰੋਨਾ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਅਮਰੀਕਾ ਪਹਿਲੇ ਨੰਬਰ ਉੱਤੇ ਹੈ।ਇਸ ਦੌਰਾਨ ਅਮਰੀਕਾ ਵਿੱਚ ਕੋਰੋਨਾ ਦੇ ਕੇਸਾਂ ਵਿੱਚਹੋਰ ਤੇਜ਼ੀ ਦੇਖੀ ਗਈ ਹੈ। ਡੈਲਟਾ ਵੇਰੀਐਂਟ ਵੀ ਇਸ ਦੇਸ਼ ਵਿੱਚ ਵਧੀਜਾਂਦਾ ਹੈ ਅਤੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਤੇਜ਼ੀ ਨਾਲ ਵਧਣ ਕਾਰਨ ਹਸਪਤਾਲਾਂ ਵਿੱਚ ਬੈੱਡ ਦੀ ਕਮੀ ਆ ਰਹੀ ਹੈ।

# ਸ਼ਰਨਾਰਥੀ ਅਫਗਾਨ ਲੜਕੀ ਦਾ ਦਰਦ: ਤਾਲਿਬਾਨ ਬਾਰੇ ਚੁੱਪ ਲਈ ਦੁਨੀਆ ਨੂੰ ਕਦੇ ਮੁਆਫ ਨਹੀਂ ਕਰਾਂਗੀ

ਕਾਬੁਲ, 19 ਅਗਸਤ (ਪੋਸਟ ਬਿਊਰੋ)- ਦਰਦ ਅਤੇ ਬੇਯਕੀਨੀ ਦਾ ਬੋਝ ਲੈ ਕੇ ਕਾਬੁਲ ਦੇ ਕੌਮਾਂਤਰੀ ਹਵਾਈ ਅੱਡੇ ਉੱਤੇ ਇੱਕ ਅਫਗਾਨ ਲੜਕੀ ਦੋ ਸੰਸਾਰਾਂ ਵਿਚਾਲੇ ਲਟਕ ਰਹੀ ਹੈ। ਇੱਕ ਦੁਨੀਆ ਉਹ ਹੈ, ਜੋ ਇਸ 20 ਸਾਲ ਦੀ ਲੜਕੀ ਨੂੰ ਕਿਸੇ ਵੀ ਇੱਕ ਅਜਿਹੇ ਦੇਸ਼ ਦਾ ਜਹਾਜ਼ ਫੜਨ ਲਈ ਬੇਵੱਸ ਕਰ ਚੁੱਕੀ ਹੈ, ਜਿੱਥੇ ਉਸ ਦੀ ਜ਼ਿੰਦਗੀ ਇੱਕ ਸ਼ਰਨਾਰਥੀ ਤੋਂ ਵੱਧ ਕੁਝ ਨਹੀਂ ਹੋਵੇਗੀ। ਦੂਸਰੀ ਦੁਨੀਆ ਅਫਗਾਨਿਸਤਾਨ ਅੱਜ ਤਾਲਿਬਾਨ ਦੇ ਕਬਜ਼ੇ ਵਿੱਚ ਹੈ ਤੇ ਉਥੇ ਰਹੀ ਤਾਂ ਪਿਛਲੇ 20 ਸਾਲਾਂ ਦੀ ਆਪਣੀ ਹਰ ਪ੍ਰਾਪਤੀ ਨੂੰ ਗੁਆਉਣ ਲਈ ਉਹ ਮਜਬੂਰ ਕਰ ਦਿੱਤੀ ਜਾਵੇਗੀ।



ਨਿਰਾਸ਼ਾ ਨਾਲ ਭਰੀ ਅਫਗਾਨ ਲੜਕੀ ਨੇ ਕਿਹਾ, "ਮੈਂ ਇਸ ਮਾਮਲੇ ਵਿੱਚ ਚੁੱਪ ਵੱਟਣ ਲਈ ਦੁਨੀਆ ਨੂੰ ਕਦੇ ਮੁਆਫ ਨਹੀਂ ਕਰਾਂਗੀ। ਮੇਰਾ ਇਹ ਹਾਲ ਨਹੀਂ ਹੋਣਾ ਚਾਹੀਦਾ ਸੀ। ਕਿਸੇ ਦਾ ਵੀ ਇਹ ਹਾਲ ਨਹੀਂ ਹੋਣਾ ਚਾਹੀਦਾ।" ਬੀਤੇ ਤਿੰਨ ਦਿਨਾਂ ਤੋਂ ਹਵਾਈ ਅੱਡੇ ਉੱਤੇ ਬੈਠੀ ਇਹ ਅਫਗਾਨ ਲੜਕੀ ਭੁੱਖੀ, ਪਿਆਸੀ ਅਤੇ ਬੇਹੱਦ ਡਰੀ ਹੋਈ ਹੈ। ਡਰ ਨਾਲ ਉਸ ਦੀਆਂ ਅੱਖਾਂ ਵਿੱਚ ਨੀਂਦ ਤਕ ਨਹੀਂ ਆਈ। ਉਸ ਦੇ ਜ਼ਿਹਨ ਵਿੱਚ ਸਵਾਲਾਂ ਦਾ ਢੇਰ ਹੈ, ਪਰ ਜਵਾਬ ਇੱਕ ਵੀ ਨਹੀਂ ਹੈ। ਉਸ ਨੇ ਅੱਜ ਤਕ ਜੋ ਵੀ ਹਾਸਲ ਕੀਤਾ ਤੇ ਬਣਾਇਆ, ਇੱਕ ਝਟਕੇ ਵਿੱਚ ਸਭ ਖੁੱਸ ਗਿਆ ਹੈ। ਉਹ ਇੱਕ ਅਮਰੀਕੀ ਕੰਟ੍ਰੈਕਟਰ ਲਈ ਬਤੌਰ ਡਾਟਾ ਐਨਾਲਿਸਟ ਕੰਮ ਕਰਦੀ ਹੈ, ਪਰ ਅਗਲੇ ਪਲ ਉਸ ਨਾਲ ਕੀ ਹੋਣ ਵਾਲਾ ਹੈ, ਉਸ ਨੂੰ ਇਸ ਦਾ ਪਤਾ ਨਹੀਂ। ਉਹ ਉਲਝਣਾਂ ਵਿੱਚ ਘਿਰੀ ਹੈ ਤੇ ਪੂਰੀ ਤਰ੍ਹਾਂ ਨਾ-ਉਮੀਦ ਹੋ ਚੁੱਕੀ ਹੈ। ਉਸ ਨੂੰ ਪਤਾ ਨਹੀਂ ਕਿ ਕਿੱਥੇ ਜਾਵੇਗੀ? ਉਸ ਦੇ ਦਿਨ ਕਿਵੇਂ ਬੀਤਣਗੇ? ਉਸ ਦੇ ਪਰਵਾਰ ਦਾ ਪਾਲਣ-ਪੋਸ਼ਣ ਕੌਣ ਕਰੇਗਾ?

ਉਸ ਨੇ ਆਪਣਾ ਨਾਂਅ ਗੁਪਤ ਰੱਖਦਿਆਂ ਦੱਸਿਆ ਕਿ ਐਤਵਾਰ ਦੁਪਹਿਰੇ ਉਸ ਨੂੰ ਫੋਨ ਆਇਆ ਕਿ ਉਸ ਨੂੰ ਸਿਰਫ 10 ਮਿੰਟ ਵਿੱਚ ਹਵਾਈ ਅੱਡੇ ਪਹੁੰਚਣਾ ਹੋਵੇਗਾ। ਉਸ ਨੂੰ ਦੱਸਿਆ ਗਿਆ ਸੀ ਕਿ ਉਸ ਦਾ ਨਾਂਅ ਅਮਰੀਕਾ ਜਾਂ ਮੈਕਸੀਕੋ ਜਾਣ ਵਾਲੇ ਬਚਾਅ ਦਲ ਦੀ ਸੂਚੀ ਵਿੱਚ ਦਰਜ ਹੈ, ਜਦੋਂ ਕਿ ਉਸ ਦੇ ਪਾਸਪੋਰਟ ਉੱਤੇ ਕੋਈ ਵੀਜ਼ਾ ਨਹੀਂ ਹੈ। ਉਸ ਨੇ ਸਿਰਫ ਕੁਝ ਕੱਪੜਿਆਂ, ਲੈਪਟਾਪ ਤੇ ਇੱਕ ਫੋਨ ਨਾਲ ਕਾਬੁਲ ਵਿੱਚ ਆਪਣੇ ਦੋਸਤ ਦਾ ਅਪਾਰਟਮੈਂਟ ਛੱਡ ਦਿੱਤਾ। ਉਸ ਨੇ ਕਿਹਾ, ਅੱਜ ਇਸ ਛੋਟੇ ਜਿਹੇ ਬੈਗ-ਪੈਕ ਵਿੱਚ ਸਾਰੇ ਸੁਫਨੇ ਤੇ ਯੋਜਨਾਵਾਂ ਹਨ।ਉਸ ਨੇ ਦੱਸਿਆ ਕਿ ਐਤਵਾਰ ਨੂੰ ਜਦੋਂ ਤਾਲਿਬਾਨ ਕਾਬੁਲ ਵਿੱਚ ਵੜੇ, ਅਮਰੀਕੀ ਮੀਡੀਆ ਲਈ ਕੰਮ ਕਰਦੇ ਉਸ ਦੇ ਕੁਝ ਅਫਗਾਨ ਸਾਥੀਆਂ ਨਾਲ ਉਹ ਆਪਣੇ ਅਮਰੀਕੀ ਦੋਸਤਾਂ ਦੇ ਭਰੋਸੇ ਕੌਮਾਂਤਰੀ ਹਵਾਈ ਅੱਡੇ ਜਾਣ ਲਈ ਭੱਜੀ। ਉਸ ਕੋਲ ਪੱਛਮੀ ਸੂਬੇ ਦੇ ਹੇਰਾਤ ਵਿੱਚ ਰਹਿਣ ਵਾਲੇ ਪਰਵਾਰ ਨਾਲ ਸੰਪਰਕ ਕਰਨ ਦਾ ਵੀ ਸਮਾਂ ਨਹੀਂ ਸੀ। ਉਸ ਦੇ ਪਰਵਾਰ ਨੂੰ ਉਸ ਦੇ ਦੇਸ਼ ਛੱਡਣ ਉੱਤੇ ਕੋਈ ਇਤਰਾਜ਼ ਨਹੀਂ, ਕਿਉਂਕਿ ਰੋਜ਼ੀ-ਰੋਟੀ ਦੀ ਜ਼ਿੰਮੇਵਾਰੀ ਉਸ ਉੱਤੇ ਹੈ। ਉਸ ਦੀ ਇਸ ਭੂਮਿਕਾ ਕਾਰਨ ਉਸ ਨੂੰ ਇੱਜ਼ਤ ਤੇ ਸਨਮਾਨ ਮਿਲਿਆ ਸੀ, ਜੋ ਤਾਲਿਬਾਨ ਖੋਹ ਲਵੇਗਾ। ਉਹ ਜਾਣਦੀ ਹੈ ਕਿ ਜੇ ਇੱਥੇ ਰੁਕੀ ਤਾਂ ਕੌਮਾਂਤਰੀ ਯੂਨੀਵਰਸਿਟੀ ਤੋਂ ਸਿੱਖਿਆ ਹਾਸਲ ਕਰਨ, ਵਿਦੇਸ਼ੀਆਂ ਨਾਲ ਕੰਮ ਕਰਨ ਦੇ ਬਾਵਜੂਦ ਪਰਵਾਰ ਉੱਤੇ ਬੋਝ ਬਣ ਜਾਵੇਗੀ।ਉਸ ਨੇ ਦੱਸਿਆ ਕਿ ਹੇਰਾਤ ਛੱਡਣ ਤੋਂ ਪਹਿਲਾਂ ਉਸ ਨੇ ਉਥੇ ਅਮਰੀਕਾ ਨਾਲ ਜੁੜੀਆਂ ਆਪਣੀਆਂ ਨਿਸ਼ਾਨੀਆਂ ਨੂੰ ਅੱਗ ਲਾ ਕੇ ਸਾੜ ਦਿੱਤਾ ਸੀ ਤਾਂ ਕਿ ਉਸ ਦੀ ਪਛਾਣ ਹੋਣ ਉੱਤੇ ਉਸ ਦੇ ਪਰਵਾਰ ਉੱਤੇ ਜ਼ੁਲਮ ਨਾ ਕੀਤਾ ਜਾਵੇ। ਇਨ੍ਹਾਂ ਸਬੂਤਾਂ ਵਿੱਚ ਅਮਰੀਕੀ ਅਖਬਾਰ ਵਿੱਚ ਛਪੀ ਉਸ ਦੀ ਫੋਟੋ ਵੀ ਹੈ। ਹੰਝੂਆਂ ਵਿੱਚ ਡੁੱਬੀ ਲੜਕੀ ਨੇ ਦੱਸਿਆ ਕਿ ਉਹ ਨਿਕਲਣ ਲਈ ਬੇਸਬਰੀ ਨਾਲ ਜਹਾਜ਼ ਦੀ ਉਡੀਕ ਕਰ ਰਹੀ ਹੈ। ਉਹ ਥੱਕ ਗਈ ਹੈ ਤੇ ਤਿੰਨ ਦਿਨਾਂ ਤੋਂ ਸੁੱਤੀ ਵੀ ਨਹੀਂ, ਪਰ ਜੇ ਸੌਂ ਗਈ ਤਾਂ ਇਸੇ ਹਵਾਈ ਅੱਡੇ ਉੱਤੇ ਉਸ ਨਾਲ ਲੁੱਟ ਹੋਣ ਦਾ ਖਦਸ਼ਾ ਹੈ। ਉਸ ਨੇ ਦੱਸਿਆ ਕਿ ਉਸ ਨੇ ਹਵਾਈ ਅੱਡੇ ਉੱਤੇ ਅਮਰੀਕੀ ਫੌਜ ਦੀ ਫਾਇਰਿੰਗ ਤੇ ਲੋਕਾਂ ਦੀ ਭਾਜੜ ਦਾ ਦ੍ਰਿਸ਼ ਦੇਖਿਆ ਹੈ। ਉਸ ਕੋਲ ਖਾਣਾ, ਪੈਸਾ ਆਦਿ ਕੁਝ ਵੀ ਨਹੀਂ ਹੈ ਤੇ ਉਹ ਕਿਸੇ ਦੂਜੇ ਦੇਸ਼ ਦੀ ਸ਼ਰਨਾਰਥੀ ਬਣਨ ਜਾ ਰਹੀ ਹੈ। ਉਸ ਨੂੰ ਦੂਰ ਹੋ ਚੁੱਕੇ ਆਪਣੇ ਪਰਵਾਰ ਦੀ ਵੀ ਚਿੰਤਾ ਹੈ। ਐਤਵਾਰ ਰਾਤ ਇੱਕ ਵਾਰ ਉਹ ਹਿੰਮਤ ਹਾਰ ਕੇ ਵਾਪਸ ਘਰ ਜਾਣਾ ਚਾਹੁੰਦੀ ਸੀ, ਪਰ ਘਬਰਾ ਕੇ ਉਸ ਨੇ ਆਪਣਾ ਮਨ ਬਦਲ ਲਿਆ।

# ਅਮਰੀਕਾ ਨੇ ਅਫਗਾਨਿਸਤਾਨੀ ਕੇਂਦਰੀ ਬੈਂਕ ਦੀ 950 ਕਰੋੜ ਡਾਲਰ ਦੀ ਜਾਇਦਾਦ ਜ਼ਬਤ ਕੀਤੀ

## * ਅਫਗਾਨ ਡਿਪਲੋਮੈਟ ਵੱਲੋਂ ਗਨੀ ਉੱਤੇ 16.9 ਕਰੋੜ ਡਾਲਰ ਦੀ ਚੋਰੀ ਦਾ ਦੋਸ਼

ਵਾਸ਼ਿੰਗਟਨ, 19 ਅਗਸਤ, (ਪੋਸਟ ਬਿਊਰੋ)- ਅਫਗਾਨਿਸਤਾਨਉੱਤੇਤਾਲਿਬਾਨ ਦਾਕ-ਬਜ਼ਾ ਹੋਣ ਮਗਰੋਂ ਅਮਰੀਕਾ ਨੇ ਉਸ ਦੇਸ਼ ਦਾ ਖਜ਼ਾਨਾ ਤਾਲਿਬਾਨ ਦੀ ਪਹੁੰਚ ਤੋਂ ਦੂਰ ਰੱਖਣ ਵਾਲੇ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਇਸ ਲਈਅਮਰੀਕਾ ਨੇ ਅਫਗਾਨਿਸਤਾਨ ਦੇ ਸੈਂਟਰਲ ਬੈਂਕ ਦੀ ਕਰੀਬ 950ਕਰੋੜ ਡਾਲਰ (ਯਾਨੀ 70600 ਕਰੋੜ ਭਾਰਤੀ ਰੁਪਏ ਤੋਂ ਵੱਧ) ਦੀ ਜਾਇਦਾਦ ਜ਼ਬਤ ਕਰਲਈ ਹੈ। ਇਹੀ ਨਹੀਂ, ਅਫਗਾਨਿਸਤਾਨ ਦਾ ਤਾਲਿਬਾਨ ਦੇ ਕੋਲਖਜ਼ਾਨਾ ਨਾ ਚਲਾ ਜਾਵੇ, ਇਸ ਮਕਸਦ ਲਈ ਅਮਰੀਕਾ ਨੇ ਹਾਲ ਦੀ ਘੜੀ ਅਫਗਾਨਿਸਤਾਨ ਨੂੰ ਕੈਸ਼ਸਪਲਾਈ ਰੋਕ ਦਿੱਤੀ ਹੈ। ਅਮਰੀਕਾਦੇ ਖਜ਼ਾਨਾ ਮੰਤਰਾਲਾ ਨੇ ਫੈਡਰਲ ਰਿਜ਼ਰਵ ਤੇ ਹੋਰ ਅਮਰੀਕੀ ਬੈਂਕਾਂ ਵੱਲੋਂ ਪਾਬੰਦੀਸ਼ੁਦਾ ਕੈਸ਼ ਰਿਜ਼ਰਵ ਨੂੰ ਤਾਲਿਬਾਨ ਸਰਕਾਰ ਦੀ ਪਹੁੰਚ ਵਿੱਚ ਜਾਣ ਤੋਂ ਰੋਕਣ ਲਈ ਇਹ ਸਾਰੇ ਕਦਮ ਚੁੱਕੇ ਹਨ।




ਇੱਕ ਰਿਪੋਰਟ ਮੁਤਾਬਕ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੀਸਰਕਾਰ ਦੇ ਇੱਕ ਅਧਿਕਾਰੀ ਨੇ ਪੁਸ਼ਟੀ ਕੀਤੀ ਹੈ ਕਿ ਅਮਰੀਕਾ ਵਿੱਚ ਅਫਗਾਨ ਸਰਕਾਰ ਦੇ ਸੈਂਟਰਲ ਬੈਂਕ ਦੀ ਜਾਇਦਾਦ ਤਾਲਿਬਾਨ ਨੂੰ ਨਹੀਂ ਮਿਲੇਗੀ,ਸਗੋਂ ਵਿੱਤ ਮੰਤਰਾਲਾ ਦੀ ਪਾਬੰਦੀਆਂ ਦੀ ਸੂਚੀ ਵਿੱਚ ਰਹੇਗੀ। ਅਮਰੀਕਾ ਦੀ ਸਰਕਾਰ ਵੱਲੋਂ ਇਸ ਰੋਕ ਦਾ ਅਰਥ ਹੈ ਕਿ ਇਸ ਪਿੱਛੋਂ ਤਾਲਿਬਾਨਕੋਈ ਫੰਡ ਨਹੀਂ ਵਰਤ ਸਕਦੇ, ਪਰ ਇਸ ਬਾਰੇ ਅਮਰੀਕਾ ਦੇ ਖਜ਼ਾਨ ਮੰਤਰਾਲਾ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾਹੈ। ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਅਮਰੀਕਾ ਵੱਲੋਂ ਅਫਗਾਨਿਸਤਾਨ ਨੂੰ ਦਿੱਤੇਜਿਨ੍ਹਾਂ ਹਥਿਆਰਾਂ ਉੱਤੇਤਾਲਿਬਾਨ ਨੇ ਕਬਜ਼ਾ ਕਰ ਲਿਆ ਹੈ, ਸਾਨੂੰ ਆਸ ਨਹੀਂ ਕਿਉਨ੍ਹਾਂ ਨੂੰ ਉਹ ਕਦੀ ਵਾਪਸਕਰੇਗਾ। ਓਧਰ ਤਾਜਿਕਸਤਾਨ ਵਿੱਚ ਅਫਗਾਨਿਸਤਾਨ ਦੇ ਦੂਤ ਮੁਹੰਮਦ ਜ਼ਹੀਰ ਅਘਬਾਰ ਨੇ ਰਾਸ਼ਟਰਪਤੀ ਅਸ਼ਰਫ ਗਨੀ ਉੱਤੇ ਸਰਕਾਰੀ ਫੰਡ ਵਿੱਚੋਂ 16.9 ਕਰੋੜ ਡਾਲਰ ਚੋਰੀ ਕਰਨ ਦਾ ਦੋਸ਼ ਲਾਇਆ ਤੇ ਅੰਤਰਰਾਸ਼ਟਰੀ ਪੁਲਸ (ਇੰਟਰਪੋਲ) ਤੋਂ ਉਸ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।ਤਾਲਿਬਾਨ ਜਦੋਂ ਕਾਬੁਲ ਨੇੜੇ ਪਹੁੰਚੇ ਤਾਂ ਅਸ਼ਰਫ ਗਨੀ ਐਤਵਾਰ ਦੇਸ਼ ਛੱਡ ਗਏ ਸਨ ਤੇ ਬੁੱਧਵਾਰ ਤੱਕ ਉਨ੍ਹਾਂ ਦੇ ਟਿਕਾਣੇ ਦਾ ਪਤਾ ਨਹੀਂ ਸੀ।ਪਿੱਛੋਂ ਸੰਯੁਕਤ ਅਰਬ ਅਮੀਰਾਤ (ਯੂ ਏ ਈ) ਨੇ ਕਿਹਾ ਕਿ ਉਸ ਨੇ ਮਨੁੱਖੀ ਆਧਾਰ ਉੱਤੇ ਗਨੀ ਤੇ ਉਨ੍ਹਾਂ ਦੇ ਪਰਿਵਾਰ ਨੂੰ ਏਥੇ ਰਹਿਣ ਦਿੱਤਾ ਹੈ।ਤਾਜਿਕਸਤਾਨ ਵਿੱਚ ਅਫਗਾਨ ਦੂਤ ਮੁਹੰਮਦ ਜ਼ਹੀਰ ਅਘਬਾਰ ਨੇ ਕਿਹਾ ਕਿ ਅਸ਼ਰਫ ਗਨੀ ਨੇ ਸਰਕਾਰੀ ਖਜ਼ਾਨੇਵਿੱਚੋਂ 16.9 ਕਰੋੜ ਡਾਲਰ ਚੋਰੀ ਕੀਤੇ ਹਨ ਤੇ ਉਸ ਦੇ ਦੌੜਨ ਨੂੰ 'ਦੇਸ਼ ਅਤੇ ਸਰਕਾਰ ਨਾਲ ਵਿਸ਼ਵਾਸਘਾਤ' ਕਿਹਾ ਜਾ ਸਕਦਾ ਹੈ। ਤੀਸਰੇ ਪਾਸੇ ਅਫਗਾਨਿਸਤਾਨ ਦੇ ਕੇਂਦਰੀ ਬੈਂਕ ਦੇ ਗਵਰਨਰ ਨੇ ਕਿਹਾ ਹੈ ਕਿ ਦੇਸ਼ ਦਾ ਕਰੀਬ 9 ਅਰਬ ਡਾਲਰ ਦਾ ਰਿਜ਼ਰਵ ਖਜ਼ਾਨਾ ਵਿਦੇਸ਼ਾਂ ਵਿੱਚ ਹੈ ਅਤੇ ਦੇਸ਼ ਵਿੱਚ ਨਕਦੀ ਵਜੋਂ ਕੋਈ ਵਿਦੇਸ਼ੀ ਕਰੰਸੀ ਨਹੀਂ। ਅਫਗਾਨਿਸਤਾਨ ਦੇ ਕੇਂਦਰੀ ਬੈਂਕ ਦੇ ਮੁਖੀ ਅਜਮਲ ਅਹਿਮਦੀ ਨੇ ਅੱਜ ਬੁੱਧਵਾਰ ਟਵੀਟ ਕਰ ਕੇ ਦੱਸਿਆ ਕਿ ਦੇਸ਼ ਦੇ ਕਰੀਬ 900 ਕਰੋੜ ਡਾਲਰ ਦੀ ਰਿਜ਼ਰਵ ਵਿੱਚੋਂ 700 ਕਰੋੜ ਡਾਲਰ ਅਮਰੀਕੀ ਫੈਡਰਲ ਰਿਜ਼ਰਵ ਦੇ ਬਾਂਡ, ਜਾਇਦਾਦ ਅਤੇ ਸੋਨਾ ਹੈ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਕੋਲ ਅਮਰੀਕੀ ਕਰੰਸੀ ਦਾ ਰਿਜ਼ਰਵ ਜ਼ੀਰੋ ਹੈ ਤੇ ਦੇਸ਼ ਵਿੱਚਤਾਲਿਬਾਨ ਦੇ ਕਬਜ਼ੇ ਹੇਠ ਦੇਸ਼ ਨੂੰ ਨਕਦੀ ਦਾ ਕੋਈ ਭੰਡਾਰ ਨਹੀਂ ਮਿਲ ਸਕਿਆ। ਉਨ੍ਹਾਂ ਲਿਖਿਆ ਕਿ ਨਵੀਂ ਕੈਸ਼ ਸਪਲਾਈ ਨਹੀਂ ਆ ਸਕੀ। ਗਵਰਨਰ ਨੇ ਕਿਹਾ ਕਿ ਅਮਰੀਕੀ ਡਾਲਰ ਦੀ ਕਮੀ ਕਾਰਨ ਅਫਗਾਨਿਸਤਾਨ ਦੀ ਕਰੰਸੀ ਦਾ ਮੁੱਲ ਵੀ ਡਿੱਗੇਗਾ ਅਤੇ ਮਹਿੰਗਾਈ ਹੋਰ ਵਧੇਗੀ, ਜਿਸ ਦਾ ਸਿੱਧਾ ਅਸਰ ਗਰੀਬ ਜਨਤਾ ਉੱਤੇ ਪਵੇਗਾ।

# ਰਿਵਰਸਟੋਨ ਆਈ ਕੇਅਰ ਵਿੱਚ ਮੁਹੱਈਆ ਕਰਵਾਈ ਜਾਂਦੀ ਹੈ ਅੱਖਾਂ ਦੀ ਮੁਕੰਮਲ ਦੇਖਭਾਲ, 26 ਅਗਸਤ ਨੂੰ ਗ੍ਰਾਂਡ ਓਪਨਿੰਗ

ਬਰੈਂਪਟਨ, 19 ਅਗਸਤ (ਪੋਸਟ ਬਿਊਰੋ) : ਰਿਵਰਸਟੋਨ ਆਈ ਕੇਅਰ ਦੀ ਗ੍ਰੈਂਡ ਓਪਨਿੰਗ ਉੱਤੇ 26 ਅਗਸਤ ਨੂੰ ਦੁਪਹਿਰ ਦੇ 4:00 ਵਜੇ ਤੋਂ ਲੈ ਕੇ ਰਾਤ ਦੇ 7:00 ਵਜੇ ਤੱਕ ਭਾਰੀ ਸੇਲ ਲਾਈ ਜਾ ਰਹੀ ਹੈ।

ਹਰ ਕਿਸਮ ਦੇ ਡਿਜ਼ਾਈਨਰ ਫਰੇਮਜ਼ ਉੱਤੇ ਭਾਰੀ ਡਿਸਕਾਊਂਟ ਦਿੱਤਾ ਜਾਵੇਗਾ ਤੇ ਇੱਥੇ ਮੋਆਈ ਜਿੰਮ ਦੇ ਸਾਰੇ ਸਨਗਲਾਸਿਜ਼ ਵੀ ਡਿਸਪਲੇਅ ਕੀਤੇ ਜਾਣਗੇ। ਫਰੇਮਜ਼ ਦੀ ਭਾਰੀ ਕੁਲੈਕਸ਼ਨ ਵਿੱਚੋਂ ਤੁਸੀਂ ਆਪਣੀ ਪਸੰਦ ਦਾ ਫਰੇਮ ਚੁਣ ਸਕਦੇ ਹੋਂ।

ਇਸ ਤੋਂ ਇਲਾਵਾ ਲੱਕੀ ਡਰਾਅ ਵੀ ਕੱਢਿਆ ਜਾਵੇਗਾ ਤੇ ਇਸ ਦੇ ਨਾਲ ਹੀ ਕਈ ਮੁਫਤ ਇਨਾਮ ਵੀ ਦਿੱਤੇ ਜਾਣਗੇ। ਇੱਥੇ ਪਹੁੰਚਣ ਵਾਲੇ ਪਹਿਲੇ 15 ਵਿਅਕਤੀਆਂ ਨੂੰ ਮੁਫਤ ਪ੍ਰਾਈਜ਼ ਦਿੱਤੇ ਜਾਣਗੇ। ਅੱਖਾਂ ਦੀ ਜਾਂਚ ਲਈ ਡਾ. ਗਿੱਲ ਆਪ ਮੌਜੂਦ ਰਹਿਣਗੇ।

ਇੱਥੇ ਦੱਸਣਾ ਬਣਦਾ ਹੈ ਕਿ ਰਿਵਰਸਟੋਨ ਆਈ ਕੇਅਰ ਵਿਖੇ ਅੱਖਾਂ ਨਾਲ ਸਬੰਧਤ ਹਰ ਕਿਸਮ ਦੀਆਂ ਸਮੱਸਿਆਵਾਂ ਦਾ ਹੱਲ ਮੁਹੱਈਆ ਕਰਵਾਇਆ ਜਾਂਦਾ ਹੈ। ਇੱਥੇ ਹਫਤੇ ਵਿੱਚ ਛੇ ਦਿਨਾਂ ਲਈ ਫੁੱਲ ਟਾਈਮ ਡਾਕਟਰ ਵੀ ਉਪਲਬਧ ਹੈ।

ਅੱਖਾਂ ਦੀ ਮੁਕੰਮਲ ਜਾਂਚ ਦੇ ਨਾਲ ਨਾਲ ਡਾਇਗਨੌਸਟਿਕ ਇਮੇਜਿੰਗ ਤੇ ਟੈਸਟਿੰਗ ਅਤੇ ਗਲਾਕੋਮਾ ਵਰਗੇ ਅੱਖਾਂ ਦੇ ਰੋਗ ਦੀ ਜਾਂਚ ਤੇ ਇਲਾਜ ਵੀ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨੂੰ ਡਾਇਰੈਕਟ ਬਿਲਿੰਗ ਕੀਤੀ ਜਾਂਦੀ ਹੈ। ਮੌਕੇ ਉੱਤੇ ਹੀ ਅੱਖਾਂ ਦੀ ਵਿਸ਼ੇਸ਼ ਜਾਂਚ ਵੀ ਕੀਤੀ ਜਾਂਦੀ ਹੈ। ਇੱਥੇ ਹਰ ਕਿਸਮ ਦੇ ਉਮਦਾ ਲੈਂਸ ਤੇ ਕਸਟਮ ਫਰੇਮਜ਼ ਵੀ ਉਪਲਬਧ ਹਨ।


ਡਾ. ਹਰਪ੍ਰੀਤ ਗਿੱਲ


ਡਾ. ਪਰਮਵੀਰ ਗਿੱਲ

ਸੱਭ ਤੋਂ ਵਧੀਆ ਗੱਲ ਇਹ ਹੈ ਕਿ ਇੱਥੇ 20 ਸਾਲ ਤੋਂ ਛੋਟੇ ਬੱਚੇ, 65 ਸਾਲ ਤੋਂ ਉੱਤੇ ਬਜ਼ੁਰਗਾਂ ਤੇ ਡਾਇਬਟਿਕ ਮਰੀਜ਼ਾਂ ਨੂੰ ਹੈਲਥ ਕਾਰਡ ਦੁਆਰਾ ਕਵਰ ਕੀਤਾ ਜਾਂਦਾ ਹੈ। ਡਾ. ਪਰਮਵੀਰ ਗਿੱਲ ਤੇ ਡਾ. ਹਰਪ੍ਰੀਤ ਗਿੱਲ ਵੱਲੋਂ ਇਹ ਸਾਰੀਆਂ ਸਹੂਲਤਾਂ 25 ਚੈਰੀਕ੍ਰੈਸਟ ਡਰਾਈਵ, ਯੂਨਿਟ 4, ਬਰੈਂਪਟਨ, ਓਨਟਾਰੀਓ, ਐਲ6ਪੀ 3ਡਬਲਿਊ4 ਉੱਤੇ ਤੁਹਾਡੇ ਗੁਆਂਢ ਵਿੱਚ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਇਨ੍ਹਾਂ ਸਹੂਲਤਾਂ ਦਾ ਫਾਇਦਾ ਉਠਾਉਣ ਲਈ ਤੁਸੀਂ 905-915-9255 ਉੱਤੇ ਕਾਲ ਕਰਕੇ ਆਪਣੀ ਅਪੁਆਇੰਟਮੈਂਟ ਅੱਜ ਹੀ ਬੁੱਕ ਕਰਵਾ ਸਕਦੇ ਹੋਂ ਤੇ ਇਸ ਲਈ ਰਿਵਰਸਟੋਨ ਆਈ ਕੇਅਰ ਦੀ ਵੈੱਬਸਾਈਟ www.riverstoneeyecare.com ਉੱਤੇ ਵੀ ਜਾ ਸਕਦੇ ਹੋਂ।

# ਸੈਂਡਲਵੁੱਡ ਸੀਨੀਅਰ ਕਲੱਬ ਦੇ ਮੈਂਬਰਾਂ ਨੇ ਮਨਾਇਆ ਕੈਨੇਡਾ ਡੇਅ



ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ): ਸੈਂਡਲਵੁੱਡ ਸੀਨੀਅਰ ਕਲੱਬ ਦੇ ਬਜ਼ੁਰਗਾਂ ਨੇ ਬੀਤੇ ਸ਼ਨਿਚਰਵਾਰ ਰੱਲ ਮਿਲ ਕੇ ਇਸ ਨਵੀਂ ਧਰਤੀ ਤੇ ਅਪਣੇ ਦੇਸ਼ ਕੈਨੇਡਾ ਦਾ ਦਿਵਸ, 'ਕਨੇਡਾ ਡੇ' ਮੰਨਾਇਆ। ਉਨ੍ਹਾਂ ਇਸ ਦਿਨ ਜਿਥੇ ਕਨੇਡਾ ਅਤੇ ਅਪਣੇ ਸ਼ਹਿਰ ਬਰੈਂਪਟਨ ਦੇ ਇਤਿਹਾਸ ਤੇ ਝਾਤ ਮਾਰੀ, ਨਾਲ ਹੀ ਵਧੀਆ ਚਾਹ ਪਾਣੀ ਦਾ ਆਨੰਦ ਵੀ ਮਾਣਿਆਂ। ਇਲਾਕੇ ਦੇ ਮੈਂਬਰ ਪ੍ਰੋਵਿੰਸੀਅਲ ਪਾਰਲੀਮੈਂਟ ਅਮਰਜੋਤ ਸੰਧੂ ਅਤੇ ਮੈਂਬਰ ਪਾਰਲੀਮੈਂਟ ਕਮਲ ਖੈਹਰਾ ਨੇ ਇਸ ਪ੍ਰੋਗਰਾਮ ਵਿਚ ਖਾਸ ਤੌਰ ਤੇ ਸ਼ਿਰਕਤ ਕੀਤੀ।

ਕਲੱਬ ਦੇ ਸਾਬਕਾ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਨੇ ਬਰੈਂਪਟਨ ਸ਼ਹਿਰ ਦੇ ਇਤਿਹਾਸ ਦੇ ਝਾਤੀ ਮਾਰਦਿਆਂ ਦੱਸਿਆ ਕਿ ਪਹਿਲਾਂ ਪਹਿਲ 1829 ਅਤੇ 1831 ਵਿਚ ਇੰਗਲੈਂਡ ਵਿਚਲੇ ਅਪਣੇ ਸ਼ਹਿਰ ਬਰੈਂਪਟਨ ਤੋਂ ਜੌਹਨ ਇਲੀਅਟ ਅਤੇ ਵਿਲੀਅਮ ਲਾਅਸਨ ਆ ਕੇ ਇਥੇ ਵਸੇ ਅਤੇ ਸ਼ਹਿਰ ਨੂੰ ਅਪਣੇ ਪੁਰਾਣੇ ਸ਼ਹਿਰ ਦਾ ਨਾ ਦਿੱਤਾ। ਇਹ ਥਾਂ ਬੱਫੀ ਨੁੱਕਰ ਦੇ ਨਾ ਨਾਲ ਜਾਣਿਆਂ ਜਾਂਦਾ ਸੀ ਅਤੇ ਮੁੱਖ ਤੌਰ ਤੇ ਖੇਤੀ ਪ੍ਰਧਾਨ ਸੀ। ਇਸ ਸਮੇਂ ਇਸ ਦੇ 18 ਵਸਨੀਕ ਸਨ। 1848 ਵਿਚ ਇਸ ਇਲਾਕੇ ਦੀ ਯੋਜਨਾ ਤਿਆਰ ਕੀਤੀ ਗਈ ਅਤੇ ਕਨੇਡਾ ਦੇ ਅੱਜ ਤੋਂ 154 ਸਾਲ ਪਹਿਲਾਂ ਦੇਸ਼ ਬਣਨ ਸਮੇਂ ਇਥੇ ਕੁਝ ਘਰ, ਕਾਰਖਾਨੇ ਸਟੋਰ ਅਤੇ ਹੋਰ ਦਫਤਰ ਬਣ ਚੁੱਕੇ ਸਨ। ਜਦ ਇਥੇ 1000 ਦੀ ਅਬਾਦੀ ਹੋ ਗਈ ਤਾਂ 1853 ਵਿਚ ਪਹਿਲੀ ਕੌਂਸਲ ਬਣੀ ਅਤੇ 1856 ਵਿਚ ਰੇਲ ਲਾਈਨ ਆਈ, ਸਕੂਲ ਬਣਿਆਂ ਅਤੇ ਫਾਇਰ ਬਰਗੇਡ ਦੀ ਸੇਵਾ ਸ਼ੁਰੂ ਹੋ ਗਈ। 1863 ਤੱਕ ਇਸ ਥਾਂ ਬਣੇ ਵੱਡੇ ਗਰੀਨ ਹਾਊਸਾਂ ਵਿਚ ਉਗਾਏ ਫੁੱਲ ਬਾਹਰ ਭੇਜੇ ਜਾਣ ਲੱਗੇ, ਜਿਸ ਕਾਰਨ ਇਸ ਨੂੰ ਫੁੱਲਾਂ ਦਾ ਸ਼ਹਿਰ ਕਿਹਾ ਜਾਣ ਲੱਗਾ।

ਪ੍ਰਧਾਨ ਰਣਜੀਤ ਸਿੰਘ ਜੋਸਨ ਨੇ ਸਾਰੇ ਆਏ ਮੈਂਬਰਾਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਕਲੱਬ ਵਲੋਂ ਬਜ਼ੁਰਗਾਂ ਦੇ ਮੰਨੋਰੰਜਨ ਲਈ ਕੀਤੇ ਜਾਂਦੇ ਵੱਖ ਵੱਖ ਪ੍ਰੋਗਰਾਮਾ ਬਾਰੇ ਦੱਸਿਆ। ਐਮ ਪੀ ਪੀ ਅਮਰਜੋਤ ਸੰਧੂ ਅਤੇ ਐਮ ਪੀ ਕਮਲ ਖੈਹਰਾ ਨੇ ਮੈਂਬਰਾਂ ਵਲੋਂ ਕੋਵਿਡ ਦੇ ਕਹਿਰ, ਬਰੈਂਪਟਨ ਵਿਚ ਕਾਰਾਂ ਦੇ ਬੀਮੇ ਦੇ ਵੱਧ ਰੇਟ, ਬੁਢੇਪਾ ਘਰਾਂ ਵਿਚ ਲੋੜੀਂਦੇ ਪ੍ਰਬੰਧਾਂ ਦੀ ਘਾਟ ਅਤੇ ਸਿਹਤ ਸੇਵਾਵਾਂ ਸਬੰਧੀ ਉਠਾਏ ਗਏ ਸੁਆਲਾਂ ਦੇ ਜੁਆਬ ਦਿੱਤੇ। ਇਸ ਮੌਕੇ ਕਲੱਬ ਵਲੋਂ ਐਮ ਪੀ ਪੀ ਅਮਰਜੋਤ ਸੰਧੂ, ਐਮ ਪੀ ਕਮਲ ਖੈਹਰਾ ਅਤੇ ਡਾ ਬਲਜਿੰਦਰ ਸਿੰਘ ਸੇਖੋਂ ਦਾ ਸਨਮਾਨ ਕੀਤਾ ਗਿਆ ਅਤੇ ਪਲੈਕ ਦਿੱਤੇ ਗਏ। ਪ੍ਰੋਗਰਾਮ ਦੀ ਸਟੇਜ ਦੀ ਜਿਮੇਂਵਾਰੀ ਜਨਰਲ ਸਕੱਤਰ ਅਵਿਨਾਸ਼ ਭਾਰਦਵਾਜ ਨੇ ਬਾਖੂਬੀ ਨਿਭਾਈ। ਇਸ ਸਮਾਗਮ ਨੂੰ ਸਫਲ ਬਣਾਉਣ ਵਿਚ ਮੀਤ ਪ੍ਰਧਾਨ ਸ: ਹਰਕੋਮਲ ਸਿੰਘ ਧਾਲੀਵਾਲ, ਜੋਇਟ ਸਕੱਤਰ ਸ: ਦਰਸ਼ਨ ਸਿੰਘ ਦਰਾੜ ਤੇ ਖਜ਼ਾਨਚੀ ਸ: ਮਹਿਮਾਂ ਸਿੰਘ ਧਾਲੀਵਾਲ ਦਾ ਵਧੀਆ ਯੋਗਦਾਨ ਰਿਹਾ। ਕਲੱਬ ਬਾਰੇ ਹੋਰ ਜਾਣਕਾਰੀ ਲਈ ਪ੍ਰਧਾਨ ਰਣਜੀਤ ਸਿੰਘ ਜੋਸਨ (647 444 2005) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# 134 ਸਵਾਰੀਆਂ ਜੋਗੇ ਜਹਾਜ਼ ਵਿੱਚ 640 ਮੁਸਾਫਰ ਚੜ੍ਹ ਗਏ



ਕਾਬੁਲ, 19 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਹਵਾਈ ਅੱਡੇ ਉਤੇ ਪਰਸੋਂ ਹਜ਼ਾਰਾਂ ਅਫਗਾਨ ਨਾਗਰਿਕਾਂ ਨੇ ਦੇਸ਼ ਛੱਡਣ ਲਈ ਡੇਰਾ ਲਾਇਆ ਹੋਇਆ ਸੀ ਤਾਂ ਕਤਰ ਲਈ ਉਡਾਣ ਭਰ ਰਹੇ ਇੱਕ ਅਮਰੀਕੀ ਕਾਰਗੋ ਜਹਾਜ਼ ਸੀ-17 ਗਲੋਬਮਾਸਟਰ ਉੱਤੇ ਭੀੜ ਟੁੱਟ ਪਈ। ਹਾਲਾਤ ਇਹ ਸਨ ਕਿ ਇਸ ਜਹਾਜ਼ ਵਿੱਚ ਸਮਰੱਥਾ ਤੋਂ ਲਗਭਗ ਪੰਜ ਗੁਣਾ ਵੱਧ ਲੋਕ ਵੜ ਗਏ। ਇਨ੍ਹਾਂ ਵਿੱਚ ਔਰਤਾਂ ਨਾਲ ਬੱਚੇ ਵੀ ਸਨ। ਹਾਲਾਤ ਵਿਗੜਨ ਤੋਂ ਬਾਅਦ ਚਾਲਕ ਦਲ ਨੇ ਤੁਰੰਤ ਹੀ ਜਹਾਜ਼ ਨੂੰ ਉਡਾਉਣ ਦਾ ਫੈਸਲਾ ਕਰ ਲਿਆ।

ਇੱਕ ਅਮਰੀਕੀ ਅਧਿਕਾਰੀ ਦੇ ਮੁਤਾਬਕ ਇਸ ਜਹਾਜ਼ ਵਿੱਚ 640 ਅਫਗਾਨ ਲੋਕ ਸਵਾਰ ਹੋ ਗਏ ਸਨ। ਜਹਾਜ਼ ਦੀ ਨਿਰਮਾਤਾ ਕੰਪਨੀ ਮੁਤਾਬਕ ਸੀ-17 ਗਲੋਬਮਾਸਟਰ ਦੀ ਸਮਰੱਥਾ 134 ਯਾਤਰੀਆਂ ਨੂੰ ਲਿਜਾਣ ਦੀ ਹੈ। ਇਸ ਕਾਰਗੋ ਜਹਾਜ਼ ਵਿੱਚ 54 ਸੀਟਾਂ ਉੱਤੇ ਅਤੇ ਅੱਸੀ ਲੋਕਾਂ ਦੇ ਫਲੋਰ ਉੱਤੇ ਬੈਠਣ ਦੀ ਵਿਵਸਥਾ ਹੈ। ਜਾਣਕਾਰ ਲੋਕਾਂ ਦਾ ਮੰਨਣਾ ਹੈ ਕਿ ਸਮਰੱਥਾ ਤੋਂ ਇੰਨੇ ਵੱਧ ਲੋਕਾਂ ਨੂੰ ਲੈ ਕੇ ਉਡਾਣ ਦੀ ਇਹ ਪਹਿਲੀ ਘਟਨਾ ਹੈ। ਜਹਾਜ਼ ਦੇ ਉਡਾਣ ਭਰਨ ਸਮੇਂ ਵੀ ਅੱਧੇ ਖੁੱਲ੍ਹੇ ਰੈਂਪ ਉੱਤੇ ਲੋਕ ਚੜ੍ਹ ਗਏ। ਪੂਰੀ ਤਰ੍ਹਾਂ ਭਰੇ ਜਹਾਜ਼ ਵਿੱਚ ਲੋਕਾਂ ਦੇ ਹੱਥਾਂ ਵਿੱਚ ਸਾਮਾਨ ਦੇ ਨਾਲ ਬੱਚੇ ਵੀ ਸਨ। ਅਮਰੀਕੀ ਜਹਾਜ਼ ਨੇ ਇਨ੍ਹਾਂ ਸਾਰੇ ਨਾਗਰਿਕਾਂ ਨੂੰ ਕਤਰ ਵਿੱਚ ਛੱਡਿਆ ਹੈ।

ਪਤਾ ਲੱਗਾ ਹੈ ਕਿ ਇਸ ਦੌਰਾਨ ਅਫਗਾਨਿਸਤਾਨ ਵਿੱਚ ਫੌਜ ਦੇ ਸਮਰਪਣ ਵੇਲੇ ਅਫਗਾਨ ਫੌਜੀ 46 ਜਹਾਜ਼ ਲੈ ਕੇ ਉਥੋਂ ਉਡ ਗਏ ਅਤੇ ਉਜ਼ਬੇਕਿਸਤਾਨ ਦੀ ਫੌਜ ਨੇ ਆਪਣੇ ਇਲਾਕੇ ਵਿੱਚ ਵੜਦੇ ਸਾਰ ਹੀ ਇਨ੍ਹਾਂ ਸਾਰਿਆਂ ਨੂੰ ਤਿਰਮਿਜ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਉਤਰਨ ਲਈ ਮਜਬੂਰ ਕਰ ਦਿੱਤਾ। ਉਜ਼ਬੇਕਿਸਤਾਨ ਦੇ ਅਧਿਕਾਰੀਆਂ ਨੇ ਕਿਹਾ ਕਿ ਸੈਂਕੜੇ ਅਫਗਾਨ ਫੌਜੀ ਫੌਜ ਦੇ 22 ਜਹਾਜ਼ਾਂ ਤੇ 24 ਹੈਲੀਕਾਪਟਰਾਂ ਦੇ ਨਾਲ ਉਥੋਂ ਉਡ ਗਏ ਸਨ। ਇਹ ਸਾਰੇ ਜਹਾਜ਼ ਤੇ ਹੈਲੀਕਾਪਟਰ ਨਾਜਾਇਜ਼ ਰੂਪ ਨਾਲ ਉਜ਼ਬੇਕਿਸਤਾਨ ਦੀ ਸਰਹੱਦ ਵਿੱਚ ਵੜ ਜਾਣ ਪਿੱਛੋਂ ਇਨ੍ਹਾਂ ਸਭਨਾਂ ਨੂੰ ਉਤਰਨ ਲਈ ਮਜਬੂਰ ਕਰ ਦਿੱਤਾ ਗਿਆ। ਇਸ ਘਟਨਾ ਵਿੱਚ ਉਜ਼ਬੇਕਿਸਤਾਨ ਦਾ ਇੱਕ ਫਾਈਟਰ ਜੈਟ ਤੇ ਅਫਗਾਨਿਸਤਾਨ ਦਾ ਜਹਾਜ਼ ਆਪਸ ਵਿੱਚ ਟਕਰਾ ਕੇ ਕ੍ਰੈਸ਼ ਹੋ ਗਏ। ਰੱਖਿਆ ਮੰਤਰਾਲੇ ਮੁਤਾਬਕ ਅਫਗਾਨ ਫੌਜ ਦਾ ਇੱਕ ਜੈਟ ਸਰਹੱਦ ਦੇ ਅੰਦਰ ਵੜਦੇ ਹੀ ਡੇਗ ਦਿੱਤਾ ਗਿਆ। ਸਾਰੇ ਜਹਾਜ਼ ਤੇ ਹੈਲੀਕਾਪਟਰ ਵਿੱਚ 585 ਅਫਗਾਨ ਫੌਜੀ ਸਵਾਰ ਸਨ।

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416556 6884

# ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਤੇ ਮੈਨਪੁਰੀ ਦੇ ਨਾਮ ਬਦਲਣ ਦੀ ਮੰਗ ਵੀ ਉੱਠ ਪਈ

ਅਲੀਗੜ੍ਹ, 19 ਅਗਸਤ (ਪੋਸਟ ਬਿਊਰੋ)- ਪ੍ਰਸਿੱਧ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਾਲੇ ਸ਼ਹਿਰ ਅਲੀਗੜ੍ਹ ਦਾ ਨਾਂਅ ਬਦਲ ਕੇ ਜਲਦੀ ਹੀ ਹਰੀਗੜ੍ਹ ਰੱਖਿਆ ਜਾ ਸਕਦਾ ਹੈ। ਜ਼ਿਲ੍ਹਾ ਪੰਚਾਇਤ ਨੇ ਨਾਂਅ ਬਦਲਣ ਬਾਰੇ ਇਹ ਤਜਵੀਜ਼ ਉੱਤਰ ਪ੍ਰਦੇਸ਼ ਦੀ ਸਰਕਾਰ ਨੂੰ ਭੇਜ ਦਿੱਤੀ ਹੈ, ਜਿਸ ਬਾਰੇ ਫੈਸਲਾ ਰਾਜ ਸਰਕਾਰ ਨੇ ਕਰਨਾ ਹੈ।

ਨਵੀਂ ਚੁਣੀ ਗਈ ਜ਼ਿਲ੍ਹਾ ਪੰਚ-ਾਇਤ ਦੇ ਚੇਅਰਮੈਨ ਵਿਜੈ ਸਿੰਘ ਨੇ ਕੱਲ੍ਹ ਮੀਡੀਆ ਨੂੰ ਦੱਸਿਆ ਕਿ ਅਲੀਗੜ੍ਹ ਦਾ ਨਾਂਅਬਦਲ ਕੇ ਹਰੀਗੜ੍ਹ ਕਰਨ ਬਾਰੇ ਮਤਾ ਸਰਬ ਸੰਮਤੀ ਨਾਲ ਪਾਸ ਕਰ ਕੇ ਸੂਬਾ ਸਰਕਾਰ ਨੂੰ ਅਗਲੀ ਕਾਰਵਾਈ ਲਈ ਭੇਜ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਬੀਤੇ ਐਤਵਾਰ ਨੂੰ ਉਤਰ ਪ੍ਰਦੇਸ਼ ਕਸ਼ੱਤਰੀਆ ਮਹਾਸਭਾ ਦੀ ਜ਼ਿਲ੍ਹਾ ਇਕਾਈ ਦੇ ਪ੍ਰਧਾਨ ਸ਼ੈਲੇਂਦਰ ਸਿੰਘ ਨੇ ਇੱਕ ਮਤਾ ਜ਼ਿਲ੍ਹਾ ਪੰਚਾਇਤ ਅੱਗੇ ਪੇਸ਼ ਕਰ ਕੇ ਨਾਂਅ ਬਦਲਣ ਦੀ ਮੰਗ ਉਠਾਈ ਸੀ। ਇਸ ਦਾ ਆਖਰੀ ਫੈਸਲਾ ਸੂਬਾ ਸਰਕਾਰ ਨੇ ਲੈਣਾ ਹੈ ਅਤੇ ਇਸ ਦੇ ਹੋ ਜਾਣ ਦੀ ਆਸ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਫਿਰੋਜ਼ਾਬਾਦ ਦਾ ਨਾਂਅ ਬਦਲਣ ਬਾਰੇ ਵੀ ਮਤਾ ਪਾਸ ਹੋਇਆ ਸੀ। ਤਾਜ਼ਾ ਫੈਸਲੇ ਬਾਰੇ ਜ਼ਿਲ੍ਹਾ ਪੰਚਾਇਤ ਦੇ ਮੁਖੀਨੇ ਕਿਹਾ ਕਿ ਇਹ ਮੰਗਲੰਮੇ ਸਮੇਂ ਤੋਂ ਲਟਕ ਰਹੀ ਹੈ। ਇਸ ਤੋਂ ਪਹਿਲਾਂ ਸਥਾਨਕ ਭਾਜਪਾ ਆਗੂ ਅਲੀਗੜ੍ਹ ਹਵਾਈ ਅੱਡੇ ਦਾ ਨਾਂਅ ਬਦਲ ਕੇ ਭਾਜਪਾ ਆਗੂ ਕਲਿਆਣ ਸਿੰਘ ਦੇ ਨਾਂਅ ਉੱਤੇ ਰੱਖਣ ਦਾ ਮਤਾ ਵੀ ਪਾਸ ਕਰ ਚੁੱਕੇ ਹਨ। ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਇੱਥੋਂ ਦੇ ਰਹਿਣ ਵਾਲੇ ਸਨ। ਮੈਨਪੁਰੀ ਜ਼ਿਲ੍ਹਾ ਪੰਚਾਇਤ ਨੇ ਮਤਾ ਪਾਸ ਕਰ ਕੇ ਮੈਨਪੁਰੀ ਦਾ ਨਾਂਅ ਬਦਲਣ ਅਤੇ ਮਯਨ ਨਗਰ ਰੱਖਣ ਦੀ ਮੰਗਕੀਤੀ ਹੈ। ਮੈਨਪੁਰੀ ਦੀ ਸਥਾਪਨਾ ਮਯਨ ਸੰਤ ਨੇ ਕੀਤੀ ਸੀ। ਇਹ ਸ਼ਹਿਰ ਸਮਾਜਵਾਦੀ ਪਾਰਟੀ ਦਾ ਗੜ੍ਹ ਹੈ ਅਤੇ ਮੁਲ-ਾਇਮ ਸਿੰਘ ਯਾਦਵ ਇਸ ਹਲਕੇ ਤੋਂ ਪੰਜ ਵਾਰ ਜਿੱਤ ਚੁੱਕੇ ਹਨ। ਫਿਰੋਜ਼ਾਬਾਦ ਦਾ ਨਾਂਅ ਬਦਲ ਕੇ ਚੰਦਰ ਨਗਰ ਰੱਖਣ ਦੀ ਮੰਗ ਵੀ ਕੀਤੀ ਜਾ ਚੁੱਕੀ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?



BOBBY SIDHU
partner
(Serving the Community for Over 16 yrs.)

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।


If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ
Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।
ਹੈਂਡੀਮੈਨ ਦੀ ਲੋੜ
ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।
ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

Visions of Punjab




Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host
Serving the South Asian Community Since 1976

jobs! jobs! jobs! jobs! jobs!
HELP WANTED
ਕਾਮਿਆਂ ਦੀ ਲੋੜ
DUNDAS·JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

# ਪੰਝੱਤਰਵੇਂ ਸਾਲ ਵਿੱਚ ਪਹੁੰਚੇ ਦੇਸ਼ ਦੀ ਆਜ਼ਾਦੀ ਦੀ ਦੇਵੀ ਇਸ ਵਕਤ ਕੀ ਕਰਦੀ ਪਈ ਹੋਵੇਗੀ!



ਜਤਿੰਦਰ ਪੰਨੂ

ਭਾਰਤ ਦੀ ਆਜ਼ਾਦੀ ਆਪਣੇ ਚੁਹੱਤਰ ਸਾਲ ਪਾਰ ਕਰ ਕੇ ਪੌਣੀ ਸਦੀ ਵਾਲੇ ਸਾਲ ਵਿੱਚ ਦਾਖਲ ਹੁੰਦੇ ਵਕਤ ਲੋਕਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਸਵਾਲ ਉੱਠਦੇ ਤੇ ਜਵਾਬ ਮੰਗਦੇ ਹਨ। ਏਦਾਂ ਦੇ ਸਵਾਲਾਂ ਦੀ ਗੱਲ ਕਰਨ ਤੋਂ ਪਹਿਲਾਂ ਇਹ ਯਾਦ ਕਰਨ ਦੀ ਲੋੜ ਹੈ ਕਿ ਜਦੋਂ ਦੇਸ਼ ਆਜ਼ਾਦ ਹੋਇਆ ਸੀ, ਓਦੋਂ ਕਿੱਦਾਂ ਦੀ ਲੀਡਰਸ਼ਿਪ ਸੀ ਤੇ ਚੁਹੱਤਰ ਸਾਲ ਟੱਪਣ ਵੇਲੇ ਦੇਸ਼ ਦੀ ਵਾਗਡੋਰ ਕਿੱਦਾਂ ਦੇ ਲੋਕਾਂ ਦੇ ਹੱਥਾਂ ਵਿੱਚ ਹੈ! ਓਦੋਂ ਪੰਡਿਤ ਜਵਾਹ ਲਾਲ ਨਹਿਰੂ ਵਰਗੇ ਆਗੂ ਦੀ ਰਾਜਨੀਤੀ ਅਤੇ ਆਮ ਨੀਤੀ ਬਾਰੇ ਜਿਨ੍ਹਾਂ ਲੋਕਾਂ ਦੇ ਲੱਖ ਵਿਰੋਧ ਸਨ, ਉਹ ਵੀ ਉਸ ਦੀ ਅਕਲਮੰਦੀ ਤੇ ਉਸ ਦੀ ਪੜ੍ਹਾਈ ਬਾਰੇ ਕਦੀ ਕਿੰਤੂ ਨਹੀਂ ਸਨ ਕਰਦੇ। ਅੱਜ ਦੇਸ਼ ਦਾ ਪ੍ਰਧਾਨ ਮੰਤਰੀ ਆਪਣੀ ਪੜ੍ਹਾਈ ਦੇ ਮਾਮਲੇ ਵਿੱਚ ਹੀ ਲੋਕਾਂ ਦੀ ਤਸੱਲੀ ਕਰਾਉਣ ਜੋਗਾ ਨਹੀਂ। ਆਪਣੀ ਪੜ੍ਹਾਈ ਦੀਆਂ ਜਿਹੜੀਆਂ ਡਿਗਰੀਆਂ ਉਹ ਆਪ ਦੱਸਦਾ ਹੈ ਜਾਂ ਉਸ ਦੀ ਪਾਰਟੀ ਦੱਸਦੀ ਹੈ, ਉਨ੍ਹਾਂ ਬਾਰੇ ਕਈ ਕਿੰਤੂ ਉੱਠਦੇ ਹਨ ਤੇ ਤਸੱਲੀ ਕਰਾਉਣ ਜੋਗਾ ਜਵਾਬ ਕਿਤੋਂ ਨਹੀਂ ਮਿਲਦਾ। ਨਹਿਰੂ ਦੀ ਟੀਮ ਵਿੱਚ ਹੋਰ ਲੋਕ ਵੀ ਏਨੇ ਉੱਚੇ ਕਿਰਦਾਰ ਵਾਲੇ ਸਨ ਕਿ ਉਨ੍ਹਾਂ ਦੇ ਬਰਾਬਰ ਦਾ ਕੋਈ ਨਹੀਂ ਸੀ ਲੱਭਦਾ। ਸਰਦਾਰ ਵੱਲਭ ਭਾਈ ਪਟੇਲ ਤੋਂ ਖਵਾਜ਼ਾ ਅਬੁਲ ਕਲਾਮ ਆਜ਼ਾਦ ਤੱਕ ਸਾਰੇ ਉੱਚੀ ਸੋਚ ਵਾਲੇ ਮੰਤਰੀ ਸਨ, ਡਾਕਟਰ ਰਾਜਿੰਦਰ ਪ੍ਰਸਾਦ ਤੇ ਰਾਧਾ ਕ੍ਰਿਸ਼ਨਨ ਵਰਗੇ ਵਿਦਵਾਨ ਰਾਸ਼ਟਰਪਤੀ ਅਤੇ ਉੱਪ ਰਾਸ਼ਟਰਪਤੀ ਹੁੰਦੇ ਸਨ। ਅੱਜਕੱਲ੍ਹ ਬੌਣੇ ਕੱਦ ਵਾਲੇ ਆਗੂ ਇਸ ਡਰ ਹੇਠ ਕਿ ਲੋਕਾਂ ਨੂੰ ਸਾਡਾ ਬੌਣਾਪਣ ਦਿੱਸ ਨਾ ਜਾਵੇ, ਪਹਿਲੇ ਆਗੂਆਂ ਦਾ ਕੱਦ ਛਾਂਗਣ ਰੁੱਝੇ ਹੋਏ ਦਿਖਾਈ ਦੇਂਦੇ ਸਨ।

ਉਸ ਵੇਲੇ ਭਾਰਤ ਦੇ ਲੋਕਾਂ ਨੂੰ ਇੱਕ ਪਾਸੇ ਆਜ਼ਾਦੀ ਮਿਲਣ ਦੀ ਖੁਸ਼ੀ ਸੀ, ਦੂਸਰੇ ਪਾਸੇ ਦੇਸ਼ ਦੀ ਵੰਡ ਹੋਣ ਕਾਰਨ ਆਬਾਦੀ ਦੇ ਤਬਾਦਲੇ ਦੌਰਾਨ ਏਥੋਂ ਜਾਂਦੇ ਅਤੇ ਨਵੇਂ ਬਣੇ ਦੇਸ਼ ਤੋਂ ਏਧਰ ਆਉਂਦੇ ਕਾਫਲਿਆਂ ਵਾਲੇ ਲੋਕਾਂ ਦੇ ਕਤਲੇਆਮ ਦਾ ਦਰਦ ਸਹਿਣਾ ਪੈ ਰਿਹਾ ਸੀ। ਲੋਕ ਖੁਸ਼ੀ ਨਾਲ ਖੀਵੇ ਹੋਣ ਜਾਂ ਦੁੱਖ ਨਾਲ ਧਾਹੀਂ ਮਾਰ ਕੇ ਰੋਣ ਦੀ ਹਾਲਤ ਦੇ ਵਿਚਾਲੇ ਫਸੇ ਹੋਏ ਕਿਹੋ ਜਿਹੇ ਦਿਨ ਗੁਜ਼ਾਰਦੇ ਸਨ, ਅੱਜ ਦੇ ਰਾਜ-ਕਰਤਿਆਂ ਨੂੰ ਅੰਦਾਜ਼ਾ ਨਹੀਂ ਹੋ ਸਕਦਾ। ਹਰ ਸਾਲ ਜਦੋਂ ਦੇਸ਼ ਦੀ ਆਜ਼ਾਦੀ ਦਾ ਦਿਨ ਆਉਂਦਾ ਹੈ, ਓਦੋਂ ਉੱਜੜ ਕੇ ਆਏ ਲੋਕਾਂ ਤੋਂ ਉਨ੍ਹਾਂ ਨਾਲ ਹੋਈ-ਬੀਤੀ ਦੇ ਬਿਰਤਾਂਤ ਸਾਡੇ ਵਰਗੇ ਜਿਹੜੇ ਲੋਕਾਂ ਨੇ ਬਚਪਨ ਵਿੱਚ ਸੁਣੇ ਸਨ, ਉਹ ਉਨ੍ਹਾਂ ਲੋਕਾਂ ਵੱਲੋਂ ਹੰਢਾਈ ਪੀੜ ਵੀ ਯਾਦ ਕਰਦੇ ਹਨ। ਆਪਣਾ ਸਭ ਕੁਝ ਓਥੇ ਛੱਡ ਕੇ ਜਾਂ ਰਾਹਾਂ ਵਿੱਚ ਲੁਟਾਉਣ ਪਿੱਛੋਂ ਕੈਂਪਾਂ ਵਿੱਚ ਆਣ ਬੈਠੇ ਲੋਕ ਗਵਾਚੇ ਮਾਲ ਦਾ ਚੇਤਾ ਘੱਟ ਕਰਦੇ ਤੇ ਆਪਣੇ ਨਾਲ ਰਾਹਾਂ ਵਿੱਚ ਹੋਈ ਕੱਟ-ਵੱਢ ਅਤੇ ਧੀਆਂ-ਭੈਣਾਂ ਖੋਹੀਆਂ ਜਾਣ ਦਾ ਚੇਤਾ ਕਰ ਕੇ ਵੱਧ ਰੋਂਦੇ ਹੁੰਦੇ ਸਨ। ਜਿਹੜੇ ਲੋਕਾਂ ਨੇ ਓਧਰ ਜਾਂਦੇ ਕਾਫਲਿਆਂ ਨੂੰ ਲੁੱਟਿਆ ਜਾਂ ਉਨ੍ਹਾਂ ਦੀਆਂ ਧੀਆਂ-ਭੈਣਾਂ ਉਧਾਲ ਲਈਆਂ ਸਨ, ਉਹ ਮਾਣ ਨਾਲ ਸੀਨਾ ਚੌੜਾ ਕਰ ਕੇ ਆਪਣੀ ਅਖੌਤੀ ਬਹਾਦਰੀ ਦੇ ਕਿੱਸੇ ਸੁਣਾਉਂਦੇ ਹੁੰਦੇ ਸਨ, ਪਰ ਉਨ੍ਹਾਂ ਲੋਕਾਂ ਵੱਲੋਂ ਉਧਾਲੀਆਂ ਹੋਈਆਂ ਔਰਤਾਂ ਨੂੰ ਅਸੀਂ ਕਦੀ ਹੱਸਦੀਆਂ ਜਾਂ ਮੁਸਕਰਾਉਂਦੀਆਂ ਨਹੀਂ ਸੀ ਤੱਕਿਆ। ਓਧਰ ਪਾਕਿਸਤਾਨ ਵਿੱਚ ਰਹਿ ਗਈਆਂ ਸਾਡੀਆਂ ਪੱਲੇ ਵੀ ਇਨ੍ਹਾਂ ਵਿਚਾਰੀਆਂ ਵਰਗਾ ਰੋਣਾ ਹੀ ਪਿਆ ਹੋਵੇਗਾ, ਜਿਸ ਦਾ ਚੇਤਾ ਅੱਜ ਕੋਈ ਨਹੀਂ ਕਰਨਾ ਚਾਹੁੰਦਾ।

ਉਹ ਭਾਰਤ ਦਾ ਕੱਲ੍ਹ ਬਣ ਕੇ ਰਹਿ ਗਿਆ ਹੈ, ਬੀਤਿਆ ਹੋਇਆ ਕੱਲ੍ਹ ਦਾ ਸਮਾਂ। ਅੱਜ ਇਸ ਦੇਸ਼ ਵਿੱਚ ਜਿਨ੍ਹਾਂ ਦੇ ਹੱਥਾਂ ਵਿੱਚ ਰਾਜ-ਭਾਗ ਦੀ ਕਮਾਨ ਹੈ, ਉਹ ਉਨ੍ਹਾਂ ਦਿਨਾਂ ਦੀਆਂ ਕਹਾਣੀਆਂ ਸੁਣ ਕੇ ਜਾਂ ਲੋਕਾਂ ਨੂੰ ਚੇਤੇ ਕਰਵਾ ਕੇ ਆਪਣੇ ਉਸ ਨਿਸ਼ਾਨੇ ਤੋਂ ਨਹੀਂ ਭਟਕਣਾ ਚਾਹੁੰਦੇ, ਜਿਹੜਾ ਵੱਖ-ਵੱਖ ਭਾਈਚਾਰਿਆਂ ਦੇ ਪਾਟਣ ਉੱਤੇ ਨਿਰਭਰ ਹੈ। ਜਿਸ ਦਾ ਕਦੇ ਕੋਈ ਆਪਣਾ ਨਹੀਂ ਮਰਿਆ, ਜਿਸ ਨੂੰ ਕਦੀ ਏਦਾਂ ਦੀ ਪੀੜ ਨਹੀਂ ਜਰਨੀ ਪਈ, ਉਸ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਕਿ ਉਸ ਦੀ ਫਿਰਕੇਦਾਰੀ ਭਾਰਤ ਨੂੰ ਮੁੜ-ਮੁੜ ਖੂਨ-ਰੰਗੇ ਦਿਨਾਂ ਵਿੱਚ ਫਸਾ ਰਹੀ ਹੈ। ਉਹ ਇਸ ਦੀ ਥਾਂ ਦੇਸ਼ ਦੇ ਸਿਖਰਲੇ ਤਖਤ ਉੱਤੇ ਕਬਜ਼ਾ ਕਰਨ ਜਾਂ ਕਰ ਲਿਆ ਹੈ ਤਾਂ ਕਾਇਮ ਰੱਖਣ ਬਾਰੇ ਸੋਚੇਗਾ ਤੇ ਉਹ ਇਹ ਵੀ ਜਾਣਦਾ ਹੈ ਕਿ ਰਾਜ ਮਹਿਲ ਉੱਤੇ ਕਬਜ਼ੇ ਕਰਨ ਦੇ ਲਈ ਪੁਰਾਣੇ ਰਾਜਿਆਂ ਵਾਂਗ ਲਾਸ਼ਾਂ ਦੀ ਪੌੜੀ ਵੀ ਬਣਾਉਣੀ ਪਵੇ ਤਾਂ ਇਸ ਨੂੰ ਗਲਤ ਨਹੀਂ ਸਮਝਣਾ ਚਾਹੀਦਾ। ਰਾਜ-ਸੱਤਾ ਅਫਸੋਸ ਨਹੀਂ ਕਰਦੀ ਹੁੰਦੀ ਤੇ ਰਾਜੇ ਅਫਸੋਸ ਨਹੀਂ ਕਰਦੇ ਹੁੰਦੇ। ਅਫਸੋਸ ਕਰਨ ਲੱਗਣ ਤਾਂ ਰਾਜ-ਕਰਤਿਆਂ ਦੀ ਹਾਲਤ ਉਸ ਮੁਹਾਵਰੇ ਵਰਗੀ ਹੋਵੇਗੀ ਕਿ 'ਘੋੜਾ ਘਾਹ ਨਾਲ ਯਾਰੀ ਪਾ ਲਵੇ ਤਾਂ ਖਾਵੇਗਾ ਕੀ?' ਲੋਕਾਂ ਦਾ ਦਰਦ ਮਹਿਸੂਸ ਕਰਨ ਤਾਂ ਮਹਿਲਾਂ ਦੀਆਂ ਪੌੜੀਆਂ ਕਿਵੇਂ ਚੜ੍ਹਨਗੇ ਲੋਕਤੰਤਰ ਦੇ ਰਾਜੇ?

ਇੱਕ ਬੜਾ ਮਾਣ-ਮੱਤਾ ਸ਼ਾਇਰ ਹੁੰਦਾ ਸੀ ਬਿਸਮਿਲ ਫਰੀਦਕੋਟੀ, ਜਿਹੜਾ ਰਿਕਸ਼ਾ ਚਲਾ ਕੇ ਗੁਜ਼ਾਰਾ ਕਰਦਾ ਵੀ ਆਪਣੇ ਦੇਸ਼ ਅਤੇ ਇਸ ਦੇਸ਼ ਦੇ ਲੋਕਾਂ ਲਈ ਲਿਖਿਆ ਕਰਦਾ ਸੀ। ਜਦੋਂ ਦੇਸ਼ ਦੀ ਆਜ਼ਾਦੀ ਕੁਰਾਹੇ ਪੈਣ ਲੱਗੀ ਅਤੇ ਮਸਾਂ ਕੱਢੇ ਵਿਦੇਸ਼ੀ ਹਾਕਮਾਂ ਦੇ ਬਾਟੀ-ਚੱਟ ਇਸ ਰਾਜ ਵਿੱਚ ਆਗੂ ਬਣਨੇ ਸ਼ੁਰੂ ਹੋ ਗਏ ਤਾਂ ਬਿਸਮਿਲ ਫਰੀਦਕੋਟੀ ਨੇ ਇਸ ਦਾ ਦਰਦ ਮਹਿਸੂਸ ਕੀਤਾ ਅਤੇ ਫਿਰ ਉਸ ਦਰਦ ਨੂੰ ਇਸ ਤਰ੍ਹਾਂ ਬਿਆਨਿਆ ਸੀ:

ਅੰਨ੍ਹੇ ਦਿਆਂ ਨੈਣਾਂ ਵਿੱਚ ਖੁਮਾਰ ਆਇਆ ਏ!
ਗੰਜੀ ਨੂੰ ਵੀ ਕੰਘੀ 'ਤੇ ਪਿਆਰ ਆਇਆ ਏ!
ਵੇਚੇ ਸੀ ਜਿਨ੍ਹਾਂ ਆਪਣੇ ਸ਼ਹੀਦਾਂ ਦੇ ਖੱਫਣ,
ਉਨ੍ਹਾਂ ਦਾ ਵਜ਼ੀਰਾਂ'ਚ ਸ਼ੁਮਾਰ ਆਇਆ ਏ!

ਅੱਜ ਜਦੋਂ ਭਾਰਤ ਦੀ ਆਜ਼ਾਦੀ ਚੁਹੱਤਰ ਸਾਲ ਹੰਢਾ ਕੇ ਪੰਝੱਤਰਵੇਂ ਸਾਲ ਵਿੱਚ ਦਾਖਲ ਹੋਈ ਹੈ, ਆਮ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ, ਜਿਨ੍ਹਾਂ ਨੇ ਇਸ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ ਸਨ। ਜਿਨ੍ਹਾਂ ਨੇ ਅੰਗਰੇਜ਼ ਹਾਕਮਾਂ ਦੇ ਟੋਡੀ ਬਣ ਕੇ ਦੇਸ਼ਭਗਤਾਂ ਦੇ ਖਿਲਾਫ ਗਵਾਹੀਆਂ ਦਿੱਤੀਆਂ ਸਨ, ਉਹ ਵੀ ਦੇਸ਼ ਦੇ ਆਗੂ ਬਣ ਕੇ ਰਾਜ ਕਰਦੇ ਤੇ ਨਾਲ ਦੀ ਨਾਲ ਆਪਣੀ ਉਸ ਕੁਰਬਾਨੀ ਦੀਆਂ ਕਹਾਣੀਆਂ ਪਾਉਂਦੇ ਹਨ, ਜਿਹੜੀ ਕਦੇ ਕੀਤੀ ਹੀ ਨਹੀਂ ਸੀ। ਅਸੀਂ ਸੁਣਿਆ ਸੀ ਕਿ ਇਤਹਾਸ ਬੜਾ ਬੇਰਹਿਮ ਹੁੰਦਾ ਹੈ ਅਤੇ ਉਹ ਹਰ ਕੱਚੇ-ਪਿੱਲੇ ਦਾ ਨਿਬੇੜਾ ਕਰ ਸਕਦਾ ਹੈ, ਪਰ ਸਾਡੇ ਸਮਿਆਂ ਵਿੱਚ ਇਤਹਾਸ ਵੀ ਆਪਣੀ ਮਰਜ਼ੀ ਦਾ ਇਹੋ ਜਿਹਾ ਲਿਖਵਾਇਆ ਅਤੇ ਪੜ੍ਹਾਇਆ ਜਾਣ ਲੱਗਾ ਹੈ, ਜਿਸ ਦਾ ਸਿਰ-ਪੈਰ ਕੋਈ ਨਹੀਂ ਲੱਭਦਾ। ਅਲਿਫ-ਲੈਲਾ ਦੇ ਕਿੱਸਿਆਂ ਵਰਗੀਆਂ ਮਨੋ-ਕਲਪਿਤ ਜਾਂ ਪੁਰਾਣੇ ਗ੍ਰੰਥਾਂ ਵਿਚਲੀਆਂ ਕਹਾਣੀਆਂ ਲੱਭ-ਲੱਭ ਕੇ ਪੜ੍ਹਾਈਆਂ ਜਾ ਰਹੀਆਂ ਹਨ। ਦੇਸ਼ ਦੀ ਆਜ਼ਾਦੀ ਦਾ ਟੀਚਾ ਹਾਸਲ ਕਰਨ ਪਿੱਛੋਂ ਸੰਵਿਧਾਨ ਦੀ ਜਿਹੜੀ ਪਹਿਲੀ ਲਿਖਤ ਪ੍ਰਵਾਨ ਕੀਤੀ ਗਈ, ਉਸ ਵਿੱਚ ਕਿਹਾ ਗਿਆ ਸੀ ਕਿ ਇਸ ਦੇਸ਼ ਦੇ ਲੋਕਾਂ ਦੀ ਵਿਗਿਆਨ ਦੇ ਪੱਖੋਂ ਨਿੱਗਰ ਸੋਚ ਵਿਕਸਤ ਕਰਨ ਲਈ ਸਰਕਾਰ ਯਤਨ ਕਰੇਗੀ। ਅੱਜ ਦੀ ਸਰਕਾਰ ਦੇ ਵਕਤ ਖੁਦ ਪ੍ਰਧਾਨ ਮੰਤਰੀ ਦੇ ਚੋਣ ਹਲਕੇ ਵਿੱਚੋਂ ਇਹ ਖਬਰ ਸੁਣੀ ਜਾ ਚੁੱਕੀ ਹੈ ਕਿ ਓਥੇ ਭੂਤ-ਵਿਦਿਆ ਦੀ ਡਿਗਰੀ ਕਰਵਾਉਣ ਲਈ ਇੱਕ ਕਾਲਜ ਦੇ ਵਿੱਚ ਕੋਰਸ ਸ਼ੁਰੂ ਕੀਤਾ ਜਾਣ ਵਾਲਾ ਹੈ। ਇੱਕੀਵੀਂ ਸਦੀ ਦੇ ਭਾਰਤ ਵਿੱਚ ਲੋਕਾਂ ਨੂੰ ਭੂਤ-ਪ੍ਰੇਤ ਦੀ ਪੜ੍ਹਾਈ ਕਰਾਉਣ ਦਾ ਕੰਮ ਕੀਤਾ ਜਾਵੇਗਾ ਅਤੇ ਭਗਤ ਸਿੰਘ ਤੇ ਸੁਭਾਸ਼ ਚੰਦਰ ਬੋਸ ਤੋਂ ਲੈ ਕੇ ਗਦਰ ਪਾਰਟੀ ਤੱਕ ਵਾਲੇ ਮਹਾਨ ਬਾਬਿਆਂ ਦੀ ਜ਼ਿੰਦਗੀ ਬਾਰੇ ਦੱਸਣ ਦੀ ਥਾਂ ਉਨ੍ਹਾਂ ਲੋਕਾਂ ਦੀ ਤੜਕੇ ਲਾ ਕੇ ਸਵਾਦੀ ਬਣਾਈ ਜੀਵਨੀ ਪੜ੍ਹਾਈ ਜਾਵੇਗੀ, ਜਿਹੜੇ ਅੰਗਰੇਜ਼ੀ ਹਾਕਮਾਂ ਦੇ ਕਾਰਿੰਦੇ ਬਣ-ਬਣ ਕੇ ਆਜ਼ਾਦੀ ਦੀ ਲਹਿਰ ਨੂੰ ਢਾਹ ਲਾਉਣ ਦਾ ਕੰਮ ਕਰਦੇ ਰਹੇ ਸਨ। ਏਦਾਂ ਦੇ ਹਾਲਾਤ ਵਿਚ ਆਜ਼ਾਦੀ ਦੀ ਦੇਵੀ ਜੇ ਇਸ ਦੇਸ਼ ਦੀ ਕਿਸੇ ਨੁੱਕਰ ਵਿੱਚ ਛੁਪੀ ਬੈਠੀ ਹੋਈ ਤਾਂ ਗੋਡਿਆਂ ਵਿੱਚ ਸਿਰ ਦੇ ਕੇ ਹਾਉਕੇ ਲੈਂਦੀ ਹੋਵੇਗੀ। ਹੋਰ ਉਹ ਕਰੇਗੀ ਵੀ ਕੀ, ਜਿਹੜੀ ਨੇਕ ਇੱਛਾ ਨਾਲ ਉਹ ਇਸ ਦੇਸ਼ ਵਿੱਚ ਆਈ ਸੀ, ਉਹ ਇੱਛਾ ਵਾਹਗੇ ਦੀ ਲਕੀਰ ਦੇ ਓਧਰ ਤੇ ਏਧਰ ਲੋਕਾਂ ਦੇ ਤਬਾਦਲੇ ਨੇ ਸ਼ੁਰੂ ਵਿੱਚ ਹੀ ਵਲੂੰਧਰ ਦਿੱਤੀ ਸੀ। ਉਸ ਦੇ ਬਾਅਦ ਜਦੋਂ ਕਦੇ ਜ਼ਖਮਾਂ ਉੱਤੇ ਸਿੱਕੜ ਆਉਣ ਦੀ ਆਸ ਹੁੰਦੀ ਹੈ, ਰਹਿੰਦੀ ਕਸਰ ਕੱਢਣ ਵਾਸਤੇ ਓਦੋਂ ਵਾਲੇ ਕਾਤਲਾਂ ਦੀ ਨਵੀਂ ਪੀੜ੍ਹੀ ਛਵ੍ਹੀਆਂ-ਗੰਡਾਸਿਆਂ ਦੀ ਥਾਂ ਅਜੋਕੇ ਫਿਰਕੂ ਰੂਪ ਵਿੱਚ ਇਹੋ ਜਿਹੇ ਲਲਕਾਰੇ ਮਾਰਦੀ ਸੁਣਦੀ ਹੈ ਕਿ ਆਜ਼ਾਦੀ ਦੀ ਦੇਵੀ ਫਿਰ ਸਹਿਮ ਜਾਂਦੀ ਹੈ।

## ਕੈਨੇਡੀਅਨ ਪੰਜਾਬੀ ਪੋਸਟ CLASSIFIEDS

Award winning news paper | Canadian Punjabi Post

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




WWW.KULWINDERCHHINA.COM
MULTI AWARD WINNER REALTOR
KULWINDERCHHINA BROKER
647.293.2327

Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਲੇਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

### ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

### ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

### ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

### Change Of Name

**I, Gurdip Singh S/o Piara Singh** of Mallian Khurd, Tehsil Nakodar, Distt Jalandhar Punjab, India presently R/o at 66-Dunwell Crescent Ajax Ontario LIT 0A7 Canada have changed my name to **GURDIP SINGH MALHI** for all purposes and all future purposes. All Concerned please note.

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca


WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton


### ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
**ਸੰਪਰਕ**: 647-205-5909, 416-618-3358

### ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।
**ਸੰਪਰਕ**: 647-391-3365




WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।
ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777

416.802.5866

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿੱਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




ਬਰੈਂਪਟਨ ਵਿਚ ਬਹੁਤ ਹੀ ਵਧੀਆ 3000-3500 ਸਕੇਅਰ ਫੁੱਟ ਦਾ ਘਰ। 4+2 ਬੈਡਰੂਮ, ਡਬਲ ਸਟੋਰੀ, 5 ਵਾਸ਼ਰੂਮ, ਮੇਨ ਫਲੋਰ ਪੌਟ ਲਾਈਟਸ, ਫੈਮਿਲੀ ਰੂਮ ਵਿਚ ਫਾਇਰਪਲੇਸ, ਵੱਡਾ ਕਿਚਨ ਲਾਰਜ ਆਈਲੈਂਡ ਦੇ ਨਾਲ, ਆਫਿਸ ਨੁੱਕ, ਵੀਡੀਓ ਸਰਵਿਲਾਂਸ, ਵਾਕ ਆਊਟ ਬਾਲਕੋਨੀ, 6 ਕਾਰ ਪਾਰਕਿੰਗ, ਡਬਲ ਗਰਾਜ, ਲੀਗਲ ਬੇਸਮੈਂਟ 2 ਬੈਡਰੂਮਜ ਤੇ ਵਾਸ਼ਰੂਮ ਅਤੇ ਸੈਪਰੇਟ ਇੰਟ੍ਰੈਂਸ ਦੇ ਨਾਲ। ਸਾਰੀਆਂ ਸਹੂਲਤਾਂ ਦੇ ਨੇੜੇ।

## ਇਸ ਸਤੰਬਰ ਸਕੂਲਾਂ ਲਈ ਸਖ਼ਤ ਹੈਲਥ ਤੇ ਸੇਫਟੀ ਪ੍ਰੋਟੋਕਾਲ ਲਾਗੂ ਕਰੇਗਾ ਟੀ ਡੀ ਐਸ ਬੀ



ਟੋਰਾਂਟੋ, 19 ਅਗਸਤ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਇਸ ਸਕੂਲ ਵਰ੍ਹੇ ਦੌਰਾਨ ਵਿਦਿਆਰਥੀਆਂ ਦਾ ਇਨ-ਪਰਸਨ ਤੌਰ ਉੱਤੇ ਸਵਾਗਤ ਕਰਨ ਲਈ ਤਿਆਰ ਹੈ। 12 ਅਗਸਤ ਤੱਕ ਰਜਿਸਟਰ ਕਰਵਾਉਣ ਵਾਲੇ 86 ਫੀ ਸਦੀ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਇਸ ਸਾਲ ਸਤੰਬਰ ਵਿੱਚ ਜਦੋਂ ਸਕੂਲ ਵਰ੍ਹਾ ਸ਼ੁਰੂ ਹੋਵੇਗਾ ਤਾਂ ਉਹ ਇਨ-ਪਰਸਨ ਕਲਾਸਾਂ ਲਾਉਣੀਆਂ ਚਾਹੁੰਦੇ ਹਨ। ਕਲਾਸਾਂ ਵਿੱਚ ਵਿਦਿਆਰਥੀਆਂ ਦੀ ਸੇਫਟੀ ਯਕੀਨੀ ਬਣਾਉਣ ਲਈ, ਦੇਸ਼ ਦੇ ਸੱਭ ਤੋਂ ਵੱਡੇ ਸਕੂਲ ਬੋਰਡ ਨੇ ਆਪਣੀਆਂ ਹੈਲਥ ਤੇ ਸੇਫਟੀ ਪ੍ਰੋਟੋਕਾਲਜ਼ ਨੂੰ ਅਪਡੇਟ ਵੀ ਕੀਤਾ ਹੈ।

ਇਹ ਨਵੀਆਂ ਪ੍ਰੋਟੋਕਾਲਜ਼ ਉਨ੍ਹਾਂ ਨਾਲੋਂ ਜ਼ਿਆਦਾ ਸਖ਼ਤ ਹੋਣਗੀਆਂ ਜਿਨ੍ਹਾਂ ਦੀ ਪ੍ਰੋਵਿੰਸ ਵੱਲੋਂ ਪਹਿਲਾਂ ਸਿਫਾਰਿਸ਼ ਕੀਤੀ ਗਈ ਸੀ। ਇਨ੍ਹਾਂ ਤਹਿਤ ਐਲੀਮੈਂਟਰੀ ਵਿਦਿਆਰਥੀਆਂ ਨੂੰ ਆਪਣਾ ਲੰਚ ਆਪਣੀਆਂ ਕਲਾਸਾਂ ਵਿੱਚ ਹੀ ਖਾਣਾ ਹੋਵੇਗਾ, ਰਿਸੈੱਸ ਤੇ ਆਊਟਡਰ ਬ੍ਰੇਕਸ ਲਈ ਖਾਸ ਸਮੂਹ ਵਿੱਚ ਹੀ ਰਹਿਣਾ ਹੋਵੇਗਾ। ਅਸੈਂਬਲੀਜ਼ ਅੰਦਰ ਨਹੀਂ ਕੀਤੀਆਂ ਜਾ ਸਕਣਗੀਆਂ ਜਦੋਂ ਤੱਕ ਉਹ ਵਰਚੂਅਲ ਨਹੀਂ ਹੁੰਦੀਆਂ। ਮਿਊਜ਼ਿਕ ਕਲਾਸ ਲਈ, ਵਿਦਿਆਰਥੀਆਂ ਨੂੰ ਗਾਉਣ ਦੀ ਇਜਾਜ਼ਤ ਹੋਵੇਗੀ ਪਰ ਉਨ੍ਹਾਂ ਦੇ ਮਾਸਕ ਲਾਏ ਹੋਣੇ ਚਾਹੀਦੇ ਹਨ।

## ਪਤਨੀ ਨੂੰ ਤਲਾਕ ਦੇ ਸਕਦੇ ਹੋ, ਬੱਚਿਆਂ ਨੂੰ ਨਹੀਂ: ਸੁਪਰੀਮ ਕੋਰਟ

ਨਵੀਂ ਦਿੱਲੀ, 19 ਅਗਸਤ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕੱਲ੍ਹ ਇੱਕ ਵਿਅਕਤੀ ਨੂੰ ਕਿਹਾ ਕਿ ਉਹ ਆਪਣੀ ਪਤਨੀ ਨੂੰ ਤਲਾਕ ਦੇ ਸਕਦਾ ਹੈ, ਪਰ ਆਪਣੇ ਬੱਚਿਆਂ ਨੂੰ ਤਲਾਕ ਨਹੀਂ ਦੇ ਸਕਦਾ। ਇਸ ਦੇ ਨਾਲ ਅਦਾਲਤ ਨੇ ਸਮਝੌਤੇ ਦੇ ਤੌਰ ਉੱਤੇ ਉਸ ਨੂੰ ਚਾਰ ਕਰੋੜ ਰੁਪਏ ਦੇ ਭੁਗਤਾਨ ਦਾ ਹੁਕਮ ਦਿੱਤਾ ਹੈ।

ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 142 ਹੇਠ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਜੋੜੇ ਦੀ ਆਪਸੀ ਸਹਿਮਤੀ ਨਾਲ ਤਲਾਕ ਨੂੰ ਮਨਜ਼ੂਰੀ ਦੇ ਦਿੱਤੀ, ਜਿਹੜੇ 2019 ਤੋਂ ਵੱਖ ਰਹਿ ਰਹੇ ਹਨ। ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਐਮ ਆਰ ਸ਼ਾਹ ਦੇ ਬੈਂਚ ਨੇ ਕਿਹਾ ਕਿ ਜੋੜੇ ਵੱਲੋਂ ਹੋਰਨਾਂ ਸ਼ਰਤਾਂ ਦੀ ਪਾਲਣਾ ਸਮਝੌਤੇ ਮੁਤਾਬਕ ਕੀਤੀ ਜਾਵੇਗੀ। ਕੇਸ ਦੀ ਸੁਣਵਾਈ ਦੌਰਾਨ ਪਤੀ ਦੇ ਵਕੀਲ ਨੇ ਕਿਹਾ ਕਿ ਵਿਚੋਲਗੀ ਪ੍ਰਕਿਰਿਆ ਦੌਰਾਨ ਦੋਵੇਂ ਧਿਰਾਂ ਸਮਝੌਤੇ ਉੱਤੇ ਪਹੁੰਚੀਆਂ ਹਨ, ਪਰ ਪਤੀ ਨੂੰ ਚਾਰ ਕਰੋੜ ਰੁਪਏ ਭੁਗਤਾਨ ਕਰਨ ਲਈ ਕੁਝ ਹੋਰ ਸਮੇਂ ਦੀ ਲੋੜ ਹੋਵੇਗੀ, ਕਿਉਂਕਿ ਮਹਾਮਾਰੀ ਕਾਰਨ ਉਸ ਦੇ ਕਾਰੋਬਾਰ ਨੂੰ ਭਾਰੀ ਨੁਕਸਾਨ ਹੋਇਆ ਹੈ। ਇਸ ਉੱਤੇਕੋਰਟ ਨੇ ਕਿਹਾ, ਸਮਝੌਤੇ ਵਿੱਚ ਤੁਸੀਂ ਖੁਦ ਇਸ ਗੱਲ ਨੂੰ ਸਵੀਕਾਰ ਕੀਤਾ ਹੈ ਕਿ ਜਿਸ ਦਿਨ ਤਲਾਕ ਨੂੰ ਮਨਜ਼ੂਰੀ ਮਿਲੇਗੀ, ਉਸੇ ਦਿਨ ਚਾਰ ਕਰੋੜ ਰੁਪਏ ਦਾ ਭੁਗਤਾਨ ਕਰ ਦਿਓਗੇ, ਅੱਜ ਇਹ ਆਰਥਿਕ ਤੰਗੀ ਦੀ ਦਲੀਲ ਠੀਕ ਨਹੀਂ ਰਹੇਗੀ।

ਅਦਾਲਤ ਨੇ ਅੱਗੇ ਕਿਹਾ ਕਿ ਤੁਸੀਂ ਆਪਣੀ ਪਤਨੀ ਨੂੰ ਤਲਾਕ ਦੇ ਸਕਦੇ ਹੋ, ਬੱਚਿਆਂ ਨੂੰ ਤਲਾਕ ਨਹੀਂ ਦੇ ਸਕਦੇ, ਕਿਉਂਕਿ ਉਨ੍ਹਾਂ ਨੂੰ ਤੁਸੀਂ ਜਨਮ ਦਿੱਤਾ ਹੈ। ਤੁਹਾਨੂੰ ਉਨ੍ਹਾਂ ਦੀ ਦੇਖ-ਭਾਲ ਕਰਨੀ ਪਵੇਗੀ। ਪਤਨੀ ਤੇ ਨਾਬਾਲਗ ਬੱਚਿਆਂ ਦੇ ਗੁਜ਼ਾਰੇ ਲਈ ਤੁਹਾਨੂੰ ਪੈਸੇ ਦੇਣੇ ਪੈਣਗੇ। ਵਰਨਣ ਯੋਗ ਹੈ ਕਿ ਆਮ ਤੌਰ ਉੱਤੇ ਪਤੀ-ਪਤਨੀ ਵਿੱਚ ਤਲਾਕ ਤੋਂ ਬਾਅਦ ਬੱਚਿਆਂ ਉੱਤੇ ਡੂੰਘਾ ਅਸਰ ਪੈਂਦਾ ਹੈ। ਉਨ੍ਹਾਂ ਨੂੰ ਮਾਨਸਿਕ ਤੇ ਸਰੀਰਕ ਪ੍ਰੇਸ਼ਾਨੀਆਂ ਵਿੱਚੋਂ ਲੰਘਣਾ ਪੈਂਦਾ ਹੈ। ਇਸ ਕਾਰਨ ਸੁਪਰੀਮ ਕੋਰਟ ਦੀ ਇਹ ਟਿੱਪਣੀ ਅਹਿਮ ਮੰਨੀ ਜਾ ਸਕਦੀ ਹੈ।

Great Invetsment Opportunity

In The Region of Timminis,ON


8 ACRE OF lAND CAN BE SEVERD IN TWO LOTS OF 4 ACRE

Apartment Building For Sale:

4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative

Sutton Group-Realty Experts
Brokerage*

Jagdish Grewal
Sales Repersentative

Century 21 President Realty Inc.
Brokerage*



